# ਗੁਰਮੱਤਿ ਰਹਿਣੀ

ਲੇਖਕ
ਡਾ. ਕਰਤਾਰ ਸਿੰਘ
(ਸੋਲਨ)

# ਗੁਰਮੱਤਿ ਰਹਿਣੀ

ਲੇਖਕ
**ਡਾਕਟਰ ਕਰਤਾਰ ਸਿੰਘ**
ਸੋਲਨ

*ਪ੍ਰਕਾਸ਼ਕ*
**ਗੁਰਿ ਸੰਗਤਿ**
**ਰਾਹੀਂ : ਬਲਜੀਤ ਸਿੰਘ**
**ੴ ਸਤਿਸੰਗ**
**1119, ਫੇਜ਼-1, ਅਰਬਨ ਅਸਟੇਟ, ਜਲੰਧਰ-144022**
E-mail : ikoankarsatsang@rediffmail.com
Website : www.ikoankarsatsang.com

| | | |
|---|---|---|
| ਮੁੱਲ | : | ''ਵੀਚਾਰ'' |
| ਮੰਤਵ | : | ''ਪਰਚਾਰ'' |



## ਸਚਖੰਡ ਵਾਸੀ ਡਾ: ਕਰਤਾਰ ਸਿੰਘ
**(15-6-1903 ਤੋਂ 30-3-1980)**

ਗੁਰਦੇਵ ਪਿਤਾ ਦਾ ਬਖਿਸ਼ਆ ਉਹ ਸਰੀਰਕ ਜਾਮਾ ਜਿਸ ਵਿਚ ਆਪ ਸ਼ਬਦ ਗੁਰੂ ਦਾ ਰਸ ਮਾਣਦੇ ਤੇ ਸੰਗਤਾਂ ਨੂੰ ਬਾਣੀ ਗੁਰੂ ਨਾਲ ਜੋੜ ਨਿਹਾਲ ਕਰਦੇ ਰਹੇ।

ੴ ਸਤਿਗੁਰ ਪ੍ਰਸਾਦਿ॥

# ਦੋ ਸ਼ਬਦ

ਸਿੱਖ ਧਰਮ ਵਿਗਿਆਨਕ, ਮਨੋਵਿਗਿਆਨਕ, ਦਾਰਸ਼ਨਿਕ, ਬੌਧਿਕ, ਸਦਾਚਾਰਕ ਤੇ ਵਿਵਹਾਰਕ ਪਹਿਲੂਆਂ ਤੋਂ ਪੂਰਾ ਉਤਰਨ ਵਾਲਾ ਯਥਾਰਥਵਾਦੀ ਧਰਮ ਹੈ। ਇਹ ਪ੍ਰੇਮਾ ਭਗਤੀ ਵਾਲਾ ਮੱਤ ਹੈ ਤੇ ਇਸ ਨਾਲ "**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥** *(ਪੰਨਾ 522)* ਵਾਲੇ ਲਕਸ਼ ਕੀ ਪੂਰਤੀ ਹੁੰਦੀ ਹੈ। ਇਸ ਮਾਰਗ ਤੇ ਤੁਰਨ ਲਈ ਜਪ, ਤਪ, ਹਠ, ਪੁੰਨ, ਦਾਨ ਆਦਿ ਫੋਕੇ ਕਰਮ ਕਾਂਡਾਂ ਦੀ ਉੱਕਾ ਹੀ ਲੋੜ ਨਹੀਂ, ਸਗੋਂ ਬਿਨਾਂ ਕਿਸੇ ਜਾਤ, ਪਾਤ, ਨਸਲ, ਰੰਗ, ਊਚ-ਨੀਚ ਦੇ ਭੇਦ ਭਾਵ ਤੋਂ ਇਕ ਪਿਤਾ ਦੀ ਸੰਤਾਨ ਵਾਂਗ ਰਹਿਣ ਦਾ ਉਪਦੇਸ਼ ਦ੍ਰਿੜ ਕਰਨਾ ਹੈ। ਗੁਰਬਾਣੀ ਦੀ ਕਮਾਈ ਕਰਨੀ ਹੈ ਅਤੇ ਸੱਚੇ ਸੰਤ ਸਿਪਾਹੀ ਬਣਨਾ ਹੈ।

ਹੱਥਲੀਆਂ ਚਿੱਠੀਆਂ ਦੇ ਲੇਖਕ ਗੁਰਪੁਰਵਾਸੀ ਡਾ. ਕਰਤਾਰ ਸਿੰਘ ਜੀ, ਗੁਰਮੱਤਿ ਦੇ ਖੋਜੀ, ਅਨੁਭਵੀ ਵਿਦਵਾਨ ਤੇ ਨਾਮ-ਬਾਣੀ ਦੇ ਰਸੀਏ-ਇਕ ਪ੍ਰਤਿਭਾਸ਼ਾਲੀ ਵਿਅਕਤਿੱਤਵ ਦੇ ਮਾਲਕ ਸਨ। ਜਿੱਥੇ ਉਹ ਸਰੀਰਕ ਬੀਮਾਰੀਆਂ ਦੇ ਡਾਕਟਰ ਸਨ, ਉੱਥੇ ਉਹ ਪਰਮਾਰਥ ਦੇ ਵੀ ਵੱਡੇ ਵੈਦ ਸਨ। ਉਹਨਾਂ ਨੇ 30 ਸਾਲ ਤੋਂ ਵੀ ਜ਼ਿਆਦਾ ਸਮਾਂ ਗੁਰਮੱਤਿ ਦੇ ਸਿਧਾਂਤਾਂ ਦਾ ਪ੍ਰਚਾਰ ਦੇਸ਼ ਤੇ ਵਿਦੇਸ਼ ਕਰਦੇ ਹੋਏ ਪੰਥ ਦੀ ਨਿੱਗਰ, ਸ਼ਲਾਘਾਯੋਗ ਅਤੇ ਨਿਸ਼ਕਾਮ ਸੇਵਾ ਕੀਤੀ। ਆਵਾਜਾਈ ਦਾ ਖਰਚਾ ਵੀ ਆਪ ਕਰਦੇ, ਨਾ ਕੋਈ ਭੇਟਾਂ ਲੈਂਦੇ ਅਤੇ ਅੰਤ ਚੜ੍ਹਾਈ ਸਮੇ ਤੱਕ ਵੀ ਸੰਗਤਾਂ ਨੂੰ ਨਾਮ ਜਪਾਉਂਦੇ 30.3.80 ਨੂੰ ਗੁਰਪੁਰੀ ਸਿਧਾਰ ਗਏ। ਉਹਨਾਂ ਦੀ ਆਯੂ ਲੱਗਭੱਗ 75 ਸਾਲ ਦੀ ਸੀ। ਇਹ ਚਿੱਠੀਆਂ ਉਹਨਾਂ ਨੇ ਗੁਰਮੱਤਿ ਪ੍ਰੇਮੀਆਂ ਨੂੰ ਸੁੱਤੇ ਸਿੱਧ ਉਹਨਾਂ ਦੀ ਸੱਮਸਿਆ ਅਨੁਸਾਰ ਲਿਖੀਆਂ ਸਨ, ਪਰ ਹੁਣ ਇਹਨਾਂ ਚਿੱਠੀਆਂ ਨੂੰ Reference ਦੀ ਸਹੂਲਤ ਨੂੰ ਮੁੱਖ ਰੱਖਦਿਆਂ ਪਰਕਰਣ ਅਨੁਸਾਰ, ਤਰਤੀਬ ਦੇ ਦਿੱਤੀ ਗਈ ਹੈ। ਮੁੱਖ ਪਰਕਰਣ ਹਨ- (1) ਆਤਮਿਕ ਉੱਨਤੀ (2) ਆਤਮਿਕ ਉੱਨਤੀ ਵਾਸਤੇ ਪਰਹੇਜ਼ (3) ਸਤਿਸੰਗ ਦੀ ਜ਼ਰੂਰਤ (4) ਦੁਨਿਆਵੀ ਧੰਦੇ (5) ਮਾਨਸਿਕ ਅਵਸਥਾ (6) ਗੁਰਮੱਤਿ ਸਿਧਾਂਤ।

**ਪਰਥਾਇ ਸਾਖੀ ਮਹਾ ਪੁਰਖ ਬੋਲਦੇ**
**ਸਾਝੀ ਸਗਲ ਜਹਾਨੈ ॥** *(ਪੰਨਾ ੬੪੭)*

ਗੁਰਵਾਕ ਅਨੁਸਾਰ ਕਿਸੇ ਗੁਰਮੁਖਿ ਦਾ ਕਿਸੇ ਜਗਿਆਸੂ ਨੂੰ ਦਿੱਤਾ ਹੋਇਆ ਸੁਝਾਵ ਜਾਂ ਉਪਦੇਸ਼ ਸਦਾ ਲਈ ਸਾਰੇ ਜਹਾਨ ਵਾਸਤੇ ਹੋਇਆ ਕਰਦਾ ਹੈ। ਇਸ ਲਈ ਇਹਨਾਂ ਚਿੱਠੀਆਂ ਨੂੰ ਪੜ੍ਹ ਕੇ ਆਪ ਜੀ ਨੂੰ ਜ਼ਰੂਰ ਸਹੀ ਪਰਮਾਰਥਕ ਸੇਧ ਮਿਲੇਗੀ, ਕਿਉਂਕਿ ਡਾ: ਸਾਹਿਬ ਨੇ ਤਕਰੀਬਨ ਹਰ ਚਿੱਠੀ ਅੰਦਰ ਗੁਰਬਾਣੀ ਦਾ ਹਵਾਲਾ ਨਾਲ-ਨਾਲ ਜ਼ਰੂਰ ਦਿੱਤਾ ਹੈ। ਉਹ ਗੁਰਮੱਤਿ ਦੇ ਸਿਧਾਂਤਾਂ ਦੇ ਇਤਨੇ ਪੱਕੇ ਸਨ ਕਿ ਅਕਸਰ ਕਿਹਾ ਕਰਦੇ ਸਨ ਕਿ ''ਜਿਸ ਵਿਅਕਤੀ ਦੀ ਕਹਿਣੀ ਜਾਂ ਉਪਦੇਸ਼ ਪਿੱਛੇ ਗੁਰਬਾਣੀ ਦਾ ਪ੍ਰਮਾਣ ਨਾ ਹੋਵੇ, ਉਸ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਦਿਓ।'' ਕਿਉਂਕਿ ਉਹ ਆਪ 33 ਸਾਲ ਪਖੰਡੀਆਂ ਅਤੇ ਦੇਹਧਾਰੀ ਗੁਰੂਆਂ ਦੇ ਅੱਡੇ ਤੇ ਚੜ੍ਹੇ ਰਹੇ। ਇਸ ਕਰਕੇ ਪਾਖੰਡੀ, ਭੇਖੀ ਤੇ ਦੰਭੀ ਗੁਰੂਆਂ ਦੇ ਭਰਮ ਜਾਲ ਵਿਚੋਂ ਬਚਾਉਣ ਵਾਸਤੇ ਸੰਗਤਾਂ ਨੂੰ ਹਮੇਸ਼ਾ ਸੁਚੇਤ ਕਰਦੇ ਰਹੇ ਅਤੇ ਕਹਿੰਦੇ ਸਨ ''ਕਿਸੇ ਵੀ ਵਿਅਕਤੀ, ਬਮਏ ਮੇਰੇ, ਹੇਠਾਂ ਆਪਣੀ ਸੁਰਤਿ ਦਬੇਲ ਨਹੀਂ ਕਰਨੀ। ਕੇਵਲ ਗੁਰਬਾਣੀ ਨੂੰ ਹੀ ਮੁੱਖ ਰੱਖਣਾ ਹੈ।'' ਇਹ ਗੱਲ ਕਈ ਚਿੱਠੀਆਂ ਵਿਚ ਵੀ ਲਿਖੀ ਹੋਈ ਹੈ।

ਜਿੱਥੇ ਪਾਠ ਅਰਥ ਤੇ ਵਿਚਾਰ ਸਹਿਤ ਕਰਨ ਤੇ ਜ਼ੋਰ ਦਿੰਦੇ ਸਨ, ਉੱਥੇ ਡਾ: ਸਾਹਿਬ ਬਾਣੀ ਅਨੁਸਾਰ ਜੀਵਨ ਢਾਲਣ ਤੇ ਬਹੁਤ ਹੀ ਜ਼ੋਰ ਦਿੰਦੇ ਸਨ। ਯਥਾ :-

**ਜਹ ਕਰਣੀ ਤਹ ਪੂਰੀ ਮਤਿ ॥**
**ਕਰਣੀ ਬਾਝਹੁ ਘਟੇ ਘਟਿ ॥** *(ਪੰਨਾ ੨੫)*

**ਗਾਇ ਸੁਨੇ ਆਖੈ ਮੀਚੇ ਪਾਈਐ ਨ ਪਰਮ ਪਦੁ**
**ਗੁਰ ਉਪਦੇਸ਼ ਗਹਿ ਜੌ ਲੌ ਨ ਕਮਾਈਐ ॥**

*(ਭਾ: ਗੁਰਦਾਸ ਜੀ ਕਬਿੱਤ, ਸਵੱਯੇ)*

ਗੁਰਵਾਕ ਅਨੁਸਾਰ ਮਨੁੱਖ ਦੇ ਅੰਦਰ ਸਦਾ ਦੀ ਚੜ੍ਹਦੀ ਕਲਾ, ਪਰਮ-ਪਦੁ ਦੀ ਪ੍ਰਾਪਤੀ ਤਦ ਹੀ ਹੋਵੇਗੀ ਜਦੋਂ ਉਹ ਗੁਰ ਉਪਦੇਸ਼ ਨੂੰ ਜੀਵਨ ਵਿਚ ਘਟਾਏਗਾ। ਇਸ ਦੇ ਪਰਥਾਇ ਡਾ: ਸਾਹਿਬ ਇਕ ਨਿੱਜੀ ਵਾਰਤਾ ਸੁਣਾਉਂਦੇ ਹੁੰਦੇ ਸਨ ਕਿ ਇਕੇਰਾਂ ਉਹਨਾਂ ਦੇ ਮਨ ਵਿਚ ਇਹ ਰੀਝ ਪੈਦਾ ਹੋਈ ਕਿ ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਜੇ ਉਹਨਾਂ ਨੂੰ ਪ੍ਰਤੱਖ ਦੇਹ ਵਿਚ ਦਰਸ਼ਨ ਦੇਣ ਤਾਂ ਉਹ ਉਨ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਤੇ ਨਾਮ ਦੀ ਦਾਤ ਵਾਸਤੇ ਬੇਨਤੀ ਕਰਨ। ਦੂਜੇ ਹੀ ਦਿਨ ਮ: 1 ਦਾ ਵਾਕ ਆ ਗਿਆ ਕਿ

**ਸੋ ਜਨੁ ਐਸਾ ਮੈ ਮਨਿ ਭਾਵੈ ॥**
**ਆਪੁ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥** *(ਪੰਨਾ ੧੧੨੬)*

ਡਾ: ਸਾਹਿਬ ਕਹਿੰਦੇ ਸਨ ਕਿ ਉਹਨਾਂ ਨੇ ਇਹ ਹੁਕਮ ਪੜ੍ਹ ਕਰ ਆਪਣੇ ਅੰਦਰ ਝਾਤੀ ਮਾਰੀ ਤੇ ਕੰਬ ਗਏ। ਬੜੀ ਦੇਰ ਰੋਂਦੇ ਰਹੇ ਅਤੇ ਆਪਣੇ ਮਨ ਨੂੰ ਲਾਹਨਤਾਂ ਪਾਉਣ ਕਿ ਤੂੰ ਕਿਸ ਬਲਬੋਤੇ ਤੇ ਕਿਸ ਮੂੰਹ ਨਾਲ ਗੁਰੂ ਦੀਆਂ ਖੁਸ਼ੀਆਂ ਮੰਗਦਾ ਹੈ ? ਸੋ ਹੇ ਮੂਰਖ ਮਨਾ, ਪਹਿਲਾਂ ਆਪਣੀ ਹਉਮੈ ਮਾਰ, ਦੂਜਾ ਪਰਮੇਸ਼ਰ ਦੇ ਪਿਆਰ ਵਿਚ ਰੰਗਿਆ ਜਾ ਅਤੇ ਤੀਜਾ ਗੁਰੂ ਦੀ ਦੱਸੀ ਕਾਰ ਕਮਾ (ਚਿੱਠੀ ਮਿਤੀ 25.10.79, ਪੰਨਾ 39)। ਇਸ ਕਰਕੇ ਡਾ: ਕਰਤਾਰ ਸਿੰਘ ਜੀ ਇਕ ਜੀਵਨ ਵਾਲੇ ਪ੍ਰਚਾਰਕ ਸਨ ਅਤੇ ਉਹਨਾਂ ਨੇ :-

**ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥**
**ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ ॥** *(ਪੰਨਾ ੩੮੧)*

ਵਾਲੇ ਗੁਰਵਾਕ ਤੇ ਚੰਗੀ ਤਰ੍ਹਾਂ ਪਹਿਰਾ ਦਿੱਤਾ। ਜਿਹੜੇ ਸੱਜਣ ਡਾ: ਸਾਹਿਬ ਦੇ ਨਜ਼ਦੀਕ ਗਏ ਉਹਨਾਂ ਨੂੰ ਡਾ: ਸਾਹਿਬ ਜੀ ਦੀ ਕਰਣੀ ਤੇ ਕਹਿਣੀ ਵਿਚ ਕੋਈ ਅੰਤਰ ਨਹੀਂ ਲੱਭਿਆ।

ਡਾ: ਕਰਤਾਰ ਸਿੰਘ ਜੀ ਗੁਰਮੱਤਿ ਦਾ ਪ੍ਰਚਾਰ ਬੜੇ ਨਿਡਰ ਹੋ ਕੇ ਕਰਦੇ ਸਨ। ਕਿਸੇ ਮਨਮਤੀਏ ਤੋਂ, ਪਾਖੰਡੀ ਤੋ ਜ਼ਰਾ ਵੀ ਨਹੀਂ ਸਨ ਜਰਕਦੇ। ਡਾ: ਸਾਹਿਬ 75 ਸਾਲ ਦੀ ਬਿਰਧ ਅਵਸਥਾ ਵਿਚ ਵੀ ਇਤਨੇ ਗੱਜ ਕੇ ਤੇ ਉਤਸ਼ਾਹ ਨਾਲ ਵਖਿਆਨ ਕਰਦੇ ਸਨ ਕਿ ਲਾਊਡ ਸਪੀਕਰ ਦੀ ਕੋਈ ਜ਼ਰੂਰਤ ਨਹੀਂ ਸੀ ਰਹਿੰਦੀ। ਜਿਹਨਾਂ ਵਡਭਾਗੀਆਂ ਨੇ ਡਾ: ਸਾਹਿਬ ਨੂੰ ਸਰਵਣ ਕੀਤਾ ਉਹਨਾਂ ਨੇ ਇਹ ਜ਼ਰੂਰ ਮਹਿਸੂਸ ਕੀਤਾ ਹੋਵੇਗਾ ਕਿ :-

**ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾ ਅੰਤਰਿ ਸੁਰਤਿ ਗਿਆਨੁ ॥** *(ਪੰਨਾ ੧੪੧੮)*

ਲਗਾਤਾਰ ਢਾਈ-ਤਿੰਨ ਘੰਟਿਆਂ ਬੱਧੀ ਉਹ ਸੰਗਤਾਂ ਨੂੰ ਕੀਰਤਨ ਦਵਾਰਾ ਨਾਮ ਸਿਮਰਨ ਨਾਲ ਜੋੜਦੇ। ਕੀਰਤਨ ਕਰਦਿਆਂ ਸ੍ਰੋਤਿਆਂ ਨੂੰ ਹਮੇਸ਼ਾ ਔਖੇ ਪਦਾ ਦਾ ਅਰਥ ਨਾਲ-ਨਾਲ ਦੱਸਦੇ ਸਨ ਤਾਂ ਜੋ ਸ਼ਬਦ-ਸੁਰਤਿ ਦਾ ਮੇਲ ਹੋ ਸਕੇ। ਕਿਉਂਕਿ ਉਹ ਅਕਸਰ ਕਹਿੰਦੇ ਸਨ ਕਿ ਬਗੈਰ ਅਰਥਾਂ ਦੇ ਪਾਠ ਜਾਂ ਕੀਰਤਨ ਸਿਰਫ ਤੋਤਾ ਰਟਨ ਹੁੰਦੀ ਹੈ। ਇਹ ਕਹਿਣਾ ਪਵੇਗਾ ਕਿ ਡਾ: ਕਰਤਾਰ ਸਿੰਘ ਜੀ ਨੇ ਗੁਰਮੱਤਿ ਖੋਜੀਆਂ, ਪ੍ਰੇਮੀਆਂ ਤੇ ਪ੍ਰਚਾਰਕਾਂ ਨੂੰ ਇਕ ਉਤਸਾਹ ਜਨਕ ਅਤੇ ਸੱਚੀ ਸੇਧ ਦਿੱਤੀ।

ੴ ਸਤਿਸੰਗ
ਜਲੰਧਰ

# ਤਤਕਰਾ


| ਨੰ : | ਵਿਸ਼ਾ | ਪੰਨਾ |
|---|---|---|
| 1. | ਆਤਮਿਕ ਉੱਨਤੀ | 9 |
| 2. | ਆਤਮਿਕ ਉੱਨਤੀ ਵਾਸਤੇ ਪਰਹੇਜ਼ | 50 |
| 3. | ਸਤਿਸੰਗ ਦੀ ਜਰੂਰਤ | 61 |
| 4. | ਦੁਨਿਆਵੀ ਧੰਦੇ | 84 |
| 5. | ਮਾਨਸਿਕ ਅਵਸਥਾ | 111 |
| 6. | ਗੁਰਮੱਤਿ ਸਿਧਾਂਤ | 125 |

# (1)
# ਆਤਮਿਕ ਉੱਨਤੀ

ੴ ਸਤਿਗੁਰ ਪ੍ਰਸਾਦਿ ।। ਧੌਲਪੁਰ (ਰਾਜਸਥਾਨ) : **11.4.66**

ਆਪ ਦਾ ਇਹ ਧਰਮ ਹੈ ਕਿ ਆਪ ਗੁਰੂ ਨਾਨਕ ਦੇਵ ਜੀ ਦੇ ਹੁਕਮ ਅਨੁਸਾਰ ਜੀਵਨ ਬਣਾਉਣ ਦਾ ਉਪਰਾਲਾ ਕਰਦੇ ਰਹੋ। ਪੂਰੀ-ਪੂਰੀ ਨੇਕ ਨੀਤੀ ਨਾਲ ਹੁਕਮ ਤੇ ਤੁਰਨ ਵੱਲ ਰੁਚੀ ਰੱਖੋ। ਆਪਣੀ ਵਿਆਹੀ ਇਸਤ੍ਰੀ ਨਾਲ ਸੰਜੋਗ ਕਰਨਾ, ਗੁਰਮੱਤਿ ਖੰਡਨ ਨਹੀਂ ਕਰਦੀ। ਇਹ ਕਰਨਾ ਗ੍ਰਿਹਸਤ ਧਰਮ ਦਾ ਪਾਲਨ ਹੈ, ਪਰ ਇਸ ਤੋ ਇਤ੍ਰਿਕਤ ਪਰ-ਨਾਰੀ ਦੀ ਸੇਜਾ ਭੁੱਲ ਕਰ ਵੀ ਨਹੀਂ ਜਾਣਾ। ਇਸ ਤੋਂ ਬਚਣ ਲਈ ਅਰਦਾਸ ਵਾਲੇ ਸ਼ਬਦ ਹਨ। ਜੇ ਆਪ ਜੀ ਦੀ ਰੁਚੀ ਪਰ-ਤ੍ਰਿਆ ਰੂਪ ਨੂੰ ਵੇਖ ਕੇ ਵਿਗੜਦੀ ਹੋਵੇ ਤਾਂ ਝੱਟ ਸ਼ਬਦ ਦੀ ਅਰਾਧਨਾ ਸਾਧਨ ਹੈ। ਆਪ ਜੀ ਗੁਰਬਾਣੀ ਦਾ ਕੀਰਤਨ ਜ਼ਿਆਦਾ ਕਰਿਆ ਕਰੋ। ਗੁਰਬਾਣੀ ਦਾ ਕੀਰਤਨ ਇਹ ਗਾਰੰਟੀ ਦੇਦਾ ਹੈ।

**ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥**
**ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥** *(ਪੰਨਾ ੧੩੦੦)*

ਗੁਰਬਾਣੀ ਦਾ ਪਾਠ, ਕੀਰਤਨ, ਵੀਚਾਰ ਨਾਮ ਸਿਮਰਨ ਹੀ ਹੈ। ਗੁਰਬਾਣੀ ਤੇ ਨਾਮ ਇਕ ਹੈ। ਨਾਮ ਤੋ ਗੁਰਬਾਣੀ ਆਈ ਹੈ ਤੇ ਨਾਮ ਸਰੂਪ ਹੈ। ਕੋਈ ਭਿੰਨ ਭੇਦ ਨਹੀਂ। ਹੁਕਮ ਤੇ ਹੁਕਮੀ ਇਕ ਹਨ, ਤਾਂ ਤੇ ਇਹ ਖਿਆਲ ਕਿ ਬਾਣੀ ਤੇ ਨਾਮ ਦੋ ਵੱਖਰੀਆਂ ਸ਼ੈਆਂ ਹਨ, ਗੁਰਮੱਤਿ ਨਹੀਂ।

**"ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ"** *(ਪੰਨਾ ੩੦੪)* ਜੇ ਸਿਮਰਨ ਵਿਚ ਉਥਾਨਕਾ ਹੁੰਦੀ ਹੈ ਤਾਂ ਬਾਣੀ ਦਾ ਪਾਠ, ਕੀਰਤਨ ਤੇ ਵਿਚਾਰ ਕਰੋ। ਇਹ ਵੀ ਪੂਰਾ ਨਾਮ ਸਿਮਰਨ ਹੈ। ਹੱਠ ਵਿਚ ਨਾ ਆਉਣਾ, ਜਿੰਨੀ ਸਿਹਤ ਇਜਾਜ਼ਤ ਦੇਵੇ, ਉਨਾ ਭਜਨ ਕਰਨਾ ਹੈ। ਭਾਵੇਂ ਕਿਸੇ ਸਮੇਂ ਕਰੋ-ਦਿਨ ਹੋਵੇ, ਰਾਤ ਹੋਵੇ-ਪਰ ਸਮਾਂ ਵੱਧ ਤੋਂ ਵੱਧ ਵਿਤ ਅਨੁਸਾਰ ਜ਼ਰੂਰ ਹੋਣਾ ਚਾਹੀਦਾ ਹੈ। ਦਫਤਰ ਵਿਚ ਵਿਹਲੇ ਸਮੇ ਗੁਰਬਾਣੀ ਦਾ ਸ਼ਬਦ ਪੜ੍ਹਦੇ ਰਹਿਣਾ ਚਾਹੀਦਾ ਹੈ। ਸ਼ਬਦ ਦੇ ਅਰਥ-ਭਾਵ ਵਿਚ ਮਨ ਤੁਰੰਤ ਟਿਕ ਜਾਂਦਾ ਹੈ।

ਕਾਹਲੇ ਨਹੀਂ ਪੈਣਾ। ਅੰਤਰ ਆਤਮੇ ਨਾਮ ਦਾ ਨਿਵਾਸ ਹੁਣ ਦੂਰ ਨਹੀਂ। 'ਬਾਣੀ ਤੇ ਨਾਮ ਦੋ ਵੱਖਰੀਆਂ ਸ਼ੈਆਂ ਹਨ' ਦਾ ਭਰਮ ਦੂਰ ਕਰ ਦੇਵੋ। ਇਹ ਇਕ ਹਨ। ਬਾਣੀ ਦੇ ਕੀਰਤਨ ਵਿਚ ਆਪ ਜੀ ਦੀ ਬ੍ਰਿਤੀ ਛੇਤੀ ਪੱਕੇਗੀ।

ਦਾਸ ਵਲੋਂ ਸ਼ੁਭ ਅਸੀਸ ਤੇ ਪਿਆਰ। ਗੁਰੂ ਅੰਗ ਸੰਗ ਰਹੇ ਤੇ ਨਾਮ ਸਦਾ ਚਿਤ ਆਉਂਦਾ ਰਹੇ।

+ + +

ੴ ਸਤਿਗੁਰ ਪ੍ਰਸਾਦਿ।। ਧੌਲਪੁਰ (ਰਾਜਸਥਾਨ) : **10.11.66**

ਢਿਲ ਵਰਤਨ ਨਾਲ, ਮਨ ਹੋਰ ਜ਼ਿਆਦਾ, ਅਵੇਸਲਾ ਬਣ ਜਾਂਦਾ ਹੈ। ਤਾਂ ਤੇ ਕਮਰਕੱਸਾ ਕਰਕੇ ਨਾਮ ਬਾਣੀ ਦਾ ਅਭਿਆਸ ਕਰਨਾ ਚਾਹੀਦਾ ਹੈ। ਜਿਸ ਖੁਸ਼ੀ ਤੇ ਖੇੜੇ ਨੂੰ ਹੁਣ ਮਾਣ ਰਹੇ ਹੋ ਤਾਂ ਤੇ ਇਸ ਦੀ duration ਇਕ ਰਸ ਹੋ ਜਾਏ ਤੇ ਸਦਾ ਹੀ ਆਨੰਦ ਮਈ ਸਹਿਜ ਅਵਸਥਾ ਦੀ ਗੋਦੀ ਵਿਚ ਖੇਡੋ। ਰਾਹ ਇਹ ਹੀ ਹੈ। ਇਸ ਨੂੰ ਕਦੇ ਵੀ ਨਹੀਂ ਛੱਡਣਾ। ਗੁਰੂ ਪਾਤਸ਼ਾਹ ਤੁਹਾਡੇ ਅੰਗ ਸੰਗ ਹੀ ਹੈ। ਸਦਾ ਹਜ਼ੂਰੀ ਵਿਚ ਰਹੋ ਤੇ ਗੁਰੂ ਪਾਤਸ਼ਾਹ ਦੀਆਂ ਖਸ਼ੀਆਂ ਦੇ ਪਾਤਰ ਬਣੇ ਰਹੋ।

ਸ਼ੁਭ ਅਸੀਸਾਂ ਤੇ ਪਿਆਰ ਸਹਿਤ

ਸਦਾ ਨਾਮ ਦੀ ਝੋਲੀ ਵਿਚ ਖੇਡੋ।

+ + +

ੴ ਸਤਿਗੁਰ ਪ੍ਰਸਾਦਿ।। ਧੌਲਪੁਰ (ਰਾਜਸਥਾਨ) : **11.11.68**

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥** *(ਪੰਨਾ ੨੨੪)*

ਤਾਂ ਤੇ :-

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**

**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥** *(ਪੰਨਾ ੨੫੭)*

ਭਵਿੱਖ ਉੱਜਲ ਹੈ। ਮਹਾਰਾਜ ਜੀ ਦੀ ਮੇਹਰ ਹੋਸੀ। ਸਾਵਧਾਨਤਾ ਤੇ ਸਿਦਕ ਦੀ ਲੋੜ ਹੈ।

+ + +

ੴ ਸਤਿਗੁਰ ਪ੍ਰਸਾਦਿ।। ਬਾੜੀ ਧੌਲਪੁਰ (ਰਾਜਸਥਾਨ)

ਪ੍ਰੇਮਪਾਤੀ ਪੁਜੀ। ਜੋ ਹੁਕਮ ਹੈ ਸੋ ਲਿਖਤ ਹੈ :-

**ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥** *(ਪੰਨਾ ੧੨੧੯)*

ਇਸ ਵਿਚ ਹੁਣ ਕੀ ਵਾਧਾ ਕਰਾਂ। ਆਪ ਜੀ ਦੇ ਬੰਧਨ ਕਟੇ ਗਏ ਹਨ। ਗੁਰੂ ਨਿਰੰਕਾਰ ਜੀ ਦੀ ਮਿਹਰ ਹੈ। ਬਖਸ਼ਿਸ਼ ਹੋ ਗਈ ਹੈ। ਹੁਣ ਇਸ ਬਖਸ਼ਿਸ਼ ਨੂੰ ਸੰਭਾਲ ਕਰ ਰੱਖਣਾ ਜੀ। ਇਸ ਹੁਕਮ ਦੇ ਉੱਤੇ ਵੀ ਮਨ ਨੇ ਦੁਲੱਤੀਆਂ ਮਾਰਨੀਆਂ ਹਨ। ਸਾਵਧਾਨਤਾ ਤੋਂ ਕੰਮ ਲੈਣਾ ਜੀ। ਬੰਧਨ ਕੱਟੇ ਗਏ ! ਬੰਧਨ ਕੱਟੇ ਗਏ !! ਵਿਛੜੀ ਰੂਹ ਮਿਲ ਗਈ ! ਵਿਛੜੀ ਰੂਹ ਮਿਲ ਗਈ !!

ਧੰਨ ਗੁਰੂ ਨਾਨਕ ਦੇਵ ਪਾਤਸ਼ਾਹ ਜੀ ! ਧੰਨ ਧੰਨ ਹੋ !!

ਹਾਂ ਜੀ :-

**ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥**

*(ਪੰਨਾ ੧੨੧੯)*

ਵਧਾਈਆ ਹੋਣ ! ਵਧਾਈਆਂ ਹੋਣ !! ਦਿਲ ਗਦ ਗਦ ਹੈ, ਹੋਰ ਲਿਖ ਨਹੀਂ ਸਕਦਾ।

ਨਾਮ ਬਾਣੀ ਨਾਲ ਸਦਾ ਬਣ ਆਵੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬਾੜੀ ਧੌਲਪੁਰ (ਰਾਜਸਥਾਨ) : **1.4.69**

**ਜਨ ਨਾਨਕ ਕਉ ਗੁਰਿ ਕਿਰਪਾ ਧਾਰੀ ਪ੍ਰਭਿ ਹਾਥ ਦੇਇ ਨਿਸਤਾਰੇ ॥**

*(ਪੰਨਾ ੭੩੮)*

ਉਤਲਾ ਹੁਕਮ ਦਰਗਾਹੀ ਹੈ। ਆਪ ਤੇ ਬਖਸ਼ਿਸ਼ ਹੈ। ਪੂਰੀ ਮਿਹਰ ਦੀ ਨਦਰ ਹੈ। ਆਪ ਜੀ ਨੂੰ ਤਾਂ ਗੁਰੂ ਸਾਹਿਬ ਨੇ ਖੁਸ਼ੀਆਂ ਬਖਸ਼ ਦਿੱਤੀਆਂ ਹਨ। ਇਹ ਤੁਕ ਆਪ ਤੇ ਘਟਦੀ ਹੈ, **ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥** *(ਪੰਨਾ ੧੨੧੯)* ਸ਼ੁਕਰ ਹੈ, ਲਖ ਲਖ ਸ਼ੁਕਰ ਹੈ। ਮਨ ਫਿਰ ਵੀ ਦੁਲੱਤੀਆਂ ਮਾਰਦਾ ਰਹਿੰਦਾ ਹੈ, ਤਾਂ ਤੇ ਇਸ ਤੋਂ ਸਾਵਧਾਨ ਰਹਿਣਾ ਹੀ ਬਣਦਾ ਹੈ। ਇਸ ਗੱਲ ਵੱਲ ਕਦੀ ਨਾ

ਜਾਓ ਤੇ ਨਾ ਔਖੇ ਹੋਵੇ ਕਿ ਇੰਜ ਤੇ ਇੰਜ ਭਜਨ ਕਿਉਂ ਨਹੀਂ ਹੁੰਦਾ ? ਅੰਤਰ ਆਤਮੇ ਰਸ ਭਰਪੂਰ ਰਹੋ। ਲਿਵ ਵਿਚ ਵਿਚਰੋ। ਕੋਈ ਤੋਟਾ ਨਹੀਂ ਪੈਸੀ। ਸਦਾ ਆਨੰਦ ਰਹਿਸੀ।

✦ ✦ ✦

ੴ ਸਤਿਗੁਰ ਪ੍ਰਸਾਦਿ।। (ਨਿਊਯਾਰਕ) 22.10.73

**ਸੁਨਿ ਅੰਧਾ ਕੈਸੇ ਮਾਰਗੁ ਪਾਵੈ ॥ ਕਰੁ ਗਹਿ ਲੇਹੁ ਓੜਿ ਨਿਬਹਾਵੈ ॥**
**ਕਹਾ ਬੁਝਾਰਤਿ ਬੂਝੈ ਡੋਰਾ ॥ ਨਿਸਿ ਕਹੀਐ ਤਉ ਸਮਝੈ ਭੋਰਾ ॥**
**ਕਹਾ ਬਿਸਨਪਦ ਗਾਵੈ ਗੁੰਗ ॥ ਜਤਨ ਕਰੈ ਤਉ ਭੀ ਸੁਰ ਭੰਗ ॥**
**ਕਹ ਪਿੰਗੁਲ ਪਰਬਤ ਪਰਭਵਨ ॥ ਨਹੀ ਹੋਤ ਊਹਾ ਉਸੁ ਗਵਨ ॥**
**ਕਰਤਾਰ ਕਰੁਣਾ ਮੈ ਦੀਨੁ ਬੇਨਤੀ ਕਰੈ ॥ ਨਾਨਕ ਤੁਮਰੀ ਕਿਰਪਾ ਤਰੈ ॥**

*(ਪੰਨਾ ੨੬੭)*

ਪਦ ''ਕਰੁਣਾਮੈ'' ਦਾ ਅਰਥ ਹੈ 'ਦਇਆ-ਸਰੂਪ' ਤਾਂ ਤੇ 'ਹੇ ਸਿਰਜਨਹਾਰ, ਦਇਆ ਸਰੂਪ ਜੀਓ, ਦੁਖੀਆ, ਬੇਨਤੀ, ਜੋਦੜੀ, ਤਰਲੇ, ਅਰਦਾਸਿ, ਲਿਲਕੜੀਆਂ ਨਿਹੋਰੇ ਤੇ ਮਿੰਨਤਾਂ ਸਮਾਜਤਾਂ ਕਰਦਾ ਹੈ ਕਿ ਕੇਵਲ ਆਪ ਜੀ ਦੀ ਕਿਰਪਾ ਨਾਲ ਮਾਇਆ ਦੇ ਭਰਮਾਂ ਦੇ ਅਸਰ ਤੋਂ ਤਰਿਆ ਜਾ ਸਕਦਾ ਹੈ। ਬਿਨਾਂ ਬਖਸ਼ਿਸ਼ ਦੇ ਕੋਈ ਚਾਰਾ ਨਹੀਂ, ਇਸ ਦਾ ਅਭਿਆਸ ਮਾਇਆ ਦੇ ਅਸਰ ਤੋ ਦੂਰ ਕਰੇਗਾ ਅਤੇ ਮੇਹਰ ਦਾ ਪਾਤਰ ਜੀਵ ਬਣ ਜਾਂਦਾ ਹੈ।

**ਨਾਨਕ ਤੁਮਰੀ ਕਿਰਪਾ ਤਰੈ ॥** *(ਪੰਨਾ ੨੬੭)*

ਆਪ ਜੀ ਤੇ ਕਿਰਪਾ ਹੋ ਰਹੀ ਹੈ, ਹੋਰ ਹੋਊ। ਸਮੇਂ ਵਲ ਨ ਜਾਇਆ ਕਰੋ।

**ਏਕ ਚਿਤ ਜਿਹ ਇਕ ਛਿਨ ਧਿਆਇਓ ॥**
**ਕਾਲ ਫਾਸ ਕੇ ਬੀਚ ਨਾ ਆਇਓ ॥** *(ਤ੍ਵ ਪ੍ਰਸਾਦਿ ਚੌਪਈ, ਪਾ: ੧੦)*

ਬਖਸ਼ਿਸ਼ ਲਈ ਸਮਾਂ ਕੋਈ ਅਰਥ ਨਹੀਂ ਰੱਖਦਾ। ਜਿੰਨਾ ਕਰ ਰਹੇ ਹੋ, ਠੀਕ ਹੈ। ਬਖਸ਼ਿਸ਼ਾਂ ਹੋ ਰਹੀਆਂ ਹਨ।

✦ ✦ ✦

ਗੁਰਪੁਰਬ ਵਾਲੇ ਦਿਨ, ਗੁਰਦਵਾਰਿਆਂ ਵਿਚ ਇਕ ਮੇਲਾ ਜਿਹਾ ਬਣ ਜਾਂਦਾ ਹੈ। ਗੁਰਪੁਰਬ ਰਸਮ ਰਿਵਾਜ ਹੀ ਬਣਦੇ ਪਏ ਹਨ। ਦਾਸ ਤਾਂ ਉਸ ਦਿਨ ਘਰ ਅੰਦਰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਰਸ ਮਾਣ ਲੈਂਦਾ ਏ। ਬੜਾ ਅਲੌਕਿਕ ਰਸ ਆਉਂਦਾ ਏ। ਜੇ ਆਪ ਜੀ ਦੀ ਬਿਰਤੀ ਉੱਥੇ ਟਾਟਰਾਪਨ ਵਿਚ ਆਵੇ ਤਾਂ ਘਰ ਹੀ ਉਸ ਦਿਨ ਰਸ ਮਾਣਿਆ ਕਰੋ। ਵਧੇਰੇ ਰਸ ਆਇਆ ਕਰੇਗਾ। ਰਸੀਆ ਕੇਵਲ ਰਸ ਦੀ ਕਸਵੱਟੀ ਰੱਖਦਾ ਏ ਕਿ ਵੱਧ ਰਿਹਾ ਹੈ ਕਿ ਘੱਟ ਰਹਿਆ ਹੈ। ਪਰ ਇਹ ਸੂਝ ਕਿਸੇ ਵਿਰਲੇ ਹੀ ਗੁਰਮੁਖਿ ਨੂੰ ਆਉਂਦੀ ਹੈ। ਇਹ ਬਖਸ਼ਿਸ਼ ਦਾ ਚਿੰਨ੍ਹ ਹੈ। ਬਖਸ਼ੇ ਹੋਇਆਂ ਦੀ ਸੰਗਤਿ ਬਹੁਤ ਜ਼ਰੂਰੀ ਹੈ। ਡਿਸਚਾਰਜ ਹੋਈ ਮਨ ਰੂਪੀ ਬੈਟਰੀ, ਉਨ੍ਹਾਂ ਦੀ ਸੰਗਤਿ ਵਿਚ, ਚਾਰਜ ਹੋ ਜਾਂਦੀ ਏ, ਤਾਂ ਹੀ ਤਾਂ ਮਹਲਾ ਪਹਿਲਾ ਜੀ ਨੇ ਫੁਰਮਾਇਆ ਹੈ :-

**ਸੰਤਾ ਕੀ ਰੇਣੁ ਸਾਧ ਜਨ ਸੰਗਤਿ ਹਰਿ ਕੀਰਤਿ ਤਰੁ ਤਾਰੀ ॥**

*(ਪੰਨਾ ੧੩੩੨)*

ਪੰਚਮ ਪਾਤਸ਼ਾਹ ਜੀ ਫੁਰਮਾਉਂਦੇ ਹਨ :-

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**

*(ਪੰਨਾ ੬੪੨)*

ਪੁਨਾ :-

**ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥**

*(ਪੰਨਾ ੬੧੦)*

ਇਹ ਕਿਉਂ ? ਸਪੱਸ਼ਟ ਹੈ ਕਿ ਬਖਸ਼ੇ ਹੋਇਆਂ ਦੇ ਅੰਦਰ vibrations ਉੱਠਦੀਆਂ ਹਨ ਤੇ ਸਰੋਤਿਆਂ ਤੇ ਅਸਰ ਪਾਉਂਦੀਆਂ ਹਨ। ਜਿਹੜੇ ਸੱਜਣ ਇਹ ਜਾਣਦੇ ਹਨ, ਉਹ ਇਸ ਤੇ ਪਹਿਰਾ ਦਿੰਦੇ ਤੇ ਬਖਸ਼ਿਆਂ ਦੀ ਸੰਗਤਿ ਕਰਦੇ ਹਨ। ਦੂਜਿਆਂ ਲਈ ਇਹ ਗੱਲ ਮਾਮੂਲੀ ਜਿਹੀ ਹੈ, ਪਰ ਵਾਸਤਵ ਵਿਚ vibrations ਉਠਦਿਆਂ ਦੀ ਸੰਗਤਿ ਜ਼ਰੂਰੀ ਹੈ। ਕੋਈ ਵੀ ਇਹ ਗੱਲ ਪਰਖ ਕੇ ਵੇਖ ਸਕਦਾ ਏ।

ਆਪ ਜੀ ਸਹੀ ਰਸਤੇ ਟੁਰ ਰਹੇ ਹੋ। ਸਤਸੰਗਤਿ ਨਹੀਂ ਛੱਡਣੀ। ਇਸੇ ਵਿਚ ਹੀ ਬਿਰਤੀ ਅਗਾਂਹ ਉਠਸੀ। ਹੋਰ ਕੋਈ ਰਾਹ ਨਹੀਂ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 16.2.1975

ਆਪ ਜੀ ਨੇ ਨਾਮ ਬਾਣੀ ਦਾ ਲੜ ਘੁੱਟ ਕੇ ਫੜੀ ਰੱਖਣਾ ਏ, ਇਸ ਵਿਚ ਸਦਾ ਦਾ ਖੇੜਾ ਮਿਲਦਾ ਏ। ਹੋਰ ਕੋਈ ਰਾਹ ਨਹੀਂ। ਬਾਣੀ ਦਾ ਲੜ ਫੜਨਾ, ਨਾਮ ਬਾਣੀ ਦੀ ਕਮਾਈ ਏ, ਭਾਵ ਨਾਮ ਬਾਣੀ ਨੂੰ ਜੀਵਨ ਵਿਚ ਘਟਾਨਾ ਹੈ। ਇਸੀ ਨੂੰ ਅਸਲ ਨਾਮ ਅਭਿਆਸ ਆਖਦੇ ਹਨ। ਗੁਰੂ ਪਾਤਸ਼ਾਹ ਦੇ ਹੁਕਮਾਂ ਨੂੰ ਜੀਵਨ ਵਿਚ ਘਟਾਣਾ ਹੀ ਵਾਸਤਵ ਵਿਚ ਨਾਮ ਅਭਿਆਸ ਕਮਾਈ ਹੈ। ਆਪ ਜੀ ਤੇ ਬੀਬਾ ਜੀ ਮਿਲ ਕੇ ਕੀਰਤਨ ਕਰਿਆ ਕਰੋ। ਕੀਰਤਨ ਵਿਚ ਮਨ ਛੇਤੀ ਜੁੜ ਜਾਂਦਾ ਏ। ਦ੍ਰਿੜਤਾ ਬੱਝਦੀ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 24.11.75

ਪਾਤੀ ਪੁੱਜੀ। ਨਿਰਸੰਦੇਹ ਆਪ ਦੀ ਦਸ਼ਾ ''ਸੂਲੀ ਤੋਂ ਸੂਲ ਹੋ ਗਈ'' ਭਾਵ ਕੰਡਾ ਰੂਪ ਤਕਲੀਫ ਵਿਚ, ਕਸ਼ਟ ਕਟਿਆ ਗਿਆ। ਇਹ ਸਭ ਗੁਰੂ ਸਾਹਿਬ ਦੀ ਬਖਸ਼ਿਸ਼ ਹੈ। **ਕੋਟਿ ਅਘਾ ਤੇਰੋ ਨਾਮ ਹਰਨ॥** *(ਪੰਨਾ ੮੨੮)* ਕਰੋੜਾਂ ਪਾਪਾਂ ਦਾ ਨਾਸ਼ ਕਰਨ ਵਾਲਾ ਹੈ, ਸਿਰਜਣਹਾਰ ਜੀ, ਆਪ ਜੀ ਦਾ ਪਾਵਨ ਨਾਮ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸ਼ਿਵਪੁਰੀ : 16.1.76

**ਮਨ ਬਚ ਕ੍ਰਮ ਹਰਿ ਗੁਨ ਨਹੀ ਗਾਏ ਯਹ ਜੀਅ ਸੋਚ ਧਰਉ ॥** *(ਪੰਨਾ ੬੮੫)*

ਹਰੀ ਗੁਣ, ਮਨ ਕਰਕੇ, ਰਸਨਾ ਕਰਕੇ ਤੇ ਕਰਮ ਕਰਕੇ ਗਾਉਣ ਲਈ ਪ੍ਰੇਰਨਾ ਹੈ ਤੇ ਹੁਕਮ ਹੈ ਕਿ ਇੰਜ ਗਾਉ। ਤਾਂ ਤੇ ਜਗਿਆਸੂ ਨੇ ਸਿਫਤ ਸਲਾਹ, ਇਸ ਹੁਕਮ ਅਨੁਸਾਰ ਕਰਨੀ ਹੈ। ਮਨ, ਬਚ ਤੇ ਕਰਮ ਨਾਲ ਹਉਮੈ ਦੀ ਨਵਿਰਤੀ ਬਹੁਤ ਛੇਤੀ ਹੁੰਦੀ ਏ। ਉਜ ਸੁਰਤਿ ਜੋੜ ਕਰ ਵੀ ਅਸਰ ਹੁੰਦਾ ਏ, ਪਰ ਘੱਟ। ਜੇ ਕਦੇ ਉਨਾ ਬਲ, ਜਿੰਨਾ ਕਿ ਸੁਰਤਿ ਨੂੰ ਮੋੜ ਮੋੜ ਕੇ, ਹੋੜ ਹੋੜ ਕੇ ਸ਼ਬਦ ਨਾਲ ਜੋੜੀਦਾ ਏ,

ਕਰਮ ਕਰਕੇ ਵੀ ਬਲ ਲਾਈਏ ਤਾਂ ਬਹੁਤ ਛੇਤੀ ਮਨ ਵਿਚ ਨਿਰਮਲਤਾਈ ਆ ਜਾਂਦੀ ਏ ਤੇ ਮਨ ਦੇ ਤੌਖਲੇ ਭਜਣ ਲੱਗ ਜਾਂਦੇ ਨੇ ਤੇ ਮਨ ਵਿਚ ਠਰੰਮਾ ਤੇ ਸਹਿਜ ਆ ਜਾਂਦੇ ਨੇ। ਤਾਂ ਤੇ ਮਨ ਤੇ ਕਰਮ ਨਾਲ ਨਾਲ ਟੁਰਨੇ ਚਾਹੀਦੇ ਹਨ ਤਾਂ ਕਿ ਝਬਦੇ, ਭਾਵ ਸ਼ੀਘਰ ਹੀ ਫਲ ਪ੍ਰਾਪਤ ਹੋਣ।

ਇਸ ਵਿਚ ਸੰਦੇਹ ਨਹੀਂ ਕਿ ਸਤਸੰਗਤਿ ਦੇ ਸਦਕੇ ਇਸ ਓਕਤਵ ਵਿਚ ਆਪ ਜੀ ਦਾ ਮਨ ਘੱਟ ਘਬਰਾਇਆ ਏ ਤੇ ਅਸਲੀ ਨਿਸ਼ਾਨੇ ਤੋ :-

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥** *(ਪੰਨਾ ੬੬੦)*

ਨਹੀ ਡੋਲਾਇਮਾਨ ਹੋਣ ਦਿੱਤਾ। ਇਹ ਵੀ ਬਖਸ਼ਿਸ਼ ਹੈ। ਹੁਣ ਆਪ ਜੀ ਨਾਮ ਬਾਣੀ ਦਾ ਲੜ ਨਹੀ-ਕਿਸੇ ਹਾਲਤ ਨਹੀਂ-ਛੱਡਣਾ, ਮਹਾਰਾਜ ਭਲੀ ਕਰਸਨ। ਇਸ ਵਿਚ ਸ਼ੱਕ ਨਹੀਂ।

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥** *(ਪੰਨਾ ੩੯੪)*

ਫਿਰ :-

**ਉਸ ਤੇ ਚਉਗੁਨ ਕਰੈ ਨਿਹਾਲੁ ॥**
**ਨਾਨਕ ਸਾਹਿਬੁ ਸਦਾ ਦਇਆਲੁ ॥** *(ਪੰਨਾ ੨੬੮)*

ਮਨ Immediate results ਚਾਹੁੰਦਾ ਹੈ। ਇਹ ਭੁੱਲ ਹੈ। ਇਹ ਰਜ਼ਾ ਵਿਚ ਨਹੀਂ।

ਸਦਾ ਖੁਸ਼ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਦਰਾਸ : 9.2.76

ਵਲਵਲਿਆਂ ਭਰੀ ਪ੍ਰੇਮ ਪਾਤੀ ਪੁਜੀ, ਪ੍ਰੇਮ ਦੀਆਂ ਤਾਨਾਂ ਨੇ ਪ੍ਰੇਮ ਝਰਨਾਟ ਦੀ ਰੌ ਚਲਾਈ। ਧੰਨ ਹੈ ਉਹ ਪਰਮ ਪੁਰਖ ਪਾਰਬ੍ਰਹਮ ਪਰਮੇਸ਼ਰ, ਜੋ ਅੰਤਰ ਆਤਮੇ ਝਰਨਾਟਾਂ ਦਾ ਰਸ ਬਖਸ਼ਦਾ ਹੈ।

**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥ ਨਾਨਕ ਤਾ ਕੈ ਬਲਿ ਬਲਿ ਜਾਸਾ ॥** *(ਪੰਨਾ ੨੬੬)* ਕੇਵਲ ਦਰਸਨ ਦੀ ਪਿਆਸ ਵਾਲੇ ਤੇ ਸਾਹਿਬ ਗੁਰੂ ਅਰਜਨ ਦੇਵ

ਪਾਤਸ਼ਾਹ ਜੀ ਬਲਿਹਾਰ, ਸਦਕੇ, ਕੁਰਬਾਣ ਤੇ ਘੋਲ ਘੁਮਾਈ ਜਾ ਰਹੇ ਹਨ। ਵਾਹ ਵਾਹ ਸਚੇ ਪਾਤਸ਼ਾਹ ਜੀ ! ਦਾਸ ਫਿਰ ਕਿਉਂ ਨਾ ਬਲਿ ਬਲਿ ਜਾਏ। ਸੋ ਦਾਸ ਆਪ ਤੋਂ ਸਦਕੇ ਜਾਂਦਾ ਹੈ। ਆਪ ਦੀ ਅਵਸਥਾ ਦਰਸ ਪਿਆਸੇ ਤੋ ਬਹੁਤ ਅਗੇਰਾਂ ਹੈ। ਬਖਸ਼ਿਸ਼ ਦੇ ਪਾਤਰ ਹੋ ਗਏ ਹੋ। ਹੋਰ ਬਖਸ਼ਿਸ਼ਾਂ ਹੋਵਣਗੀਆਂ। ਕਾਹਲੀ ਨਹੀਂ ਕਰਨੀ, ਰਜ਼ਾ ਵਿਚ ਰਹਿਣਾ ਏ।

ਦਾਤੇ ਦੇ ਹੱਥ ਦਾਤ ਹੁੰਦੀ ਏ। ਜਦ ਚਾਹੁਣ ਬਖਸ਼ ਦੇਣ। ਸਾਡਾ ਧਰਮ ਉਸ ਕੁੱਤੇ ਦੀ ਨਿਆਈ ਏ, ਜਿਹੜਾ ਕਿ ਖਾਣਾ-ਖਾਂਦੇ ਮਾਲਕ ਵਲ, ਇਕ ਨੀਝ ਲਾ ਕੇ ਬੈਠਿਆ ਏ। ਜਦ ਕਦੇ ਮਾਲਕ ਦੀ ਨਜ਼ਰ ਉਸ ਵਲ ਪੈਂਦੀ ਏ ਤਾਂ ਉਹ ਕੁੱਤਾ ਪੂਛ ਹਲਾਂਦਾ ਏ ਕਿ ਹੇ ਮਾਲਕ, ਮੈਨੂੰ ਇਕ ਬੁਰਕੀ ਪਾ। ਕੁੱਤੇ ਦੇ ਪੂਛ ਹਿਲਾਣ ਤੇ ਮਾਲਕ ਦੇ ਦਿਲ ਵਿਚ ਤਰਸ ਆ ਜਾਂਦਾ ਏ ਤੇ ਖਾਣੇ ਵਿਚੋਂ ਕੁਝ ਕੁੱਤੇ ਨੂੰ ਪਾ ਦਿੰਦਾ ਏ। ਸੋ ਸਾਨੂੰ ਦਰ ਦਾ ਕੁੱਤਾ ਬਣੇ ਰਹਿਣਾ ਚਾਹੀਦਾ ਏ ਤੇ ਲਿਵ ਲਾ ਕੇ ਹਰ ਵੇਲੇ ਉਸ ਦੇ ਦਰ ਤੇ ਬੈਠੇ ਰਹਿਣਾ ਚਾਹੀਦਾ ਹੈ। ਮਾਲਕ ਨਿਰਸੰਦੇਹ, ਅਵੱਸ਼ ਹੀ ਬੁਰਕੀ (ਨਾਮ ਦੀ) ਬਖਸ਼ਿਸ਼ ਕਰੇਗਾ। ਉਸ ਮਾਲਕ ਦਾ ਸੁਭਾਉ ਹੈ। ਇਸ ਨੂੰ ਸਦਾ ਚੇਤੇ ਰੱਖੀਏ ਤੇ ਸ਼ੁਕਰ ਸ਼ੁਕਰ ਕਰਦੇ ਹੋਏ ਹੋਰ ਬਖਸ਼ਿਸ਼ਾਂ ਲਈ ਤਰਲੇ, ਜੋਦੜੀਆਂ, ਮਿੰਨਤਾਂ, ਨਿਹੋਰੇ, ਅਰਦਾਸਾਂ, ਬੇਨਤੀਆਂ ਕਰਦੇ ਰਹਿਣਾ ਚਾਹੀਦਾ ਏ। ਨਾਮ ਬਖਸ਼ਿਸ਼ ਹੈ। ਜ਼ੋਰ ਨਾਲ ਨਹੀਂ ਮਿਲਦਾ। ਬਖਸ਼ਿਸ਼ ਲੈਣ ਲਈ ਬਖਸ਼ਨਹਾਰ ਅੱਗੇ ਅਰਦਾਸਿ ਕਰੋ ਤੇ ਸਦਾ ਕਰਦੇ ਚਲੋ। ਇਸ ਦਾ ਫਲ ਬਖਸ਼ਿਸ਼ ਮਿਲਦੀ ਹੈ। ਪਿਆਰੇ ਗੁਰਮੁਖੋ, ਲੱਗੇ ਰਹੋ, ਨਾਮ ਬਾਣੀ ਦਾ ਅਭਿਆਸ ਕਰੀ ਚਲੋ। ਅਵਸ਼ ਬਖਸ਼ਿਸ਼ਾਂ ਹੋਣਗੀਆਂ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : ਮਿਤੀ **11.4.66**

ਤੇ ਇਹ ਨਿਭਾ ਕਰ ਸੋਲਨ ਮੁੜਨ ਦਾ ਵੀਚਾਰ ਹੈ। ਅੱਗੇ **ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)* **ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥** *(ਪੰਨਾ ੬੫੩)* ਸ਼ੁਕਰ ਹੈ ਜੋ ਸੇਵਾ ਲੈ ਰਹੇ ਹਨ।

ਆਪ ਜੀ ਨੂੰ ਸਪਰੂਨ ਪੁਜਣ ਦੀ ਸੂਚਨਾ ਦਿੱਤੀ ਜਾਸੀ।

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

*(ਪੰਨਾ ੬੭੯)*

**ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥** *(ਪੰਨਾ ੧੩੮੬)*

ਵੱਡੇ ਭਾਗਾਂ ਵਾਲੇ ਹੋ। ਟੁਰੀ ਚਲੋ, ਰਾਹ ਸਿੱਧਾ ਮਿਲ ਗਿਆ ਹੈ।

**ਬਾਰਿ ਜਾਉ ਗੁਰ ਅਪੁਨੇ ਊਪਰਿ ਜਿਨਿ ਹਰਿ ਹਰਿ ਨਾਮੁ ਦ੍ਰਿੜ੍ਹਾਯਾ ॥**
**ਮਹਾ ਉਦਿਆਨ ਅੰਧਕਾਰ ਮਹਿ ਜਿਨਿ ਸੀਧਾ ਮਾਰਗੁ ਦਿਖਾਯਾ ॥**

*(ਪੰਨਾ ੬੭੨)*

ਸਦਾ ਦੋਵੇਂ ਚੜ੍ਹਦੀਆਂ ਕਲਾਂ ਵਿਚ ਖੇਡੋ ਤੇ ਨਾਮ ਬਾਣੀ ਦਾ ਰਸ ਭੁੰਚਦੇ ਰਹੋ। ਸ਼ੁਭ ਅਸੀਸਾਂ ਸਹਿਤ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : **18.2.76**

ਇਸ ਦੌਰੇ ਦਾ ਸੰਗਤਾਂ ਤੇ ਬਹੁਤ ਪ੍ਰਭਾਵ ਪਿਆ ਹੈ। ਇਕ ਥਾਂ ਤੋਂ ਦੂਜੀ ਥਾਂ ਜਾਣ ਨਹੀ ਦੇਂਦੀਆਂ, ਤਾਂ ਹੀ ਤਾਂ ਐਨਾ ਸਮਾਂ ਲੱਗ ਗਿਆ ਹੈ। ਪਰ ਖੁਸ਼ੀ ਹੈ ਕਿ ਸੇਵਾ ਸਫਲਤਾ ਬਖਸ਼ ਰਹੀ ਏ। ਇਹ ਮੇਹਰ ਹੈ। ਸਦਾ ਨਿਸ਼ਕਾਮ ਸੇਵਾ ਦੀ ਭਾਵਨਾ ਬਣੀ ਰਹੇ। ਇਹ ਹੀ ਅਰਦਾਸਿ ਹੈ।

**ਨਾਮ ਰਸਿ ਜੋ ਜਨ ਤ੍ਰਿਪਤਾਨੇ ॥**
**ਮਨ ਤਨ ਨਾਮਹਿ ਨਾਮਿ ਸਮਾਨੇ ॥** *(ਪੰਨਾ ੨੮੬)*

ਟੁਰ ਪਏ ਤੇ ਟੁਰਦੇ ਜਾਓਗੇ। ਰਾਹ ਸਹੀ ਮਿਲ ਗਿਆ। ਬਖਸ਼ਿਸ਼ ਹੋਈ, ਹੋਰ ਹੋਸਨ। ਤਾਂ ਤੇ ਸੁਝਾਵ ਹੈ ਕਿ ਟੁਰੀ ਚਲੋ, ਟੁਰੀ ਚਲੋ, ਟੁਰੀ ਚਲੋ ! ਸਦਾ ਰਸ ਮਾਣਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : **18.2.76**

ਪ੍ਰੇਮ ਪਾਤੀਆਂ ਪੁੱਜੀਆਂ, ਪ੍ਰਸੰਨਤਾ ਹੋਈ।

**ਜਿਸੁ ਰਸੁ ਆਇਆ ਸੋਈ ਜਾਨੈ ॥**
**ਪੇਖਿ ਪੇਖਿ ਮਨ ਮਹਿ ਹੈਰਾਨੈ ॥** *(ਪੰਨਾ ੧੩੩੮)*

**ਹਰਿ ਰਸ ਊਪਰਿ ਅਵਰੁ ਕਿਆ ਕਹੀਐ ਜਿਨਿ ਪੀਆ ਸੋ ਤ੍ਰਿਪਤਾਗਾ ॥**
*(ਪੰਨਾ ੫੯੮)*

**ਇਹ ਰਸ ਛਾਡੇ ਉਹ ਰਸੁ ਆਵਾ ॥**
**ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥**
*(ਪੰਨਾ ੩੪੨)*

**ਨਾਮੁ ਮਹਾ ਰਸੁ ਪੀਉ ਰੀ ਸਖੀਏ ਨਾਮੁ ਮਹਾ ਰਸੁ ਪੀਓ ॥**
*(ਪੰਨਾ ੮੦੨)*

ਉਤਲਾ ਰਸ, ਨਿਰੰਤਰ ਨਾਮ ਬਾਣੀ ਦੀ ਕਮਾਈ ਨਾਲ, ਮਿਲਦਾ ਹੈ।

ਤਾਂ ਤੇ ਇਹ ਹੀ ਬੇਨਤੀ ਪੂਰਬਕ ਸੁਝਾਵ ਹੈ ਕਿ ਲੱਗੇ ਰਹੋ, ਲੱਗੇ ਰਹੋ, ਲੱਗੇ ਰਹੋ !! ਬਖਸ਼ਿਸ਼ਾਂ ਹੋਈਆਂ ਹੋਈਆਂ ਹਨ। ਹੋਰ ਹੋਵਣਗੀਆਂ !!

ਸਦਾ ਖੇੜੇ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 6.6.76

ਨਾਮ ਬਾਣੀ ਵਲ ਆਦਮੀ ਦੀ ਬ੍ਰਿਤੀ ਤੱਦ ਜੁੜਦੀ ਹੈ, ਜਦ ਕਿ ਪ੍ਰਭੂ ਦੀ ਮਿਹਰ ਹੋਵੇ। ਤੁਹਾਡੇ ਦੋਹਾਂ ਤੇ ਪ੍ਰਭੂ ਦੀ ਬਖਸ਼ਿਸ਼ ਹੈ, ਰਾਹੇ ਪੈ ਗਏ ਹੋ। ਕਮਾਈ ਆਪਣੀ ਆਪਣੀ ਹੈ। ਸਾਧਸੰਗਤਿ ਵਿਚ ਨਾਮ ਜਪਣ ਨਾਲ ਕਮਾਈ ਬੜੀ ਛੇਤੀ ਛੇਤੀ ਫਲ ਲਿਆਂਦੀ ਏ। ਇਸੇ ਲਈ ਹੀ ਇਹ ਪੰਦਰਾਂ ਦਿਨ ਦਾ ਸਮਾਗਮ-ਮਨ ਰੂਪੀ discharged ਬੈਟਰੀਆਂ ਨੂੰ ਮੁੜ ਚਾਰਜ ਕਰਨ ਲਈ ਰੱਖਿਆ ਜਾਂਦਾ ਏ। ਤੁਸੀਂ ਖੁਦ ਹੀ ਵੇਖੋਗੇ ਕਿ ਕੀ ਕੁਝ ਪ੍ਰਾਪਤ ਹੁੰਦਾ ਹੈ। ਇਹ ਅਨੁਭਵ ਦਾ ਵਿਸ਼ਾ ਹੈ। ਮਿਹਰਾਂ ਹੁੰਦੀਆਂ ਹਨ ਅਵਸਥਾ ਭੇਦ ਅਨੁਸਾਰ, ਪਰ ਹੁੰਦੀਆਂ ਜ਼ਰੂਰ ਹਨ। ਬਾਣੀ ਨੂੰ ਵਿਚਾਰ ਨਾਲ ਪੜ੍ਹਨਾ ਚਾਹੀਦਾ ਹੈ ਤੇ ਫਿਰ ਉਸ ਤੇ ਅਮਲ ਕਰਨਾ ਚਾਹੀਦਾ ਏ। ਇਹੀ ਨਾਮ ਦੀ ਕਮਾਈ ਏ। ਪਰ ਜਗਿਆਸੂ ਇਸ ਤੇ ਅਮਲ ਨਹੀਂ ਕਰਦੇ। ਨਤੀਜਾ ਕੁਝ ਨਹੀਂ

ਨਿਕਲਦਾ ਤੇ ਹੋਰ ਪਾਸੇ ਫਸ ਜਾਂਦੇ ਨੇ। ਸਾਡਾ ਗੁਰੂ ਗੁਰਬਾਣੀ ਹੈ। ਕਿਸੇ ਦੇਹ ਧਾਰੀ ਗੁਰੂ ਦੀ ਲੋੜ ਨਹੀਂ। ਇਹ ਗੱਲ ਸਦਾ ਚੇਤੇ ਰੱਖਣੀ। ਸੁਖ ਹੋਸੀ।

ਸਦਾ ਨਾਮ ਬਾਣੀ ਨਾਲ ਲੱਗੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 23.7.76

ਨਾਮ ਬਾਣੀ ਦਾ ਅਭਿਆਸ ਜੀਵਨ ਵਿਚ ਲਿਆਇਆ ਕਰੋ। ਮਹਾਰਾਜ ਜੀ ਬਖਸ਼ਿਸ਼ ਕਰਣਗੇ। ਆਤਮ-ਹੱਤਿਆ ਕਰਨ ਵਾਲਾ ਜਗਤ ਕਸਾਈ ਹੁੰਦਾ ਏ। ਇਹ ਗੁਰਬਾਣੀ ਦੀ ਤੁਕ ਹੈ। ਇਸ ਨਾਲ ਕਲੇਸ਼ ਕਿਵੇਂ ਮਿਟ ਸਕਦਾ ਏ ? ਹੋਰ ਜਨਮ ਲੈਣਾ ਪੈਂਦਾ ਹੈ ਤੇ ਕਲੇਸ਼ ਨਾਲ ਜਾਂਦਾ ਏ। ਕਲੇਸ਼ ਦੇ ਨਾਸ਼ ਕਰਨ ਲਈ ਕੇਵਲ ਨਾਮ ਬਾਣੀ ਦੀ ਕਮਾਈ ਹੈ। ਹੋਰ ਕੋਈ ਸਾਧਨ ਨਹੀਂ। ਇਹ ਸਦਾ ਚੇਤੇ ਰੱਖੋ। ਤੁਹਾਡੇ ਦੋਹਾਂ ਦੇ ਮਨ, ਉਚੇਚਾ ਬੀਬਾ ਦਾ, ਸੰਤੁਲਨ ਵਿਚ ਹੋ ਜਾਸੀ। ਪੰਦਰਾਂ ਦਿਨ ਦੀ ਨਾਮ ਅਭਿਆਸ ਕਮਾਈ ਬਿਰਥੀ ਨਹੀਂ ਜਾਸੀ। ਨਾਮ ਦਾ ਸਿਮਰਨ ਤੇ ਗੁਰਬਾਣੀ ਦਾ ਪਾਠ, ਅਰਥ ਵਿਚ ਮਨ ਨੂੰ ਟਿਕਾ ਕਰ ਕਰਿਆ ਕਰੋ ਤੇ ਅਮਲ ਕਰਿਆ ਕਰੋ। ਇਹ ਹੀ ਗੁਰਮੱਤਿ ਭਰਪੂਰ ਸੁਝਾਅ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 13.9.76

ਤੁਸੀਂ ਦੋਵੇਂ ਸੁਭਾਗੇ ਹੋ ਜੋ ਗੁਰਬਾਣੀ ਦੇ ਲੜ ਲੱਗ ਗਏ ਹੋ। ਇਹ ਬਖਸ਼ਿਸ਼ ਦੀ ਨਿਸ਼ਾਨੀ ਹੈ। ਜਿਸ ਤੇ ਬਖਸ਼ਿਸ਼ ਹੁੰਦੀ ਏ, ਉਹ ਗੁਰਬਾਣੀ ਨਾਲ ਲੱਗਦਾ ਏ।
**ਸੇ ਲਾਗੇ ਗੁਰ ਕੀ ਬਾਣੀ ॥** *(ਪੰਨਾ ੬੦੮)*

ਸਦਾ ਹੀ ਆਪਣੀ ਸੁਰਤਿ ਨੂੰ ਕੇਵਲ ਗੁਰਬਾਣੀ ਦੇ ਅਧੀਨ ਰੱਖੋ। ਕੋਈ ਵੱਡੇ ਤੋਂ ਵੱਡਾ ਰਿਧੀਆਂ ਸਿਧੀਆਂ ਵਿਖਾਣ ਵਾਲਾ ਕਿਉਂ ਨਾ ਹੋਵੇ, ਕਦੇ ਵੀ ਆਪਣੀ ਸੁਰਤਿ ਉਸ ਦੇ ਹੇਠਾਂ ਦਬੇਲ ਨਹੀਂ ਕਰਨੀ। ਭਾਵੇਂ ਮੈਂ ਜਾਂ ਮੇਰਾ ਵੱਡਾ ਕਿਉਂ ਨਾ ਹੋਵੇ। ਇਸ ਉਪਦੇਸ਼ ਤੇ ਚੱਲਣ ਨਾਲ ਜੀਵ ਕਦੇ ਧੋਖਾ ਨਹੀਂ ਖਾਇਗਾ ਤੇ ਦੰਭੀਆਂ ਦੇ ਅੱਡੇ ਨਹੀਂ

ਚੜ੍ਹੇਗਾ। ਸਦਾ ਰੱਬ ਜੀ ਨਾਲ ਜੁੜਿਆ ਰਹੇਗਾ। ਗੁਰਬਾਣੀ ਰੱਬ ਰੂਪ ਹੈ ਤੇ ਰੱਬ ਜੀ ਨਾਲ ਸਦਾ ਜੋੜ ਕੇ ਰੱਖਦੀ ਏ। ਤਾਂ ਤੇ ਇਹ ਗੱਲ ਸਦਾ ਦ੍ਰਿੜ ਕਰੋ। ਤੁਸੀ ਰੋਜ਼ ਨਿਤਨੇਮ ਬਣਾਉ ਤੇ ਉਸ ਉੱਤੇ ਰੋਜ਼ਾਨਾ ਚਲੋ। ਮਹਾਰਾਜ ਜੀ ਹੋਰ ਬਖਸ਼ਿਸ਼ ਕਰਣਗੇ। ਜਦ ਮਨ ਦਲਗੀਰੀ ਵਿਚ ਜਾਏ ਤਾਂ ਫੌਰਨ ਅਰਦਾਸਿ ਕਰਿਆ ਕਰੋ। ਦਲਗੀਰੀ ਤੇ ਢਹਿੰਦੀਆਂ ਕਲਾਂ ਵਿਚੋਂ ਮਨ ਮੁੜ ਟਿਕਾਣੇ ਆ ਜਾਂਦਾ ਏ। ਹੋਰ ਸਾਡਾ ਕੋਈ ਆਸਰਾ ਨਹੀਂ, ਟੇਕ ਨਹੀਂ, ਓਟ ਨਹੀਂ ਕਿ ਜਿਥੇ ਜਾ ਕੇ ਪੁਕਾਰ ਕਰੀਏ। ਤਾਂ ਤੇ ਤਰਲੇ ਲੈਣੇ, ਜੋਦੜੀਆਂ ਕਰਨੀਆਂ, ਮਿੰਨਤਾਂ ਕਰਨੀਆਂ, ਹਾੜੇ ਕੱਢਣੇ, ਕੀਰਣੇ ਪਾਣੇ, ਅਰਦਾਸੇ ਤੇ ਬੇਨਤੀਆਂ ਕਰਨੀਆਂ ਤੇ ਲਿਲਕੜੀਆਂ ਕੱਢਣੀਆਂ, ਮੁੜ ਸੁਰਤਿ ਨੂੰ ਆਪਣੇ ਅਸਲੇ ਨਾਲ ਜੋੜ ਦੇਦੀਆਂ ਹਨ, ਤਾਂ ਤੇ ਸਦਾ ਉਪਰਲਾ ਸੁਝਾਅ ਅਪਨਾ ਕੇ ਰਹਿਣਾ। ਸੁਖ ਤੇ ਸ਼ਾਂਤੀ ਮਿਲੇਗੀ।

ਸਦਾ ਨਾਮ ਬਾਣੀ ਨਾਲ ਲੱਗੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਪਟਿਆਲਾ : 21.9.76

ਵਾਸਤਵ ਵਿਚ ਹੈ ਤਾਂ ਇਹ ਨਿਰੋਲ ਸਚਾਈ ਕਿ :-

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

*(ਪੰਨਾ ੧੨)*

ਫਿਰ ਇਹ ਜਾਣਦੇ ਬੁਝਦੇ ਕਿਉਂ ਮਨ ਲਿਪਟਿਆ ਹੋਇਆ ਹੈ ? ਕਿਉਂ ਨਹੀਂ ਇਸ ਤੇ ਅਮਲ ਕਰਦਾ ਏ ? ਕਿਉਂ ਧੰਧੇ ਪਿਟਦਾ ਪਿਆ ਹੈ ? ਇਸ ਤੇ ਵਿਚਾਰ ਕਰਨੀ। ਗੁਰਮੱਤਿ ਦੀ ਵਿਚਾਰ ਉੱਤਰ ਦੇਸੀ।

ਆਪ ਜੀ ਤਾਂ ਇਸੇ ਅਰਦਾਸਿ ਵਿਚ ਰਹੋ ਕਿ :-

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥** *(ਪੰਨਾ ੬੬੦)*

ਅਰਦਾਸਿ ਕਬੂਲ ਹੋਸੀ ਤੇ ਢੋ ਢੁੱਕ ਪੈਣਗੇ। ਇਹ ਜ਼ਰੂਰੀ ਹੋਸੀ। ਅਵੱਸ਼ ਹੋਸੀ।

✦ ✦ ✦

੧ੴ ਸਤਿਗੁਰ ਪ੍ਰਸਾਦਿ।। ਮਿਤੀ : 5.10.76

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥**

*(ਪੰਨਾ ੬੬੦)*

ਜੇ ਇਹ ਮੰਗ ਮੰਗਦੇ ਰਹੋਗੇ ਤਾਂ ਅਵੱਸ਼ ਹੀ ਪੂਰੀ ਹੁੰਦੀ ਰਹੇਗੀ। ਇਸ ਵਿਚ ਬਾਧਕ ਗੱਲਾਂ ਕਦੇ ਨਹੀਂ ਆਵਣਗੀਆਂ ਤੇ ਸ੍ਰੀ ਨਿਰੰਕਾਰ, ਸਿਰਜਨਹਾਰ, ਪਾਲਨਹਾਰ ਤੇ ਬਖਸ਼ਨਹਾਰ ਆਪ ਸਹਾਇਕ ਬਣ ਕਰ, ਸਾਰੀਆਂ Hurdles ਨੂੰ ਦੂਰ ਕਰਦੇ ਰਹਿਣਗੇ। ਆਪਣੀ Self willedness ਕਦੇ ਵੀ ਕਿਸੇ ਹਾਲਤ ਵਿਚ ਨਹੀਂ ਮੰਗਣੀ ਏ। ਮੰਗ ਤਾਂ ਪੂਰੀ ਹੋ ਜਾਏਗੀ ਪਰ ਇਸ ਦੇ Consequences (ਅੰਜਾਮ) ਆਪ ਭੁਗਤਣੇ ਪੈਂਦੇ ਹਨ।

ਇਸ ਤੋਂ ਬਚ ਕਰ ਰਹਿਣਾ ਚਾਹੀਦਾ ਹੈ। ਮਨ ਨੂੰ ਉਸ ਦੇ ਭਾਣੇ ਅੰਦਰ ਰੱਖਣਾ ਚਾਹੀਦਾ ਹੈ, ਨਹੀਂ ਤਾਂ ਦੁਖ ਨਿਕਲਦਾ ਏ।

**ਐਸੀ ਮਾਂਗੁ ਗੋਬਿਦ ਤੇ ॥**
**ਟਹਲ ਸੰਤਨ ਕੀ ਸੰਗੁ ਸਾਧੂ ਕਾ**
**ਹਰਿ ਨਾਮਾਂ ਜਪਿ ਪਰਮ ਗਤੇ ॥**

*(ਪੰਨਾ ੧੨੯੮-੯੯)*

ਸਦਾ ਖੇੜੇ ਵਿਚ ਵੱਸੋ।

✦ ✦ ✦

੧ੴ ਸਤਿਗੁਰ ਪ੍ਰਸਾਦਿ।। ਬੰਗਲੌਰ : 30.11.76

**ਧੰਨਿ ਧੰਨਿ ਤੇ ਜਨ ਜਿਹ ਘਟਿ ਬਸਿਓ ਹਰਿ ਨਾਉ ॥**

*(ਪੰਨਾ ੨੬੯)*

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

*(ਪੰਨਾ ੬੭੯-੮੦)*

**ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥**

*(ਪੰਨਾ ੧੩੮੬)*

ਪ੍ਰੇਮ ਪਾਤੀ ਪੁਜੀ। ਪ੍ਰਸੰਨਤਾ ਹੋਈ। ਰੁੰਜ਼ਲ ਨੇੜੇ ਨੇੜੇ ਹੋ ਰਹੀ ਹੈ। ਉਸ ਮੰਜ਼ਲ ਵੱਲ ਪੈਰ ਛੇਤੀ ਟੁਰ ਰਹੇ ਹਨ। ਇਸੇ ਜਨਮ ਵਿਚ ਉਸ ਟੀਸੀ ਮੰਜ਼ਲ ਤੇ ਜੀਵ ਆਤਮਾ ਨੇ ਪੁੱਜ ਜਾਣਾ ਹੈ ਤੇ ਉਸ ਪ੍ਰਮਾਤਮਾ ਵਿਚ ਪ੍ਰਵੇਸ਼ ਹੋ ਜਾਣਾ ਏ। ਇਹ ਨਿਰਸੰਦੇਹ ਹੋਵੇਗਾ। ਅਵਸ਼ ਹੀ, ਇਸ ਜਨਮ ਵਿਚ ਹੋਣ ਤੇ ਸੰਕੇਤ ਹਨ। ਫਿਰ ਦਲਗੀਰੀ ਕਿਉਂ ? ਢਹਿੰਦੀਆਂ ਕਲਾਂ ਕਿਉਂ ? ਉਦਾਸੀਨਤਾ ਕਿਉਂ ? ਫਿਕਰ ਤੇ ਤੌਖਲੇ ਕਿਉਂ ? ਜੋਦੜੀਆਂ ਕਰੀ ਚਲੋ, ਨਿਮਾਣੇ ਹੋਰ ਕਰ, ਤਰਲੇ ਕਰੀ ਚਲੋ, ਮਿੰਨਤਾਂ, ਸਮਾਜਤਾਂ ਕਰੀ ਚਲੋ, ਬਖਸ਼ਿਸ਼ਾਂ ਲਈ ਹਾੜੇ ਕੱਢੀ ਚਲੋ :-

**ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ ॥**

*(ਪੰਨਾ ੧੧੦੪)*

ਦੀ ਦੁਹਾਈ ਪਾਈ ਚਲੋ :-

**ਹਾ ਹਾ ਪ੍ਰਭ ਰਾਖਿ ਲੇਹੁ ॥**
**ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ**
**ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ੧ ॥ ਰਹਾਉ ॥**

*(ਪੰਨਾ ੬੭੫)*

ਢੀਠ ਬਣ ਕਰ, ਇਸ ਦਾਨ ਲਈ ਸਨਿਮ੍ਰ ਹੋ ਕਰ ਡੰਡ ਪਾਈ ਚਲੋ। ਇਸ ਤਰ੍ਹਾਂ ਦੀ ਮਨ ਰੂਪੀ ਝੋਲੀ ਅੱਡੀ ਵਿਚ, ਬਖਸ਼ਿਸ਼ ਦਾ ਦਾਨ ਪੈਂਦਾ ਏ। ਨਿਰਸੰਦੇਹ ਪੈਂਦਾ ਹੈ। ਅਵਸ਼ ਪੈਂਦਾ ਹੈ।

ਸਦਾ ਚੜ੍ਹਦੀਆਂ ਕਲਾਂ ਰਹਿਣ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : 30.11.76

ਅਸੀਂ ਸਦਾ ਹੀ ਹਰ ਵੇਲੇ ਇਸ ਤੁਕ ਨੂੰ ਵੀਚਾਰ ਸਹਿਤ Repeat ਕਰਦੇ ਰਹੀਏ ਕਿ

**ਹਾ ਹਾ ਪ੍ਰਭ ਰਾਖਿ ਲੇਹੁ ॥**

**ਹਮ ਤੇ ਕਿਛੂ ਨ ਹੋਇ ਮੇਰੇ ਸੁਾਮੀ**
**ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ੧ ॥ ਰਹਾਉ ॥**

*(ਪੰਨਾ ੬੭੫)*

ਤਾਂ ਤੇ ਨਿਰਸੰਦੇਹ ਹੀ ਪ੍ਰਭੂ ਆਪਨਾ ਬਿਰਦ ਪਾਲਦਾ ਹੈ। ਪ੍ਰਭੂ ਦਾ ਬਿਰਦ ਪਤਿਤ ਉਧਰਨ ਹੈ ਤੇ ਸਾਡਾ ਸੁਭਾਵ ਭੁਲਨਹਾਰ ਹੈ। ਤਾਂ ਤੇ ਢੀਠ ਮੰਗਤੇ ਦੀ ਨਿਆਈ ਢੀਠ ਹੋ ਕੇ ਉਸ ਪ੍ਰਭੂ ਅੱਗੇ ਇਸ ਦਾਨ ਲਈ ਜੋਦੜੀਆਂ ਕਰਦੇ ਰਹੀਏ, ਤਰਲੇ, ਹਾੜੇ ਕੱਢਦੇ ਰਹੀਏ, ਬੇਨਤੀਆਂ ਕਰਦੇ ਰਹੀਏ, ਅਰਦਾਸਾਂ ਕਰਦੇ ਰਹੀਏ। ਪਰ ਨਿਮਾਣੇ ਤੇ ਨਿਤਾਣੇ ਹੋ ਕਰ ਕੇ ਦਿਲੋਂ ਕਰੀਏ। ਫਿਰ ਅਵਸ਼ ਹੀ ਪ੍ਰਭੂ ਪੁਕਾਰ ਸੁਣ ਕਰ, ਵਿਲਕਦੀਆਂ ਰੂਹਾਂ ਨੂੰ ਆਪਣੇ ਅੰਦਰ ਪ੍ਰਵੇਸ਼ ਕਰ ਲੈਂਦਾ ਹੈ।

ਆਪ ਦੇ ਪਾਸ ਬਾਣੀ ਮੌਜੂਦ ਹੈ। ਸੋ ਬਾਣੀ ਦਾ ਅਭਿਆਸ ਜ਼ਿਆਦਾ ਤੋ ਜ਼ਿਆਦਾ ਕਰਿਆ ਕਰੋ। ਮਨ ਨੂੰ ਸ਼ਾਂਤੀ, ਠੰਗ੍ਰਮਾ ਤੇ ਸਹਿਜ ਅਵਸਥਾ ਮਿਲਸੀ। ਬਾਣੀ ਹੀ ਨਾਮ ਹੈ। ਸੋ ਇਸ ਦੀ ਕਮਾਈ ਮਨ, ਬਚ, ਕਰਮ ਕਰਿਆ ਕਰੋ। ਸਦਾ ਦਾ ਖੇੜਾ, ਸਦਾ ਦਾ ਸੁਖ, ਸਦਾ ਦਾ ਰਹਿਸ, ਸਦਾ ਦਾ ਆਨੰਦ, ਸਦਾ ਦੀ ਖੁਸ਼ੀ, ਸਦਾ ਦੀ ਤ੍ਰਿਪਤੀ ਤੇ ਸਦਾ ਦਾ ਹੁਲਾਸ ਮਿਲਸੀ।

**ਸੰਤਨ ਦੁਖ ਪਾਏ ਤੇ ਦੁਖੀ ॥** *(ਕਬਿਯੋਬਾਚ, ਬੇਨਤੀ ਚੌਪਾਈ ਪਾ: ੧੦)*

ਨਿਰੰਕਾਰ ਨਾਲ ਨਹੀਂ ਲੱਗਦੀ। ਨਿਰੰਕਾਰ ਸੁਖ ਦੁਖ ਰਹਿਤ ਹੈ। ਇਸ ਦਾ ਅਰਥ ਹੈ ਕਿ ਜੋ ਸੰਤਾਂ ਨੂੰ ਦੁਖੀ ਕਰਦਾ ਹੈ, ਉਹ ਦੁਖੀ ਰਹਿੰਦਾ ਹੈ।

**ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥** *(ਪੰਨਾ ੨੯੦)*

ਪਰਮੇਸ਼ਰ ਉਸ ਨੂੰ ਸਜ਼ਾ ਦੇਂਦਾ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 9.12.76

ਇਹ ਬੜੀ ਪ੍ਰਸੰਨਤਾ ਦੀ ਗੱਲ ਹੈ ਜੋ ਤੁਸੀ ਦੋਵੇਂ ਨਾਮ ਬਾਣੀ ਨਾਲ ਪ੍ਰੇਮ ਕਰ ਰਹੇ ਹੋ ਤੇ ਲਾਭ ਉਠਾ ਰਹੇ ਹੋ। ਇਸ ਨੂੰ ਬਖਸ਼ਿਸ਼ ਕਹਿੰਦੇ ਹਨ। ਤੁਹਾਡੇ ਦੋਹਾਂ ਤੇ ਬਖਸ਼ਿਸ਼ ਹੋਈ ਹੈ। ਐਨੀ ਘਾਲਣਾ ਨਹੀਂ ਕਰਨੀ ਪਈ। ਤਾਂ ਫਿਰ ਸਾਨੂੰ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦਾ ਲੱਖ-ਲੱਖ ਸ਼ੁਕਰ ਕਰਨਾ ਚਾਹੀਦਾ ਏ। ਤਾਂ ਤੇ ਸ਼ੁਕਰਾਨੇ ਵਿਚ ਸਦਾ ਰਹਿਆ ਕਰੋ। ਇਹ ਹੀ ਸੁਝਾ ਭਰੀ ਬੇਨਤੀ

ਏ। ਕਦੇ ਵੀ ਕਿਸੇ ਹਾਲਤ, ਉਸ ਪਾਰਬ੍ਰਹਮ ਪ੍ਰਭੂ ਨੂੰ ਦਿਲੋਂ ਨਾ ਵਿਸਾਰਨਾ ਤੇ ਆਸਰਾ ਤੇ ਟੇਕ ਵੀ ਕੇਵਲ, ਉਸੀ ਪ੍ਰਭੂ ਦੀ ਰੱਖਣਾ। ਕਦੇ ਵੀ ਭੁੱਲ ਕੇ ਆਪਣੀਆਂ ਸੁਰਤਾਂ ਕਿਸੇ ਦੇ ਥੱਲੇ ਨਹੀਂ ਲਿਆਉਣੀਆਂ ਭਾਵੇ ਉਹ ਕਿੱਡਾ ਹੀ ਵੱਡਾ ਰਿਧੀਆਂ ਸਿਧੀਆਂ ਵਖਾਉਂਦਾ ਹੋਵੇ-ਇਸ ਵਿਚ ਮੈਂ ਵੀ ਸ਼ਾਮਲ ਹਾਂ, ਆਪਣੀ ਸੁਰਤਿ ਨੂੰ ਕੇਵਲ ਗੁਰਬਾਣੀ ਅਧੀਨ ਰੱਖਣਾ ਹੈ, ਸਦਾ ਰੱਖਣਾ ਹੈ, ਸਤਿਗੁਰੂ ਗੁਰਬਾਣੀ ਹੈ, ਸਾਡਾ ਅਧਾਰ ਗੁਰਬਾਣੀ ਹੈ। ਸਾਡਾ ਸਹਾਰਾ ਕੇਵਲ ਗੁਰਬਾਣੀ ਹੈ। ਸਾਡਾ ਸਭ ਕੁਝ-ਮਾਣ ਤਾਣ ਤੇ ਭਰੋਸਾ ਕੇਵਲ ਗੁਰਬਾਣੀ ਹੈ। ਜੇ ਇਸ ਸੁਝਾਵ ਭਰੀ ਬੇਨਤੀ ਤੇ ਅਮਲ ਕਰੋਗੇ ਤਾਂ ਸਦਾ ਦਾ ਆਨੰਦ, ਸਦਾ ਦਾ ਖੇੜਾ, ਸਦਾ ਦੀ ਖੁਸ਼ੀ, ਸਦਾ ਦਾ ਰਹਿਸ, ਸਦਾ ਦੀ ਸ਼ਾਂਤੀ ਵਿਚ ਖੇਡੋਗੇ। ਕਦੀ ਕੋਈ ਤੌਖਲਾ, ਦਲਗੀਰੀ, ਢਹਿੰਦੀਆਂ ਕਲਾਂ, ਚਿੰਤਾ, ਕਾੜ੍ਹਾ, ਸਾੜ੍ਹਾ ਨਹੀਂ ਵਿਆਪੇਗਾ, ਇਸ ਗੱਲ ਨੂੰ ਸਦਾ ਚੇਤੇ ਰੱਖਣਾ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 10.12.76

ਏਥੇ 27.11.76 ਨੂੰ ਪੁੱਜੇ। ਇੱਥੇ ਪ੍ਰੋਗਰਾਮ ਕੇਵਲ ਤਿੰਨ ਹਫਤੇ ਦਾ ਸੀ ਤੇ ਫਿਰ ਅਸੀ ਮਦਰਾਸ ਜਾਣਾ ਸੀ, ਇਥੋਂ ਦੀ ਸੰਗਤਿ ਦੀ ਰੁਚੀ, ਨਿਸ਼ਕਪਟਤਾ, ਚਾਉ ਤੇ ਉਮਾਹ ਨੇ ਪ੍ਰੋਗਰਾਮ ਹੋਰ ਵਧਾ ਦਿੱਤਾ। ਅਸੀ ਬਾਹਲੀ ਕੋਸ਼ਿਸ਼ ਕੀਤੀ ਕਿ ਪ੍ਰੋਗਾਰਮ ਨਿਯੁਕਤ ਤਿੰਨ ਹਫਤਿਆਂ ਲਈ ਹੀ ਰਹੇ, ਪਰ ਨਾਮ ਰਸੀਆਂ ਦੇ ਜਦ ਨੇਤ੍ਰ ਜਲ ਭਰਪੂਰ ਵੇਖੇ ਤਾਂ ਨਾਂਹ ਨਾ ਹੋ ਸਕੀ। ਜਦ ਉਨ੍ਹਾਂ ਇਹ ਤੁਕ ਪੜ੍ਹੀ ਕਿ ਦੀਨ ਦੁਨੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਵਲਵਲੇ ਭਰੀ ਰੀਝ ਇੰਜ ਫੁਰਮਾਉਂਦੇ ਹਨ :-

**ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ ॥**

*(ਪੰਨਾ ੫੧੫)*

ਫਿਰ ਮੈਨੂੰ ਛੇਤੀ ਪੁੱਛ ਕੀਤੀ ਕਿ ''ਕੀ ਅਸੀਂ ਸੱਚੇ ਦਿਲੋਂ ਵਾਹ ਵਾਹ ਨਹੀਂ ਕਰਦੇ, ਕੀ ਅਸੀਂ ਇਤਨੇ ਅਧਿਕਾਰੀ ਨਹੀ ਹਾਲਾਂ ਬਣੇ ਜੋ ਤੁਸੀਂ ਸਾਨੂੰ ਕੁਝ ਹੋਰ ਸਮਾਂ ਦੇਵੋ। ਅਸੀ ਤਨ ਮਨ ਨਹੀਂ ਮੰਗਦੇ, ਅਸੀਂ ਤਾਂ ਕੇਵਲ ਤੁਹਾਥੋ ਹੋਰ ਸਮਾਂ ਵਾਹ ਵਾਹ ਕਰਨ ਲਈ-ਤੁਹਾਡੇ ਸਾਥ ਬੈਠ ਕਰ-ਮੰਗਦੇ ਆਂ'' ਮੇਰੇ ਪਾਸ ਕੋਈ ਉੱਤਰ ਨਾ ਰਹਿਆ ਤੇ ਉਨ੍ਹਾਂ ਦੇ ਪ੍ਰੇਮ, ਉਮਾਹ ਤੇ ਉਤਸ਼ਾਹ ਅੱਗੇ ਗੋਡੇ ਟੇਕਨੇ ਪਏ, ਤਾਂ ਦੋ ਹੱਥ ਜੋੜ ਕਰ

ਉਨ੍ਹਾਂ ਦੀ ਵਲਵਲੇ ਭਰੀ ਸੱਧਰ ਮੰਨਣੀ ਪਈ। ਹੁਣ ਅਸੀ ਏਥੋਂ ਮਦਰਾਸ ਨੂੰ 3.1.77 ਨੂੰ ਜਾ ਰਹੇ ਹਾਂ।

**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥**

*(ਪੰਨਾ ੫੨)*

ਨਾਮ ਦਾ ਜਾਪ, ਨਾਮ ਦਾ ਸਿਮਰਨ, ਨਾਮ ਦਾ ਧਿਆਨ, ਐਨੇ ਔਖੇ ਨਹੀਂ, ਜਿੰਨਾਂ ਕਿ ਨਾਮ ਦਾ ਹੁਕਮ-ਗੁਰਬਾਣੀ ਦੀ ਕਮਾਈ ਹੈ। ਜੋ ਜਗਿਆਸੂ ਰਾਤ ਦਿਨ ਮਾਲਾ ਫੇਰਦਾ ਰਹੇ ਤੇ ਪਾਠ ਕਰਦਾ ਰਹੇ, ਜੇ ਉਸ ਦੇ ਹੁਕਮ ਨੂੰ ਜੀਵਣ ਵਿਚ ਨਹੀਂ ਘਟਾਉਂਦਾ ਤਾਂ ਉਸਦਾ ਕੀ ਲਾਭ। ਸੋ ਜਦ ਤਾਈ ਨਾਮੀ ਵਾਹਿਗੁਰੂ ਦੇ ਹੁਕਮ ਉੱਤੇ ਆਪਣਾ ਜੀਵਨ ਢਾਲਣ ਦਾ ਉਪਰਾਲਾ ਨਹੀ ਕਰਾਂਗੇ, ਸਾਡੀ ਜੀਵ ਆਤਮਾ ਨੇ ਕਦੇ ਵੀ ਪਰਮਾਤਮਾ ਨਾਮੀ ਵਿਚ ਲੀਨ (Merge) ਨਹੀਂ ਹੋਣਾ, ਤਾਂ ਫਿਰ ਕਿਉਂ ਨਾ ਕਮਰ ਕੱਸਾ ਕਰ ਕੇ ਹੁਕਮ ਕੀ ਕਮਾਈ ਕਰੀਏ ? ਆਉ ਅਰਦਾਸਿ ਕਰੀਏ ਕਿ ਹੇ ਪਾਰਬ੍ਰਹਮ ਪਰਮੇਸ਼ਰ ਜੀਉ, ਸਾਨੂੰ ਦਾਨ ਬਖਸ਼, ਸਾਡੀਆਂ ਝੋਲੀਆਂ ਵਿਚ ਖੈਰ ਪਾ, ਆਪਣੇ ਨਾਮ ਤੇ ਪਿਆਰ ਦੀ ਕਣੀ ਬਖਸ਼ ! ਜ਼ਰੂਰ ਬਖਸ਼ !!

**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ**
**ਜਿਉ ਭਾਵੈ ਤਿਵੈ ਬਖਸਿ ॥** *(ਪੰਨਾ ੭੩੬)*

ਸਦਾ ਖੇੜੇ ਵਿਚ ਵਸੋ।

+ + +

ੴ ਸਤਿਗੁਰ ਪ੍ਰਸਾਦਿ।। ਬੰਗਲੌਰ : 10.12.76

ਪਿਆਰ ਭਰਿਆ ਪੱਤਰ ਮਿਲਿਆ।

ਆਪ ਹੁਣ ਉਸ ਦੀ ਮੇਹਰ ਦੇ ਪਾਤਰ ਬਣੇ ਰਹੋ। ਢਹਿੰਦੀਆਂ ਕਲਾਂ ਵਿਚ ਨਹੀਂ ਜਾਣ। ਸਦਾ ਸਹਾਇਕ ਤੇ ਸਦਾ ਪਿਆਰੇ ਵਲ ਪਾਲਤੂ ਕੁੱਤੇ ਦੀ ਨਿਆਈ ਝਾਕਦੇ ਰਹਿਣਾ ਏ। ਮਾਲਕ ਦਾ ਬਿਰਦ ਹੁੰਦਾ ਏ ਕਿ ਉਹ ਪਾਲਤੂ ਕੁੱਤੇ ਨੂੰ ਗਿਰਾਹੀ ਪਾ ਕੇ ਪਾਲਦਾ ਏ। ਤਾਂ ਤੇ ਸਦਾ ਪਾਲਤੂ ਕੁੱਤੇ ਵਾਂਗ-ਉਸ ਸਿਰਜਣਹਾਰ, ਪਾਲਣਹਾਰ,

ਬਖਸ਼ਨਾਹਰ ਤੇ ਨਿਰੰਕਾਰ ਦੇ ਕੁੱਤੇ ਬਣੇ ਰਹੀਏ, ਇਸੇ ਵਿਚ ਸੁੱਖ ਹੈ। ਇਸੇ ਵਿਚ ਲਾਭ ਹੈ।

**ਨਾਨਕ ਵਾਹੁ ਵਾਹੁ ਜੋ ਕਰਹਿ ਹਉ ਤਨੁ ਮਨੁ ਤਿਨ੍ ਕਉ ਦੇਉ ॥**

*(ਪੰਨਾ ੫੧੫)*

**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥**

*(ਪੰਨਾ ੫੨)*

ਨਾਮ ਦਾ ਜਾਪ ਸੌਖਾ ਹੈ। ਨਾਮ ਦਾ ਸਿਮਰਨ ਸੌਖਾ ਹੈ। ਪਰ ਨਾਮ ਦੇ ਹੁਕਮ-ਜੋ ਗੁਰਬਾਣੀ ਹੈ-ਦੀ ਕਮਾਈ ਬੜੀ ਔਖੀ ਹੈ। ਜੀਵਨ ਢਾਲਣਾ ਪੈਂਦਾ ਹੈ। ਮਨ ਨਾਲ ਘੋਲ ਕਰਨਾ ਪੈਦਾ ਹੈ। ਪਰ ਲੋਕਾਂ ਨੇ ਰੱਬ ਨੂੰ ਖਿਡਾਉਣਾ ਬਣਾ ਲਿਆ ਹੈ ਤੇ ਰਾਤ ਦਿਨ ਮਾਲਾ ਤੇ ਪਾਠਾਂ ਤੇ ਜੋਰ ਲਾ ਰਹੇ ਹਨ। ਜਿਸ ਦੀ ਮਾਲਾ ਤੇ ਪਾਠ ਕਰਦੇ ਹਨ ਉਸਦੀ ਗੱਲ ਕੋਈ ਨਹੀਂ ਮੰਨਦਾ। ਕੀ ਐਸੇ ਲੋਕ ਸਦਾ ਦਾ ਖੇੜਾ, ਸਦਾ ਦੀ ਖੁਸ਼ੀ, ਸਦਾ ਦਾ ਆਨੰਦ ਪਾ ਸਕਦੇ ਹਨ ? ਕਦਾਚਿਤ ਨਹੀਂ। ਤਾਂ ਤੇ ਨਾਮ ਦੀ ਕਮਾਈ ਕਰੀਏ ਤੇ ਜੀਵਨ ਉਸ ਅਨੁਸਾਰ ਢਾਲੀਏ। ਇਹ ਘੋਲ ਹੈ। ਜੇ ਡਿੱਗ ਪਈਏ ਤਾਂ ਦਿਲ ਨਾ ਛੱਡੀਏ। ਕੱਪੜੇ ਝਾੜ ਕੇ ਫਿਰ ਘੋਲ ਕਰੀਏ। ਇਕ ਦਿਨ ਵਿਜੇ ਪ੍ਰਾਪਤ ਜਰੂਰ ਹੋਸੀ।

**ਜੋ ਜਨ ਲੂਝਹਿ ਮਨੈ ਸਿਉ ਸੇ ਸੂਰੇ ਪਰਧਾਨਾ ॥**

*(ਪੰਨਾ ੧੦੮੯)*

ਤਾਂ ਤੇ :-

**ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ ॥**

*(ਪੰਨਾ ੩੫੩)*

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 29.12.76

ਵਲਵਲੇ ਤੇ ਸੱਧਰਾਂ ਭਰੀ, ਦਿਲ ਨੂੰ ਟੁੰਬਣ ਵਾਲੀ ਪੱਤ੍ਰਕਾ ਮਿਲੀ। ਪੱਤ੍ਰਕਾ ਰੀਝਾਂ ਦਾ ਚਿੱਤਰ ਹੈ। ਅਰਦਾਸਿ ਹੈ ਕਿ ਆਪ ਜੀ ਨੂੰ

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥** *(ਪੰਨਾ ੬੬੦)*

ਉਹ ਸਿਰਜਨਹਾਰ, ਉਹ ਪਾਲਨਹਾਰ, ਉਹ ਬਖਸ਼ਨਹਾਰ, ਉਹ ਨਿਰੰਕਾਰ, ਆਪ ਜੀ ਨੂੰ ਸਦਾ ਆਪਣੀ ਗੋਦੀ ਵਿਚ ਰੱਖੇ ਤੇ ਸਦਾ ਹੀ ਆਪ ਸਾਰੇ ਨਾਮ ਦੀ ਗੋਦ ਵਿਚ ਖੇਡੋ।

**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**

*(ਪੰਨਾ ੪੯੬)*

ਸਦਾ ਜੋਦੜੀਆਂ, ਤਰਲੇ, ਮਿੰਨਤਾਂ, ਹਾੜੇ ਤੇ ਨਿਹੋਰੇ ਕੱਢਦੇ ਰਿਹਾ ਕਰੋ। ਹੇਠ ਲਿਖੇ ਸ਼ਬਦ ਦਾ ਵੱਧ ਤੋਂ ਵੱਧ ਅਭਿਆਸ ਕਰਿਆ ਕਰੋ :-

**ਹਾ ਹਾ ਪ੍ਰਭ ਰਾਖਿ ਲੇਹੁ ॥**

**ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ**

**ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ੧ ॥ ਰਹਾਉ ॥**

**ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥ ੧ ॥**

**ਊਚ ਨੀਚ ਸੂਖ ਦੂਖ ॥ ਧ੍ਰਾਪਸਿ ਨਾਹੀ ਤ੍ਰਿਸਨਾ ਭੂਖ ॥ ੨ ॥**

**ਮਨਿ ਬਾਸਨਾ ਰਚਿ ਬਿਖੈ ਬਿਆਧਿ ॥**

**ਪੰਚ ਦੂਤ ਸੰਗਿ ਮਹਾ ਅਸਾਧ ॥ ੩ ॥**

**ਜੀਅ ਜਹਾਨੁ ਪ੍ਰਾਨ ਧਨੁ ਤੇਰਾ ॥**

**ਨਾਨਕ ਜਾਨੁ ਸਦਾ ਹਰਿ ਨੇਰਾ ॥ ੪ ॥**

*(ਪੰਨਾ ੬੭੫)*

ਹਾਂ ਜੀ, ਹੇ ਪ੍ਰਭੂ ! ਰੱਖ ਲਓ, ਰੱਖ ਲਓ। ਸਾਡੇ ਤੋਂ ਕੁਛ ਨਹੀਂ ਹੋ ਸਕਦਾ, ਹੇ ਮੇਰੇ ਸੁਆਮੀ ! ਕਿਰਪਾ ਕਰੋ ਤੇ ਆਪਣਾ ਨਾਮ ਦਿਓ।

ਇਹ ਸੰਸਾਰ ਤੇ ਕੁਟੰਬ, ਤ੍ਰਿਸ਼ਨਾ ਰੂਪੀ ਅਗਨ ਦਾ ਸਮੁੰਦਰ ਹੈ।

ਇਹ ਸੰਸਾਰ ਭਰਮ (Superstition), ਮੋਹ (Attachment), ਅਗਿਆਨ (Ignorance), ਅੰਧਾਰ (Darkness) ਨਾਲ ਭਰਿਆ ਪਿਆ ਹੈ। ਊਚ, ਨੀਚ ਤੇ ਸੁਖ, ਦੁਖ ਇਸ ਵਿਚ ਹਨ। ਤ੍ਰਿਸ਼ਨਾ ਦੀ ਭੁੱਖ ਰੱਜਦੀ ਨਹੀਂ। ਮਨ ਵਾਸ਼ਨਾ ਵਿਚ ਤੇ ਵਿਸ਼ਿਆਂ

ਦੀ ਬੀਮਾਰੀ ਵਿਚ ਰਚਿਆ ਪਿਆ ਹੈ ਤੇ ਪੰਚ ਦੁਸ਼ਟ–ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਮਨ ਨਾਲ ਚਿੰਬੜੇ ਪਏ ਹਨ, ਇਹ ਅਵੈੜੇ ਹਨ, ਖਰੂਦੀ ਹਨ, ਤਾਂ ਤੇ ਹੇ ਪ੍ਰਭੂ, ਦੁਹਾਈ ਹੈ। ਕ੍ਰਿਪਾ ਕਰਕੇ ਬਖਸ਼ੋ ! ਬਖਸ਼ੋ !! ਇਹ ਜਹਾਨ ਦੇ ਜੀਵ, ਇਹ ਪ੍ਰਾਨ ਤੇ ਧਨ ਤੇਰੇ ਹੀ ਸਦਾ ਸਮਝਾਂ ਤੇ ਸਦਾ ਹੀ ਪਾਤਸ਼ਾਹ, ਆਪ ਨੂੰ ਸਦਾ ਸਦਾ ਹੀ ਨੇੜੇ ਜਾਣਾ ਫਿਰ ਕੋਈ ਭੁਲ ਨਹੀਂ ਹੋਸੀ।

ਸਦਾ ਚੜ੍ਹਦੀਆਂ ਕਲਾਂ ਵਿਚ ਹੱਸੋ, ਰੱਸੋ, ਖੇਡੋ ਤੇ ਵੱਸੋ।

✢ ✢ ✢

ੴ ਸਤਿਗੁਰ ਪ੍ਰਸਾਦਿ।। ਮਦਰਾਸ : **10.1.77**

ਤੁਹਾਡੀ ਭਾਵਨਾ ਵਿਚ ਪ੍ਰੇਮ ਤੇ ਸਤਿਕਾਰ ਦਾ ਵਲਵਲਾ ਹੈ। ਮਹਾਰਾਜ ਤੁਹਾਨੂੰ ਸਾਰਿਆਂ ਨੂੰ ਆਪਣੇ ਨਾਮ ਦਾ ਦਾਨ ਬਖਸ਼ਣ ਤਾਂ ਕਿ ਤੁਸੀਂ ਸਾਰੇ ਇਸੇ ਜੀਵਨ ਵਿਚ, ਉਸ ਸਰਬ ਸਮਰੱਥ ਜੀਓ, ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਸਦਾ ਸਥਿਰ ਨਿਰੰਕਾਰ–ਵਿਚ ਸਮਾ ਜਾਓ ਤੇ :–

**ਬਹੁਰਿ ਨ ਭਉਜਲਿ ਫੇਰਾ ॥**

*(ਪੰਨਾ ੧੧੦੪)*

ਤੁਹਾਡੀ ਸੱਧਰ ਪੰਥ ਦੀ ਸੇਵਾ ਲਈ ਸਦਾ ਬਣੀ ਰਹੇ। ਤੁਹਾਡੀ ਰੀਝਾਂ ਭਰੀ ਭਾਵਨਾ ਨੂੰ ਫਲ ਲੱਗਣ। ਲੱਗਣਗੇ ਵੀ ਅਵਸ਼। ਨਿਸ਼ਕਪਟ ਹਿਰਦੇ ਨੂੰ ਭਾਗ ਲੱਗਦੇ ਨੇ।

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

*(ਪੰਨਾ ੫੪੪)*

ਤਾਂ ਤੇ ਸਦਾ ਹੀ ਉਸ ਪ੍ਰਭੂ ਦੀ ਚਰਨ ਸ਼ਰਨ ਰਹੋ ਤੇ ਨਾਮ ਜਪਦੇ ਹੋਏ ਆਪਣਾ ਮਨੁਖਾ ਜਨਮ ਸਫਲ ਕਰੋ। ਸਦਾ ਹੀ ਸਤਸੰਗਤਿ ਦੀ ਵਾੜ ਵਿਚ ਉਠੋ, ਬੈਠੋ, ਹੱਸੋ, ਖੇਡੋ–ਇਹ ਹੀ ਅਰਦਾਸਿ ਹੈ।

**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥** *(ਪੰਨਾ ੨੯੬)*

ਕੇਵਲ ਦਰਸ ਅਕਾਂਖਿਆਂ ਦੇ ਪਿਆਸੇ ਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਬਲਿਹਾਰ ਜਾਂਦੇ ਨੇ। ਫਿਰ ਅਸੀਂ ਕਿਉਂ ਨਾ ਜਾਈਏ ?

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਦਰਾਸ : 10.1.77

ਰਾਹ ਤੇ ਟੁਰ ਪਏ ਹੋ। ਬਖਸ਼ਿਸ਼ਾਂ ਹੋ ਰਹੀਆਂ ਹਨ। ਹੋਰ ਹੋਣਗੀਆਂ। ਸਾਡਾ ਕਰਤੱਵ ਕੇਵਲ ਉਸ ਦੀ ਮੇਹਰ ਹੇਠਾਂ ਰਹਿਣ ਦਾ ਹੋਣਾ ਚਾਹੀਦਾ ਹੈ। ਬਿਨਾਂ ਉਸ ਦੀ ਕ੍ਰਿਪਾ ਦੇ ਕੁਝ ਨਹੀਂ ਬਣ ਸਕਦਾ। ਕ੍ਰਿਪਾ ਦ੍ਰਿਸ਼ਟੀ ਲੈਣ ਲਈ, ਤਰਲੇ, ਜੋਦੜੀਆਂ, ਨਿਹੋਰੇ, ਮਿਨੰਤਾਂ, ਹਾੜੇ ਕੱਢਦੇ ਹੀ ਰਹਿਣਾ ਚਾਹੀਦਾ ਹੈ। ਹੋਰ ਕੋਈ ਰਾਹ ਨਹੀਂ।

**ਹਾ ਹਾ ਪ੍ਰਭ ਰਾਖਿ ਲੇਹੁ ॥**
**ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ**
**ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ੧ ॥ ਰਹਾਉ ॥**

*(ਪੰਨਾ ੬੭੫)*

ਇਹ ਹੈ ਭੇਦ ਦੀ ਗੱਲ ਉਸ ਪ੍ਰਭੂ ਦੀ ਬਖਸ਼ਿਸ਼ ਲੈਣ ਦੀ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਬਈ : 31.1.77

ਕਿੰਨਾ ਕੋਈ ਟਿਲ ਲਾਵੇ ਤੇ ਯਤਨ ਕਰੇ ਕਿ ਨਾਮ-ਰਸ ਸ਼ਬਦਾਂ ਰਾਹੀਂ ਦੱਸਾਂ ਤੇ ਪਰਗਟ ਕਰਾਂ, ਨਹੀਂ ਕੋਈ ਕਰ ਸਕਦਾ। ਕਿਉਂ ? ਉੱਤਰ ਸਪਸ਼ਟ ਹੈ।

ਪਰਗਟਾਉਣ ਲਈ ਕੋਈ ਸ਼ਬਦਾਵਲੀ ਨਹੀਂ। ਭਾਵਨਾਵਾਂ ਸਦਾ ਬਣੀਆਂ ਰਹਿਣ ਤੇ ਇਹ ਝਰਨਾਟਾਂ ਵਿਚ ਬਦਲ ਜਾਣ। ਝਰਨਾਟਾਂ (Vibrations) ਛਿੜਨ ਮਗਰੋਂ ਮਨ ਕਿੰਨਾਂ ਹਲਕਾ, ਰਸ-ਭਰਪੂਰ, ਆਨੰਦਮਈ, ਪ੍ਰੇਮ ਰਸ ਨਾਲ ਭਰ ਜਾਂਦਾ ਏ। ਇਸ ਅਵਸਥਾ ਨੂੰ ਪ੍ਰਤੀਤੀ ਦੇ ਦੇਸ਼ ਗਿਆਂ ਹੀ ਜਾਣੀਦਾ ਹੈ। ਨਾਮ ਰਸੀਆ ਹੀ ਨਾਮ ਰਸ

ਦੀ ਕਦਰ ਪਾਂਦਾ ਏ। ਸ਼ਬਦਾਂ ਦੀ ਹੇਰਾ ਫੇਰੀ ਵਿਚ ਕਿੰਨਾ ਹੀ ਪਈਏ ਪਰੰਤੂ ਕੋਈ ਸ਼ਬਦ ਇਹ ਦਸ਼ਾ ਵਰਣਨ ਨਹੀ ਕਰ ਸਕਦੇ। ਮਹਾਰਾਜ ਜੀ ਦੀਆਂ ਬਖਸ਼ਿਸ਼ਾਂ ਹਨ। ਮੇਹਰਾਂ ਹਨ। ਤਾਂ ਤੇ ਸਦਾ ਹੀ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦੇ ਸ਼ੁਕਰਾਨੇ ਵਿਚ ਰਹੀਏ ਤੇ ਉਸ ਪ੍ਰਭੂ ਦੀ ਦਰ ਢਠਨੀ ਕਦੇ ਨ ਛੱਡੀਏ। ਛੱਡਕੇ ਜਾਈਏ ਭੀ ਕਿਥੇ ? ਉਸ ਪ੍ਰਭੂ ਤੋ ਵੱਡਾ ਤਾਂ ਕੋਈ ਹੋਰ ਹੈ ਨਹੀ। ਤਦੇ ਤਾਂ ਸਹਿਬ ਜੀ ਫੁਰਮਾਉਂਦੇ ਹਨ :-

**ਤਾ ਕੀ ਸਰਨਿ ਪਰਿਓ ਨਾਨਕ ਦਾਸੁ ਜਾ ਤੇ ਊਪਰਿ ਕੋ ਨਾਹੀ ॥**

*(ਪੰਨਾ ੮੨੪)*

ਵਾਹ ਮੇਰੇ ਗੁਰੂ ਨਾਨਕ ਪਾਤਸ਼ਾਹ ਜੀ, ਆਪ ਧੰਨ ਹੋ। ਧੰਨ ਹੋ ! ਧੰਨ ਹੋ !!

**ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ ॥**
**ਆਨ ਨ ਬੀਆ ਤੇਰੀ ਸਮਸਰਿ ॥**

*(ਪੰਨਾ ੩੭੧)*

ਹਾਂ ਜੀ, ਹਜ਼ੂਰ ਨੂੰ ਛੱਡ ਕੇ ਕਿੱਥੇ ਜਾਈਏ ? ਹਜ਼ੂਰ ਵਰਗਾ ਹੋਰ ਦੁਨੀਆਂ ਵਿਚ ਕੋਈ ਨਹੀਂ ਹੈ। ਤਾਂ ਤੇ :-

**ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥**
**ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥**

*(ਪੰਨਾ ੬੭੪)*

ਹਾਂ ਪ੍ਰਭੂ ਜੀ,

**ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥**
**ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥**

*(ਪੰਨਾ ੮੦੯)*

**ਹਾ ਹਾ ਪ੍ਰਭ ਰਾਖਿ ਲੇਹੁ ॥**
**ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ**
**ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥ ੧ ॥ ਰਹਾਉ ॥**

*(ਪੰਨਾ ੬੭੫)*

ਬਿਨਾਂ ਪ੍ਰਭੂ ਦੀ ਦਇਆ ਦੇ, Grace ਦੇ, ਕਿਰਪਾ ਦੇ, ਮੇਹਰ ਦੇ, ਫਜ਼ਲ ਦੇ, ਬਖਸ਼ਿਸ਼ ਦੇ, ਨਦਰ ਦੇ, ਮਿਹਰਮਤ ਦੇ, ਜੀਵ ਦੀ ਲੂਲੀ ਲੰਗੜੀ ਅਲਪੱਗ ਮਤ ਕੀ ਕਰ ਸਕਦੀ ਏ ? ਫਿਰ ਕਿਉਂ ਨਾ ਨਦਰ ਦੇ ਹੇਠਾਂ ਆਣ ਲਈ ਜੋਦੜੀਆਂ, ਮਿੰਨਤਾਂ, ਤਰਲੇ, ਹਾੜੇ, ਅਰਦਾਸਾਂ, ਬੇਨਤੀਆਂ ਤੇ ਨਿਹੋਰੇ ਕੱਢਦੇ ਰਹੀਏ। ਇਹ ਹੀ ਇਕ ਰਾਹ ਹੈ ਜੋ ਗੁਰਮੱਤਿ ਦ੍ਰਿੜਾਉਂਦੀ ਹੈ। ਸੋ ਆਪਾਂ ਇਹ ਰਾਹ ਨਹੀਂ ਛੱਡਣਾ। ਕਦੇ ਨਹੀਂ ਛੱਡਣਾ।

ਸਦਾ ਚੜ੍ਹਦੀਆਂ ਕਲਾਂ ਬਣੀਆਂ ਰਹਿਣ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 12.3.77

ਤਾਂ ਤੇ ਅਰਦਾਸਿ ਕਰੋ :-

**ਅਰਦਾਸਿ ਕਰੀ ਪ੍ਰਭ ਅਪਨੇ ਆਗੈ**
**ਸੁਣਿ ਸੁਣਿ ਜੀਵਾ ਤੇਰੀ ਬਾਣੀ ॥**

*(ਪੰਨਾ ੭੪੯)*

ਜਿਸ ਤੇ ਪ੍ਰਭੂ ਦੀ ਪ੍ਰਸੰਨਤਾ ਹੁੰਦੀ ਏ :-

**ਸੇ ਲਾਗੇ ਗੁਰ ਕੀ ਬਾਣੀ ॥** *(ਪੰਨਾ ੬੦੮)*

ਇਹ ਅਰਦਾਸਿ ਕਿਉਂ ? ਇਸ ਲਈ ਕਿ :-

**ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ ॥**

*(ਪੰਨਾ ੧੦੬੬)*

ਅਤੇ :-

**ਸਾਚੀ ਬਾਣੀ ਮੀਠੀ ਅਮ੍ਰਿਤ ਧਾਰ ॥**
**ਜਿਨਿ ਪੀਤੀ ਤਿਸੁ ਮੋਖ ਦੁਆਰ ॥** *(ਪੰਨਾ ੧੨੭੫)*

ਤੇ ਕਿੰਨੀ ਵੱਡੀ ਗਾਰੰਟੀ ਏ :-

**ਅੰਤਰਿ ਪ੍ਰੇਮੁ ਪਰਾਪਤਿ ਦਰਸਨੁ ॥**
**ਗੁਰਬਾਣੀ ਸਿਉ ਪ੍ਰੀਤਿ ਸੁ ਪਰਸਨੁ ॥** *(ਪੰਨਾ ੧੦੩੨)*

ਪਰਸਨ ਦਾ ਭਾਵ ਅਵਸ਼ ਜੀਵ ਆਤਮਾ ਪਰਸ ਲੈਂਦਾ ਹੈ।

**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
**ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ ਵਾਸਾ ਹੋਇ ॥**

*(ਪੰਨਾ ੯੩੫)*

ਕਿਆ ਜ਼ੋਰ ਭਰੀ ਗਾਰੰਟੀ ਹੈ ! ਵਾਹ ਮੇਰੇ ਸਤਿਗੁਰੂ ਨਾਨਕ ਸੱਚੇ ਪਾਤਸ਼ਾਹ, ਵਿਲਕਦੀਆਂ ਭਟਕਦੀਆਂ ਆਤਮਾਵਾਂ ਲਈ ਕਿੰਨੀ ਗਾਰੰਟੀ ਏ। ਬਲਿਹਾਰ ਜਾਈਏ। ਕੁਰਬਾਨ ਜਾਈਏ। ਵਾਰੀ ਜਾਈਏ :-

**ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥**

*(ਪੰਨਾ ੯੬੪)*

ਸਦਾ ਚੜ੍ਹਦੀਆਂ ਕਲਾਂ ਵਿਚ ਰਹੋ।

ਆਪਣੀ ਬ੍ਰਿਤੀ ਸਦਾ ਗੁਰਬਾਣੀ ਦੇ ਅਧੀਨ ਰੱਖੋ। ਹੋਰ ਕਿਸੇ ਦੇ ਅਧੀਨ ਨਹੀਂ ਰੱਖਣੀ। ਸੁੱਖ ਮਿਲਸੀ।

✦ ✦ ✦

ੴ ਸਤਿਗੁਰ ਪ੍ਰਸਾਦਿ।। (ਪੱਤਰ ਮਿਤੀ : 19.5.77 ਵਿਚੋਂ)

ਨਾਮ ਬਾਣੀ ਦਾ ਲੜ ਕਦੇ ਵੀ, ਕਿਸੇ ਹਾਲਤ ਵਿਚ ਨਹੀਂ ਛੱਡਣਾ ਤੇ ਆਪਣੀ ਸੁਰਤਿ ਕੇਵਲ ਗੁਰਬਾਣੀ ਦੇ ਹੇਠਾਂ ਦਬੇਲ ਰੱਖਣੀ, ਕਿਸੇ ਹੋਰ ਦੇ ਹੇਠਾਂ ਬਮੇ ਮੇਰੇ ਵੀ, ਸੁਰਤਿ ਦਬੇਲ ਨਹੀਂ ਕਰਨੀ। **ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ॥** *(ਪੰਨਾ ੬੧)* ਹੈ, ਹੋਰ ਕੋਈ ਨਹੀਂ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 27.5.77

**ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥**

*(ਪੰਨਾ ੭੧੪)*

ਅਰਥ, ਹੇ ਇਨਸਾਨ ! ਜੋ ਤੂੰ ਸਦਾ ਦਾ ਖੇੜਾ ਚਾਹੁੰਦਾ ਹੈ ਤਾਂ ਨਾ-ਨਾਸ਼ ਹੋਣ ਵਾਲੇ ਨਾਰਾਇਣ ਦਾ ਸਦਾ ਸਿਮਰਨ ਕਰ।

ਕਿੰਨੀ ਭਾਰੀ ਗਾਰੰਟੀ ਏ ! ਜਿਹੜਾ ਵੀ ਇਸ ਨੂੰ ਕਮਾਇਗਾ, ਉਹ ਬਿਲਕੁਲ ਸਹੀ ਪਾਇਗਾ। ਗੁਰੂ ਨਾਨਕ ਪਾਤਸ਼ਾਹ ਜੀ ਐਵੇਂ ਗੱਪ ਨਹੀਂ ਮਾਰ ਰਹੇ। ਤਾਂ ਕਿਉਂ ਨਹੀਂ ਫਿਰ ਅਸੀਂ, ਇਸ ਗਾਰੰਟੀ ਨੂੰ ਪਰਖਦੇ ਤੇ ਲਾਭ ਉਠਾਂਦੇ ? ਇਹ ਸਾਡੀ ਕਮਜ਼ੋਰੀ ਏ। ਨਾਮ ਬਾਣੀ ਦਾ ਲੜ ਕਦੇ ਨਹੀਂ ਛੱਡਣਾ। ਇਸੇ ਵਿਚ ਸੁੱਖ ਹੈ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥**

*(ਪੰਨਾ ੩੨੨)*

ਤਾਂ ਤੇ :–

**ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥** *(ਪੰਨਾ ੭੫੨)*

✦ ✦ ✦

ੴ ਸਤਿਗੁਰ ਪ੍ਰਸਾਦਿ।। ਮਦਰਾਸ : 13.6.77

**ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥**

*(ਪੰਨਾ ੧੨੧੯)*

ਹਾਂ ਜੀ ਬੰਧਨ ਕੱਟ ਕੇ, ਗੁਰੂ ਪਾਤਸ਼ਾਹ ਨੇ, ਵਿਛੜੇ ਨੂੰ ਮਿਲਾ ਦਿੱਤਾ ਏ। ਤੁਸੀ ਤੁਰੇ ਚਲੋ। ਮਿਲ ਤਾਂ ਗਏ ਹੋ। ਹੁਣ ਅਰਦਾਸਿ ਕਰਿਆ ਕਰੋ ਕਿ ''ਹੇ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ, ਹੁਣ ਕਦੇ ਵੀ ਕਿਸੇ ਹਾਲਤ ਵਿਚ ਵਿਛੋੜਾ ਨਾ ਹੋਵੇ। ਜਿਹੜਾ, **ਅਗਨਿ ਕੁਟੰਬ ਸਾਗਰ ਸੰਸਾਰ ॥ ਭਰਮ ਮੋਹ ਅਗਿਆਨ ਅੰਧਾਰ ॥** *(ਪੰਨਾ ੬੭੫)* ਹੈ। ਇਸ ਵਿਚ ਜੀਵ ਆਤਮਾ ਮੁੜ ਨ ਖੁੱਭੇ। ਇਹ ਦ੍ਰਿੜਤਾ ਸਦਾ ਬਣੀ ਰਹੇ ਕਿ ਇਹ ਸਭ ਅਗਨੀ ਦਾ ਸਾਗਰ ਹੈ ਤੇ ਸਾੜ ਰਿਹਾ ਹੈ। ਇਹ ਭਰਮ ਹੈ, ਮੋਹ ਹੈ, ਅਗਿਆਨਤਾ ਹੈ ਤੇ ਹਨੇਰਾ ਹੈ''। ਜਦ ਜੀਵ ਆਤਮਾ ਸਦਾ ਇਸ ਤੇ ਅਮਲ ਕਰੇ ਕਿ ਇਹ ਸੰਸਾਰ ਵਾਸਤਵ ਵਿਚ ਉਹ ਨਹੀਂ, ਜੋ ਜੀਵ ਆਤਮਾ ਸਮਝ ਬੈਠੀ ਏ। ਇਹ ਤਾਂ ਅਗਨੀ ਦਾ ਸਮੁੰਦਰ (Superstitions, attachments, Ignorance ਤੇ darkness) ਹੈ। ਜਦ ਅਭਿਆਸ ਕਰਦੇ ਕਰਦੇ ਇਸ ਦੀ Continuity ਹੋ ਜਾਂਦੀ ਹੈ ਤਾਂ ਬੇੜਾ ਪਾਰ ਹੈ। ਸਦਾ ਦਾ ਆਨੰਦ, ਸਦਾ ਦਾ ਖੇੜਾ, ਸਦਾ ਦਾ ਰਹਸ, ਸਦਾ ਦੀਆਂ ਚੜ੍ਹਦੀਆਂ ਕਲਾਂ, ਸਦਾ ਦੀ ਸ਼ਾਂਤੀ, ਸਦਾ ਦੀ ਗੰਭੀਰਤਾ ਤੇ ਸਭ ਤੋ ਵਧੇਰੇ ਸਦਾ ਦੀ ਝਰਨਾਟ ਬਣੀ ਰਹਿੰਦੀ ਹੈ ਜੋ ਮਨ ਨੂੰ ਇਧਰ-ਉਧਰ ਨਹੀਂ

ਜਾਣ ਦੇਂਦੀ। ਤੁਹਾਡੇ ਤੇ ਇਹ ਅਵਸਥਾ ਆ ਰਹੀ ਹੈ। ਤਾਂ ਤੇ ਸਦਾ ਸ਼ੁਕਰਾਨੇ ਵਿਚ ਤੇ ਅਰਦਾਸਿ ਵਿਚ ਟਿਕੇ ਰਹੋ ਤੇ ਤਰਲੇ, ਮਿੰਨਤਾਂ, ਜੋਦੜੀਆਂ, ਨਿਹੋਰੇ ਕੱਢਦੇ ਰਹੋ, ਮਹਾਰਾਜ ਹੋਰ ਕਿਰਪਾ ਕਰਦੇ ਰਹਿਣਗੇ। ਇਸ ਵਿਚ ਸੰਦੇਹ ਨਹੀਂ।

**ਹਰਿ ਜਨ ਕੇ ਵਡ ਭਾਗ ਵਡੇਰੇ**
**ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**

*(ਪੰਨਾ ੧੦)*

ਤੁਹਾਡੇ ਵੱਡੇ ਭਾਗ ਹਨ, ਇਹ ਤੁਕ ਦ੍ਰਿੜਤਾ ਬਖਸ਼ਦੀ ਹੈ।

ਸਦਾ ਰੰਗ ਰਤੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।।                                   ਸਪਰੂਨ : 24.6.77

ਬਖਸ਼ਿਸ਼ ਸਦਾ ਭਾਣੇ ਅੰਦਰ ਰਹਿਣ ਤੇ ਹੁੰਦੀ ਏ। ਤਾਂ ਤੇ, ਸਦਾ ਇਹ ਮੰਗ ਮੰਗਦੇ ਰਹਿਣਾ ਹੀ ਚਾਹੀਦਾ ਹੈ ਕਿ ਪ੍ਰਭੂ :-

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥** *(ਪੰਨਾ ੩੯੪)*

ਉਂਜ ਵੀ ਵੀਚਾਰ ਕਰੀਏ ਤਾਂ ਕਿਸੇ ਕੰਮ ਵਿਚ ਜੋਰ ਨਹੀਂ ਚਲਦਾ। ਪਰੰਤੂ ਇਸਦੇ ਉਲਟ ਘਬਰਾਹਟ, ਚਿੰਤਾ, ਤੌਖਲਾ, ਢਹਿੰਦੀਆਂ ਕਲਾਂ ਬਣੀਆਂ ਰਹਿੰਦੀਆਂ ਹਨ। ਤੇ ਜੇ ਭਾਣੇ ਅੰਦਰ ਜਾਈਏ ਤਾਂ ਇਹ ਮਨ ਤੇ ਭਾਰੂ ਨਹੀਂ ਹੁੰਦੀਆਂ। ਤਾਂ ਤੇ :-

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

*(ਪੰਨਾ ੩)*

ਦੀ ਅਰਦਾਸਿ ਕਰਦੇ ਰਹੀਏ। ਇਸ ਵਿਚ ਸੁੱਖ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 24.6.77

ਸਮਾਗਮ ਤੇ ਹਾਜ਼ਰੀ ਭਰਨੀ ਕਿਉਂ ਜ਼ਰੂਰੀ ਹੈ ? ਇਸ ਲਈ ਕਿ ਇੱਕਲਿਆਂ ਨਾਮ, ਪੂਰਾ ਪੂਰਾ ਨਹੀਂ ਜਪਿਆ ਜਾ ਸਕਦਾ ਏ। ਸੰਗਤਿ ਵਿਚ ਜੁੜਿਆਂ ਹੋਇਆਂ ਦੀਆਂ ਭਾਵਨਾਵਾਂ ਬਦੋਬਦੀ, ਧਾਉਂਦੇ ਮਨ ਨੂੰ, ਹੋੜ ਕੇ ਜੋੜਦੀਆਂ ਹਨ। ਫਿਰ ਘਰ ਦੇ ਫੁਰਨੇ ਬਹੁਤ ਘੱਟ ਉੱਠਦੇ ਹਨ। ਮਨ ਤੋਂ ਧੋਖਾ ਅਵੱਸ਼ ਲਹਿੰਦਾ ਏ। Discharged ਮਨ, ਮੁੜ Charge ਹੋ ਜਾਂਦੇ ਨੇ।

ਬਿਹਬਲਤਾ ਦਾ ਕਾਰਣ, ਹਾਲਾਂ ਮਨ ਦੀ ਕਚਾਈ ਹੈ। ਹਾਲਾਂ ਧੋਖਾ, ਸੰਪੂਰਨ ਨਹੀ ਲੱਥਾ। ਅਰਦਾਸਿ ਐਨੀ ਸ਼ਕਤੀਸ਼ਾਲੀ ਹੈ ਕਿ ਬਿਹਬਲਤਾ ਨੂੰ ਦੂਰ ਕਰਦੀ ਏ। ਤਾਂ ਤੇ ਅਰਦਾਸਿ ਹੀ ਕਰਨੀ ਫਬਦੀ ਏ। ਗੜਬੜਾਂ ਤਾਂ ਹੁੰਦੀਆਂ ਹੀ ਰਹਿੰਦੀਆਂ ਹਨ। ਇਨ੍ਹਾਂ ਤੋਂ ਘਬਰਾਨਾ ਨਹੀਂ ਚਾਹੀਦਾ। ਉਸ ਸਿਰਜਨਹਾਰ, ਪਾਲਨਹਾਰ, ਨਿਰੰਕਾਰ ਦੀ ਟੇਕ ਦ੍ਰਿੜ੍ਹ ਕਰੋ। ਹੋਰ ਕੋਈ ਸਾਧਨ ਨਹੀਂ।

ਸਦਾ ਨਾਮ ਬਾਣੀ ਦੇ ਲੜ ਲੱਗੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 22.8.77

**ਜਿਹ ਠਾਕੁਰੁ ਸੁਪ੍ਰਸੰਨੁ ਭਯੌ ਸਤਸੰਗਤਿ ਤਿਹ ਪਿਆਰੁ ॥**

*(ਪੰਨਾ ੧੩੮੬)*

**ਹਰਿ ਜਨ ਕੇ ਵਡ ਭਾਗ ਵਡੇਰੇ**
**ਜਿਨ ਹਰਿ ਹਰਿ ਸਰਧਾ ਹਰਿ ਪਿਆਸ ॥**

*(ਪੰਨਾ ੧੦)*

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥**

*(ਪੰਨਾ ੧੭੯)*

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**

*(ਪੰਨਾ ੬੪੨)*

**ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥**
**ਆਗੈ ਮਿਲੀ ਨਿਥਾਵੇ ਥਾਉ ॥** *(ਪੰਨਾ ੮੯੧)*

ਬੀਜ ਮੰਤਰ ਕੀ ਹੈ ? ਉੱਤਰ ਵਿਚ ਫੁਰਮਾਉਂਦੇ ਹਨ ਕਿ **ਹਰਿ ਕੀਰਤਨੁ ਗਾਉ॥** ਜੇਹੜਾ ਇਸ ਤੇ ਅਮਲ ਕਰਸੀ, ਉਹ ਅੱਗੇ ਦਰਗਾਹ ਵਿਚ ਥਾਂ ਪਾਸੀ। ਕਿੰਨੀ ਵੱਡੀ ਗਾਰੰਟੀ ਏ। ਧੰਨ ਗੁਰੂ ਨਾਨਕ ਪਾਤਸ਼ਾਹ ਜੀ !

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 14. 9.77

**ਬੂਡਤ ਪ੍ਰਾਨੀ ਹਰਿ ਜਪਿ ਧੀਰੈ ॥**

**ਬਿਨਸੈ ਮੋਹੁ ਭਰਮੁ ਦੁਖੁ ਪੀਰੈ ॥ ੧ ॥ ਰਹਾਉ ॥**

**ਸਿਮਰਉ ਦਿਨੁ ਰੈਨਿ ਗੁਰ ਕੇ ਚਰਨਾ ॥**

**ਜਤ ਕਤ ਪੇਖਉ ਤੁਮਰੀ ਸਰਨਾ ॥ ੧ ॥**

**ਸੰਤ ਪ੍ਰਸਾਦਿ ਹਰਿ ਕੇ ਗੁਨ ਗਾਇਆ ॥**

**ਗੁਰ ਭੇਟਤ ਨਾਨਕ ਸੁਖੁ ਪਾਇਆ ॥** *(ਪੰਨਾ ੧੩੦੩)*

ਮੋਹ-ਲੋਭ, ਜੋ ਭਰਮ ਦੇ ਕਾਰਣ ਦੁੱਖ ਰੂਪ ਤੇ ਪੀੜਾ ਦੇਂਦੇ ਹਨ, ਉਸ ਸੱਚੇ ਪਾਤਸ਼ਾਹ ਦੀ ਮੇਹਰ ਨਾਲ ਦੂਰ ਹੋ ਗਏ। ਜੋ ਪ੍ਰਾਲਬਧ ਵਿਚ ਹੋਸੀ, ਉਹ ਅਵੱਸ਼ ਹੀ ਮਿਲ ਜਾਸੀ। ਫਿਰ ਮਨ ਦੁਖੀ ਕਿਉਂ ਕਰੀਏ ? ਮਨ ਨੂੰ ਦੁੱਖ ਦਿੱਤਿਆਂ ਕੋਈ ਵਾਧੂ ਤਾਂ ਸ਼ੈ ਮਿਲਣੀ ਨਹੀਂ। ਸਹਜ ਸੁਭਾਇ ਹੋਇ ਸੋ ਹੋਣ ਦੇਵੋ। ਜੋ ਹੋਸੀ ਉਸ ਨੂੰ ਲੈ ਲੈਣਾ ਹੈ।

**ਸਹਜ ਸੁਭਾਇ ਹੋਵੈ ਸੋ ਹੋਇ ॥**
**ਕਰਣੈਹਾਰੁ ਪਛਾਣੈ ਸੋਇ ॥** *(ਪੰਨਾ ੨੮੨)*

ਕੋਈ ਆਪਣੇ ਵੱਲੋਂ ਇੱਛਾ ਕਰਨ ਦੀ ਲੋੜ ਨਹੀਂ। ਗੁਰਮੁਖਿ ਬਣੋ ਤੇ ਆਪਣੀ ਪ੍ਰਾਲਬਧ ਤੇ ਸੰਤੁਸ਼ਟ ਰਹੋ। ਭੁੱਲ ਹੀ ਜਾਉ ਕਿ ਇੰਜ ਨਾ, ਇੰਜ ਨਾ, ਇੰਜ ਹੋਵੇ। ਇਹ ਆਪਣੀ ਮਰਜ਼ੀ ਠੋਸਣੀ ਹੁੰਦੀ ਹੈ। ਗੁਰੂ ਅੰਗ ਸੰਗ ਹਨ। ਭਾਗ ਅਨੁਸਾਰ ਮਿਲ ਜਾਸੀ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 5.12.77

ਨਾਮ ਬਾਣੀ ਦਾ ਲੜ ਨਹੀਂ ਛੱਡਣਾ। ਕੇਵਲ ਇਕ ਨਿਰੰਕਾਰ ਦੀ ਟੇਕ ਰੱਖਣੀ ਹੈ। ਸਭ ਕਾਰਜ ਰਾਸ ਹੋਣਗੇ। ਸੰਗਤਿ ਤਾਂ ਜਰੂਰ ਗੁਰਸਿੱਖਾਂ ਦੀ ਕਰਨੀ ਏ, ਪਰ ਆਪਨੀ ਸੁਰਤ ਕੇਵਲ ਗੁਰਬਾਣੀ ਦੇ ਅਧੀਨ ਰੱਖਣੀ ਏ। ਕਦੇ ਕੋਈ ਵਿਘਨ ਨਾ ਪਊ। ਬਖਸ਼ਿਸ਼ਾਂ ਹੋਸਨ।

\+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 10.12.77

**ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥**

*(ਪੰਨਾ ੭੩੦)*

ਕਿੰਨੇ ਸਵਾਸ ਬਿਰਥਾ ਜਾ ਰਹੇ ਹਨ ਤੇ ਕਿੰਨੇ ਲੇਖੇ ਲਗ ਰਹੇ ਹਨ। ਹਰ ਇਕ ਬੰਦਾ ਖੁਦ ਹੀ ਜਾਣਦਾ ਏ। ਤਾਂ ਤੇ ਉੱਦਮ ਕਰੀਏ ਕਿ ਕੋਈ ਵੀ ਸਵਾਸ ਬਿਰਥਾ ਨਾ ਜਾਏ। ਹੋਰ ਤਾਂ ਧੰਧੇ ਪਿਟਨੇ ਨੇ।

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

*(ਪੰਨਾ ੧੨)*

ਸਦਾ ਰਸ ਭਰਪੂਰ ਰਹੋ।

\+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 12.12.77

**ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ**
**ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥** *(ਪੰਨਾ ੬੭੮)*

ਪਰ ਮਨ :-

**ਨਾਮੁ ਵਿਸਾਰਿ ਅਨ ਰਸ ਲੋਭਾਨੇ ਫਿਰਿ ਪਛੁਤਾਹਿ ਅਭਾਗਾ ॥**

*(ਪੰਨਾ ੫੯੮)*

**ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥**
**ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥ ੧ ॥ ਰਹਾਉ ॥**

*(ਪੰਨਾ ੧੦੧੭)*

ਮਹਾਰਾਜ ਜੀ ਅੱਗੇ ਅਰਦਾਸਾਂ, ਜੋਦੜੀਆਂ, ਤਰਲੇ, ਹਾੜ੍ਹੇ, ਮਿੰਨਤਾਂ, ਸਮਾਜਤਾਂ, ਨਿਹੋਰੇ ਕੱਢੀਏ, ਲਿਲਕੜੀਆਂ ਲਈਏ ਕਿ ਹੇ ਸੱਚੇ ਪਾਤਸ਼ਾਹ ਜੀ :-

**ਇਨ ਤੇ ਆਪਿ ਛਡਾਵਹੁ ॥**
**ਇਹ ਭੀਤਰ ਤੇ ਇਨ ਕਉ ਡਾਰਹੁ**
**ਆਪਨ ਨਿਕਟਿ ਬੁਲਾਵਹੁ ॥**

*(ਪੰਨਾ ੬੧੭)*

ਸਦਾ ਖੇੜੇ ਵਿਚ ਵੱਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।।

ਪ੍ਰੇਮ ਪਾਤੀ ਪੁਜੀ। ਸਹਜ ਅਵਸਥਾ ਵਿਚ ਮਨ ਦਾ ਟਿਕਾਉ ਆਉਣ ਦੀ ਸੂਚਨਾ, ਪ੍ਰਸੰਨਤਾ ਭਰਪੂਰ ਹੈ। ਇਹ ਸਭ ਬਖਸ਼ਿਸ਼ ਤੇ ਹੀ ਗੱਲ ਮੁੱਕਦੀ ਏ, ਜ਼ੋਰ ਤੇ ਨਹੀਂ। ਪਰ ਬਖਸ਼ਿਸ਼ ਲਈ ਦਿਲੋਂ ਜੋਦੜੀਆਂ, ਨਿਹੋਰੇ, ਹਾੜ੍ਹੇ, ਤਰਲੇ, ਮਿੰਨਤਾਂ, ਸਮਾਜਤਾਂ, ਬੇਨਤੀਆਂ, ਅਰਦਾਸਾਂ ਕਰਨੀਆਂ ਜਰੂਰੀ ਹਨ। ਜਦ ਅਰਜੋਈਆਂ ਕਰਨ ਵੇਲੇ ਭੁੱਬਾਂ ਨਿਕਲਣ ਤਾਂ ਅਰਦਾਸਿ ਤੁਰੰਤ ਫਲ ਬਖਸ਼ਦੀ ਏ ਕਿ ਅਰਦਾਸਿ ਕਰਨ ਵਾਲਾ ਪੂਰਾ ਪੂਰਾ Sincere ਹੈ। ਉਸ ਪ੍ਰਭੂ ਦਾ ਬਿਰਦ ਹੈ ਕਿ ਉਹ ਮਾਲਕ ਫਿਰ ਤੁੱਠਦਾ ਏ ਤੇ ਪੁਕਾਰ ਸੁਣਦਾ ਏ। ਸੋ ਸ਼ੁਕਰ ਹੈ, ਲੱਖ ਲੱਖ ਸ਼ੁਕਰ ਹੈ ਕਿ ਮਾਲਕ ਜੀ ਨੇ ਬੇਨਤੀ ਸੁਣ ਕਰ ਮੇਹਰ ਕੀਤੀ। ਕੋਈ ਸ਼ਬਦਾਵਲੀ ਨਹੀਂ, ਜੋ ਧੰਨਵਾਦ ਕਰ ਸਕੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 2.1.78

ਪਾਤੀ ਪੁਜੀ। ਹੁਣ ਮਹਾਰਾਜ ਜੀ ਤੇ ਹੀ ਡੋਰੀ ਰੱਖੋ।

**ਪ੍ਰਭ ਡੋਰੀ ਹਾਥਿ ਤੁਮਾਰੇ ॥** *(ਪੰਨਾ ੬੨੭)*

ਸਦਾ ਟੇਕ ਤੇ ਆਸਰਾ ਉਸ ਸਰਬ ਸਮੱਰਥ, ਸਰਬ ਵਿਆਪਕ, ਅੰਤਰਜਾਮੀ, ਦੁੱਖ ਭੰਜਨ, ਨਿਰਭਉ, ਨਿਰਵੈਰ, ਅਜੂਨੀ, ਸੁਤੇ ਪ੍ਰਕਾਸ਼, ਸਦਾ ਸਥਿਰ, ਦੀਨ ਬੰਧੂ ਦਾ ਰਖਣਾ ਏ। ਮਾਨੁਖ ਦੀ ਟੇਕ ਸਦਾ ਬਿਰਥੀ ਜਾਣਨੀ ਏ। ਸਤਿਸੰਗ ਜਰੂਰ ਕਰਦੇ ਰਹਿਣਾ ਏ। ਇਸ ਨਾਲ ਦ੍ਰਿੜਦਾ ਬੱਝੀ ਰਹਿੰਦੀ ਏ। ਮਨ ਦੁੱਲਤੀਆਂ ਨਹੀਂ ਮਾਰਦਾ। ਆਪਣਾ ਨਿਤਨੇਮ ਰੋਜਾਨਾ ਕਰਨਾ ਏ। ਬੀਬਾ ਵੀ ਰੋਜਾਨਾ ਨਿਤਨੇਮ ਕਰਨ। ਟੇਕ ਉਸ ਪ੍ਰਭੂ ਦੀ ਰੱਖਣ। ਮਹਾਰਾਜ ਜੀ ਦੀਆਂ ਬਖਸ਼ਿਸ਼ਾਂ ਹੋਸਨ। ਤੁਸੀਂ ਜਦੋ ਚਾਹੋ, ਇਥੇ ਸਤਿਸੰਗ ਕਰਨ ਲਈ ਆ ਸਕਦੇ ਹੋ। ਪੁੱਛਣ ਦੀ ਲੋੜ ਨਹੀਂ।

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**
**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥**

*(ਪੰਨਾ ੨੫੭)*

ਨਾਮ ਬਾਣੀ ਨਾਲ ਪਿਆਰ ਬਣਿਆ ਰਹੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 3.1.78

ਆਪ ਜੀ ਦੀ ਪਾਤੀ ਤੇ Greeting Card ਮਿਲੇ। ਨਵੇਂ ਸਾਲ ਵਿਚ, ਇਹ ਹੀ ਰੀਝ ਬਣੀ ਰਹੇ ਕਿ ਉਹ ਪਿਆਰਾ ਪ੍ਰਭੂ ਕਦੇ ਵੀ ਨ ਵਿਸਰੇ। ਗੁਰਮੱਤਿ ਫੁਰਮਾਂਦੀ ਏ ਕਿ :-

**ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥** *(ਪੰਨਾ ੭੩੦)*

ਜੇ ਅਸੀਂ ਇਸ ਤੇ ਪਹਿਰਾ ਦੇਈਏ ਕਿ ਕਿੰਨੇ ਕੁ ਸੁਆਸ ਲੇਖੇ ਪੈ ਰਹੇ ਹਨ, ਤੇ ਕਿੰਨੇ ਕੁ ਬੇਅਰਥ ਜਾ ਰਹੇ ਹਨ ਤਾਂ ਮਾਇਆ ਰੂਪੀ ਸਮੁੰਦਰ ਵਿਚ, ਮਾਇਆ-ਵੇਹੜੇ ਮਨ ਡੁਬਦੇ ਦਾ ਬੇੜਾ ਪਾਰ ਹੋ ਜਾਂਦਾ ਏ।

ਮੇਰੀ ਅਰਦਾਸਿ ਹੈ ਕਿ ਸਰਬ ਸਮਰੱਥ ਨਿਰੰਕਾਰ, ਉਪਰੋਕਤ ਉਪਦੇਸ਼ ਤੇ ਚੱਲਣ ਦਾ ਬਲ ਪ੍ਰਦਾਨ ਕਰਨ। ਹੋਰ ਕੋਈ ਚਾਰਾ ਨਹੀਂ। ਕੋਈ ਢੋਈ ਨਹੀਂ। ਕੋਈ ਪੇਸ਼

ਨਹੀਂ। ਕਾਕੇ ........... ਸਿੰਘ ਨੂੰ ਵੀ ਇਹ ਅਰਦਾਸਿ ਸੁਣਾ ਦੇਣੀ ਤੇ ਉਹ ਵੀ ਏਹੀ ਅਰਦਾਸਿ ਕਰਿਆ ਕਰਨ।

ਸਦਾ ਨਾਮ ਬਾਣੀ ਨਾਲ ਜੁੜੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 25.1.78

ਇਹ ਪੜ੍ਹ ਕੇ ਪ੍ਰਸੰਨਤਾ ਹੋਈ ਕਿ ਬੀਬਾ ਦੀ ਆਤਮਕ ਅਵਸਥਾ ਤੁਹਾਡੇ ਨਾਲੋ ਜ਼ਿਆਦਾ ਏ ਤੇ ਬ੍ਰਿਤੀ ਚੰਗੀ ਏ। ਇਹ ਬਖਸ਼ਿਸ਼ ਹੈ। ਪਤਾ ਨਹੀਂ ਪ੍ਰਭੂ ਜੀ ਕਦ ਤੇ ਕਿਸ ਉੱਤੇ ਮਿਹਰ ਦ੍ਰਿਸ਼ਟੀ ਕਰ ਦੇਣ। ਸੋ ਸਾਨੂੰ ਸਦਾ ਉਸ ਸਿਰਜਣਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ, ਸਦਾ ਸਥਿਰ, ਸਰਬ ਸਮਰੱਥ, ਸਰਬ ਵਿਆਪਕ, ਜੂਨ ਰਹਿਤ, ਸੁਤੇ ਪਰਕਾਸ਼, ਦੁਖ ਭੰਜਨ, ਅੰਤਰਜਾਮੀ, ਅਥਾਹ, ਬੇਅੰਤ ਗੁਣਾਂ ਦੇ ਭੰਡਾਰ, ਸਦਾ ਸਹਾਇਕ, ਗਰੀਬ ਨਿਵਾਜ਼ ਦਾ ਲੱਖ ਲੱਖ ਸ਼ੁਕਰ ਹਰ ਵੇਲੇ ਕਰਦੇ ਰਹਿਣਾ ਚਾਹੀਦਾ ਹੈ। ਆਪਣੇ ਵਲੋਂ ਪੂਰਾ ਪੂਰਾ ਯਤਨ ਗੁਰਬਾਣੀ ਅਨੁਸਾਰ ਜੀਵਨ ਦਾ ਕਰਨਾ ਚਾਹੀਦਾ ਏ। ਇਹ ਤਾਂ ਹੈ ਸਾਡਾ ਧਰਮ ਤੇ ਉਸ ਮਾਲਕ ਦਾ ਬਿਰਦ ਹੈ-ਬਖਸ਼ਿਸ਼ ਕਰਨਾ ।

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

*(ਪੰਨਾ ੫੪੪)*

ਇਸ ਦਾ ਅਰਥ ਹੈ ਕਿ ਜਿਹੜਾ ਉਸ ਮਾਲਕ ਦੀ ਸ਼ਰਨ ਵਿਚ ਆਉਂਦਾ ਏ, ਉਸ ਨੂੰ ਪ੍ਰਭੂ ਆਪਣੇ ਗਲੇ ਨਾਲ ਅਵਸ਼ ਲਾਉਂਦਾ ਹੈ, ਇਹ ਉਸ ਦਾ ਸੁਭਾਉ ਹੈ।

ਬੀਬਾ ਤੇ ਤੁਸੀ ਸਣੇ ਸਾਰੇ ਪਰਿਵਾਰ ਨੇ ਮਿਲ ਕਰ ਸਵੇਰੇ ਤੇ ਰਾਤ ਸਤਿਸੰਗ ਕਰਿਆ ਕਰੋ। ਇਸ ਨਾਲ ਬਹੁਤ ਲਾਭ ਹੋਊ। ਆਪਣਾ ਨਿਤ ਦਾ ਅਭਿਆਸ-ਨਾਮ ਬਾਣੀ ਦਾ ਕਦੇ ਨਹੀਂ ਛੱਡਣਾ। ਚਿੱਤ ਬ੍ਰਿਤੀ ਨੂੰ ਬਾਣੀ ਨਾਲ ਜੋੜ ਕੇ ਰੱਖਣਾ ਏ। ਸੁਖ ਮਿਲਸੀ। ਮਿਹਰਾਂ ਹੋਸਨ।

ਸਦਾ ਦੋਵੇਂ ਨਾਮ ਬਾਣੀ ਦੇ ਨਾਲ ਲੱਗੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਲੁਧਿਆਣਾ : 20.3.78

**ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ ॥**

*(ਪੰਨਾ ੧੪੨੭)*

ਤੁਕ ਵਿਚ ਪਦ 'ਸਦਾ' ਦੀ ਵਰਤੋਂ ਕੀਤੀ ਗਈ ਹੈ। ਸਦਾ ਦਾ ਅਰਥ ਹੈ : ਨਿਰੰਤਰ, ਲਗਾਤਾਰ, ਮਸੱਲਸੱਲ, ਤਾਂ ਤੇ ਸਦਾ ਦੇ ਸੁਖ ਲਈ, ਸਦਾ ਦੇ ਖੇੜੇ ਲਈ, ਸਦਾ ਦੇ ਆਨੰਦ ਲਈ, ਸਦਾ ਦੇ ਸੰਤੋਖ ਲਈ, ਸਦਾ ਦੀ ਚੜ੍ਹਦੀ ਕਲਾ ਲਈ, ਪ੍ਰਭੂ ਦੀ ਸ਼ਰਨ ਲੈਣੀ ਚਾਹੀਦੀ ਹੈ। ਸਦਾ ਲਈ, ਸੁਖ ਮਿਲ ਜਾਂਦੇ ਨੇ। Brain Wash ਲਈ ਉਤਲੀ ਤੁਕ ਦਾ ਅਭਿਆਸ ਕਰਨਾ ਜਰੂਰੀ ਏ।

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਦਿੱਲੀ : 2.12.78

ਤੁਹਾਡਾ ਭਾਵਨਾ ਭਰਪੂਰ ਪੱਤਰ ਮਿਲਿਆ। ਚਿੱਤ ਪ੍ਰਸੰਨ ਹੋਇਆ। ਤੁਹਾਡੀ ਤੀਬਰ ਭਾਵਨਾ ਨੂੰ ਫਲ ਲੱਗੇ। ਸਦਾ ਹੀ ਖੇੜੇ ਵਿਚ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿਚ ਰਹੋ। ਸਦਾ ਹੀ ਨਾਮ ਬਾਣੀ ਦਾ ਲੜ ਫੜੀ ਰੱਖੋ। ਸਦਾ ਹੀ ਮਨ ਵਿਚ ਗਰੀਬੀ ਵਸਦੀ ਰਹੇ। ਪੰਜ ਮਹਾਂ ਬਲੀਆਂ ਤੋਂ ਗੁਰੂ ਪਾਤਸ਼ਾਹ ਸਦਾ ਹੀ ਬਚਾ ਕੇ ਰੱਖਣ। ਬੀਬਾ ਜੀ ਤੁਹਾਡੇ ਨਾਲ ਚੜ੍ਹਦੀਆਂ ਕਲਾਂ ਵਿਚ ਸਾਥ ਨਿਭਾਉਂਦੇ ਰਹਿਣ। ਦੋਵੇਂ ਜਣੇ ਸ਼ਾਨਾ ਬਸ਼ਾਨਾ, ਪਰਮਾਰਥ ਵੱਲ ਵੱਧਦੇ ਰਹੋ। ਵਾਹਿਗੁਰੂ ਜੀ, ਜੀਵਨ ਦੇ ਪਰਚਿਆਂ ਵਿਚ, ਪਾਸ ਕਰਦੇ ਜਾਣ। ਫੇਲ੍ਹ ਨਾ ਹੋਈਏ। ਬਾਕੀ ਗੱਲਾਂ ਤਾਂ ਧੰਧਾ ਪਿੱਟਣ ਦੀਆਂ ਹਨ।

**ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥**

*(ਪੰਨਾ ੪੧੮)*

ਜੀਵਨ ਧਾਰਨ ਦਾ ਪ੍ਰਯੋਜਨ ਗੁਰਮੱਤਿ ਵਿਚ ਕੇਵਲ ਨਾਮ ਜਪਨ ਦਾ ਏ :-

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

*(ਪੰਨਾ ੧੨)*

ਕਿਉਂ ? ਇਸ ਲਈ ਕਿ :-

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

ਅੱਗੇ ਕੋਲੋਂ ਪੰਜਾਂ ਦਾ ਸ਼ਕੰਜਾ ਢਿੱਲਾ ਹੋ ਰਿਹਾ ਹੈ। ਸਦਾ ਹੀ ਸ਼ੁਕਰਾਨੇ ਦੇ ਘਰ ਰਿਹਾ ਕਰੋ, ਹੋਰ ਵੀ ਬਖਸ਼ਿਸ਼ਾਂ ਹੋਸਨ।

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਦਿੱਲੀ : 2.12.78

ਅਸੀਂ ਏਥੇ ਸੇਵਾ ਨਿਭਾ ਰਹੇ ਹਾਂ, ਦੋਨੋਂ ਸਮੇਂ ਗੁਰਦੁਆਰਾ ਸਾਹਿਬ ਬੰਗਲਾ ਸਾਹਿਬ ਪ੍ਰੋਗਰਾਮ ਹੋ ਰਹੇ ਹਨ। ਸੰਗਤਾਂ ਨੂੰ ਬੜਾ ਲਾਭ ਹੋ ਰਿਹਾ ਹੈ, ਇਹ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ ਦੀ ਮਿਹਰ ਹੈ, ਜੋ ਸੇਵਾ ਲੈ ਰਹੇ ਹਨ। ਅਸੀਂ ਕੀ ਹਾਂ ਜੋ ਸੇਵਾ ਕਰ ਸਕੀਏ ?

ਤਾਂ ਤੇ ਅਰਦਾਸਿ ਹੈ ਕਿ ਸੱਚੇ ਪਾਤਸ਼ਾਹ ਜੀ ਨਿਸ਼ਕਾਮ ਸੇਵਾ ਦਾ ਦਾਨ ਬਖਸ਼ਦੇ ਰਹਿਣ। ਮਾਨ, ਵਡਿਆਈ ਤੇ ਸੋਭਾ ਦੀ ਅਗਨੀ ਤੋਂ ਬਚਾਉਣ। ਆਪ ਜੀ ਤੇ ਨਿਰੰਕਾਰ ਜੀ ਦੀ ਬਹੁਤ ਬਖਸ਼ਿਸ਼ ਹੈ। ਉਸ ਦੇ ਲੜ ਲੱਗੇ ਹੋਏ ਹੋ। ਸਾਡੀ ਅਰਦਾਸਿ ਹੈ ਕਿ ਸਦਾ ਹੀ ਨਾਮ ਬਾਣੀ ਨਾਲ ਜੁੜੇ ਰਹੋ।

**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**
*(ਪੰਨਾ ੪੯੬)*

ਸਾਡੀ ਤਾਂ ਤੁਹਾਡੇ ਲਈ ਇਹ ਹੀ ਅਸੀਸ ਹੈ। ਮਨੁੱਖਾ ਦੇਹ ਧਾਰਨ ਦਾ ਪ੍ਰਯੋਜਨ-ਗੁਰਮੱਤਿ ਵਿਚ ਕੇਵਲ ਨਾਮ ਜਪਣ ਦਾ ਦਰਸਾਇਆ ਹੈ। ਹੋਰ ਕੰਮ ਲਈ ਫੁਰਮਾਨ ਹੈ ਕਿ :-

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

ਬਾਕੀ ਤਾਂ ਧੰਧੇ ਪਿੱਟਣ ਵਾਲੀ ਗੱਲ ਹੈ। ਮਾਇਆ ਵੇਹੜਿਆ ਬੰਦਾ ਧੰਧਾ ਪਿਟ ਕੇ ਚਲਾ ਜਾਂਦਾ ਏ ਤੇ ਮੁੜ ਜਨਮ ਜਨਮਾਂਤ੍ਰਾਂ ਦੀਆਂ ਭਵਾਟੀਆਂ ਖਾਂਦਾ ਏ। ਫਿਰ ਸੁਖ ਵੀ ਨਹੀਂ ਲੱਭਦਾ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**

**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥**

*(ਪੰਨਾ ੩੨੨)*

ਤਾਂ ਤੇ ਟੁਰੀ ਚਲੋ, ਰਸਤਾ ਲੱਭ ਗਿਆ ਹੈ। ਪਰਤਾਵਾ ਵੀ ਲੈ ਲਿਆ ਹੈ। ਹੋਰ ਬਖਸ਼ਿਸ਼ਾਂ ਹੋਸਨ। ਅਸੀਂ ਏਥੋਂ 8 ਦਸੰਬਰ ਨੂੰ ਸੋਲਨ ਜਾ ਰਹੇ ਹਾਂ। ਅੱਗੋ **ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)*

ਸਦਾ ਦੋਵੇਂ ਨਾਮ ਬਾਣੀ ਨਾਲ ਜੁੜੇ ਰਹੋ।

+ + +

ੴ ਸਤਿਗੁਰ ਪ੍ਰਸਾਦਿ।। ਸੋਲਨ : 22.4.79

ਆਪ ਦੀ ਤਾਰ, ਦੂਜੇ ਦਿਨ ਦੁਪਿਹਰ ਇਕ ਵੱਜੇ ਪੁੱਜੀ।

ਗੁਰਮੁਖਿ ਪਿਆਰੇ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਨਾਮ ਜਪਦੇ-ਜਪਦੇ ਤੇ ਘਾਲਾਂ ਕਰਦੇ ਹੋਏ ਗੁਰਪੁਰੀ ਸਿਧਾਰ ਗਏ। ਜਨਮ ਸਫਲ ਕਰ ਗਏ। ਆਪਣੇ ਪਿਆਰ ਦੇ ਰੰਗ, ਬਿਨਾਂ ਸਰੀਰਕ ਕਸ਼ਟ ਸਹੇ ਚੋਲਾ ਛੱਡ ਗਏ। ਇਹ ਭਾਗ ਭਰਿਆਂ ਦੀ ਮ੍ਰਿਤੂ ਹੈ। ਉਹਨਾਂ ਦੀ ਥੁੜ ਉਹਨਾਂ ਦੇ ਪ੍ਰੇਮੀਆਂ ਨੂੰ ਭਾਸੇਗੀ। ਪਰ ਜ਼ੋਰ ਕੋਈ ਨਹੀਂ ਚਲਦਾ ਉਸ ਪ੍ਰਭੂ ਤੇ। ਵਾਹੁ ! ਵਾਹੁ ! ਨਾਮ ਜਪਦੇ ਜਨਮ ਸਫਲ ਕਰ ਗਏ। ਐਤਕੀ ਸਮਾਗਮ ਵਿਚ ਸਭ ਨੂੰ ਥੁੜ ਭਾਸੇਗੀ। ਹੁਕਮ ਦੀ ਖੇਡ। ਕੀ ਹੋ ਸਕਦਾ ਹੈ ?

ਸਦਾ ਨਾਮ ਜਪਦੇ ਰਹੋ।

+ + +

ੴ ਸਤਿਗੁਰ ਪ੍ਰਸਾਦਿ।। ਸੋਲਨ : 30.4.79

ਆਪ ਜੀ ਦੀ ਮਿਤੀ 24 ਅਪ੍ਰੈਲ ਦੀ ਲਿਖੀ ਚਿੱਠੀ ਅੱਜ ਹੀ ਮਿਲੀ। **ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥** *(ਪੰਨਾ ੪੭੪)* ਭਾਈ ਸਾਹਿਬ ਭਾ: ਦਇਆ ਸਿੰਘ ਜੀ ਆਪਣੀ ਯਾਤਰਾ ਸਫਲ ਨਿਭਾ ਗਏ। **ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ .......** *(ਪੰਨਾ ੬੮੭)* ਐਤਕੀ ਜਦ ਵਾਪਸ ਟੁਰਨ ਵੇਲੇ,

ਦਾਸ ਨੂੰ ਫਤਹਿ ਬੁਲਾਈ ਤਾਂ ਦਾਸ ਉਸ ਵੇਲੇ ਉਪਰ ਸੜਕ ਤੇ ਸੈਰ ਕਰਨ ਲਈ ਜਾ ਰਿਹਾ ਸੀ। ਭਾਈ ਸਾਹਿਬ ਦਾਸ ਦੇ ਚਰਨਾਂ ਤੇ ਡਿੱਗ ਕੇ ਉੱਠਣ ਹੀ ਨਾ। ਬੜੀ ਮੁਸ਼ਕਲ ਨਾਲ ਉਠਾਕੇ ਛਾਤੀ ਨਾਲ ਲਾਇਆ। ਉਨ੍ਹਾਂ ਦੇ ਨੇਤ੍ਰ ਜਲ ਭਰਪੂਰ ਸਨ। ਆਖਰੀ ਵਾਰ ਫਤਹਿ ਸੀ। ਉਨ੍ਹਾ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਪਿਤਾ ਜੀ ਨੇ ਸਾਰਾ ਮਾਮਲਾ ਨਿਪਟਾ ਦਿੱਤਾ ਤੇ ਭਾਈ ਸਾਹਿਬ ਜੀ ਖੁਸ਼ੀ ਖੁਸ਼ੀ 18.4.79 ਨੂੰ ਸਿੱਧੇ ਦਫਤਰ ਗਏ ਤੇ ਉੱਥੋਂ ਘਰ ਪੁੱਜੇ। ਰਾਤੀ ਛਾਤੀ ਵਿਚ ਦਰਦ ਉੱਠਿਆ। ਇਕ ਵਜੇ ਰਾਤੀ ਹਸਪਤਾਲ ਦਾਖਲ ਹੋਏ ਤੇ ਦੂਜੇ ਦਿਨ ਦੁਪਹਿਰ ਸਾਢੇ ਬਾਰਾਂ ਵਜੇ ਚੋਲਾ ਛੱਡ ਦਿੱਤਾ। (Heart Attack) ਵਾਹ ਵਾਹ ਹੁਕਮ ਕੀ ਖੇਡ।

**ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸਿ ॥** *(ਪੰਨਾ ੪੭੪)*

ਨਾਮ ਦਾ ਲਾਹਾ ਖੱਟ ਕੇ ਗਏ। ਪਿੱਛੇ ਪਰਵਾਰ ਵਿਚ ਪੂਰਨ ਸ਼ਾਂਤੀ ਹੈ, ਰੋਣਾ ਪਿਟਣਾ ਉੱਕਾ ਹੀ ਨਹੀਂ ਹੋਇਆ। ਕੀਰਤਨ ਹੁੰਦਾ ਰਿਹਾ। ਇਹ ਬਖਸ਼ਿਸ਼ ਏ। ਤਾਂ ਫਿਰ ਬੰਦਾ ਚਾਰ ਦਿਹਾੜੇ ਦੀ ਖੇਡ ਲਈ ਐਨਾ ਕਿਉਂ ਰੱਬ ਨੂੰ ਵਿਸਾਰ ਕੇ ਹੋਰ ਪਾਸੇ ਲੱਗਾ ਪਿਆ ਏ ? ਇਹ ਇਸ ਲਈ ਕਿ ਐਸਾ ਬੰਦਾ, ਗੁਰੂ ਦਾ ਨਹੀ ਬਣਿਆ। ਮਾਇਆ ਵਿਚ ਮਸਤ ਹੈ। ਸ਼ੁਦਾਈ ਏ।

**ਸੁਣਿ ਮੂਰਖ ਮੰਨ ਅਜਾਣਾ ॥**
**ਹੋਗੁ ਤਿਸੈ ਕਾ ਭਾਣਾ ॥** *(ਪੰਨਾ ੧੫੫)*

**ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ॥** *(ਪੰਨਾ ੬)*

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**
**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥** *(ਪੰਨਾ ੫੪੦)*

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥** *(ਪੰਨਾ ੬੪੨)*

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

ਜੇ ਸੰਭਵ ਹੋ ਸਕੇ ਤਾਂ ਕੁਝ ਸਮੇ ਲਈ ਪਰਵਾਰ ਸਹਿਤ ਏਥੇ ਆ ਜਾਓ। ਮਨ ਦਾ ਟਿਕਾਉ ਹੋ ਵੈਸੀ। ਪਰ ਜੇ ਕੰਮ ਦੇ ਰੁਝੇਵੇ ਆਣ ਨਾ ਦੇਣ ਤਾਂ ਫਿਰ,

**ਨਾਨਕੁ ਗਰੀਬੁ ਢਹਿ ਪਇਆ ਦੁਆਰੈ**
**ਹਰਿ ਮੇਲਿ ਲੈਹੁ ਵਡਿਆਈ ॥** *(ਪੰਨਾ ੭੫੭)*

ਦਾ ਅਭਿਆਸ ਕਰੋ। ਮਨ ਦੀ ਹਾਲਤ ਠੀਕ ਹੋ ਵੈਸੀ।

ਸਦਾ ਚੜ੍ਹਦੀਆਂ ਕਲਾਂ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਮਿਤੀ : 14.6.79

ਜਦ ਮਨ ਡੋਲਾਇਮਾਨ ਹੋਵੇ ਤਾਂ ਇਸ ਤੁਕ ਦਾ ਅਭਿਆਸ ਕਰਨਾ ਹੈ :

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥** *(ਪੰਨਾ ੭੨੪)*

ਤੇ ਮਨਾਂ :–

**ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥** *(ਪੰਨਾ ੨੧੮)*

ਇਨ੍ਹਾਂ ਤੁਕਾਂ ਦੇ ਦ੍ਰਿੜ੍ਹ ਵਿਸ਼ਵਾਸ ਹੋਣਾ ਚਾਹੀਦਾ ਹੈ। ਤਦ ਹੀ ਗੁਰੂ ਦੇ ਅਖਵਾਵਾਂਗੇ, ਨਹੀਂ ਤਾਂ ਐਵੇਂ ਹੀ ਨਾਮ ਧਰੀਕ ਸਿੱਖ ਹਾਂ। ਸ਼ਰਧਾ ਹੀਣ ਹਾਂ। ਉੱਤੋਂ ਉੱਤੋਂ ਹੀ ਗੁਰੂ ਪਾਤਸ਼ਾਹ ਅੱਗੇ ਮੱਥਾ ਟੇਕਦੇ ਹਾਂ। ਗੁਰੂ ਪਾਤਸ਼ਾਹ ਤਾਂ ਅੰਤਰਜਾਮੀ ਏ। ਸਾਡੇ ਇਸ ਪਾਖੰਡ ਨੂੰ ਵੇਖਦੇ ਹਨ, ਫਿਰ ਗੁਰੂ ਦੀਆਂ ਖੁਸ਼ੀਆਂ ਕਿਵੇਂ ? Impossible ਹੈ, ਅਸੰਭਵ ਹੈ, ਨਾ ਮੁਮਕਨ ਹੈ, ਅਨਹੋਣੀ ਗੱਲ ਏ। ਤਾਂ ਤੇ Hypocracy ਨੂੰ ਛੱਡ ਕੇ Unconditinal Surrender ਕਰੀਏ, ਤਾਂ ਸੁਖ ਮਿਲਸੀ। ਉਂਜ ਮਨ ਦੌੜਦਾ ਹੀ ਰਹੇਗਾ। ਥੋੜ੍ਹਾ ਇਸ਼ਾਰਾ ਜਿਆਦਾ ਸਮਝਣਾ ਸੀ।

ਸਦਾ ਭਰੋਸੇ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਕੈਨੇਡਾ : 17.7.79

ਸਮਾਗਮ 23 ਸਤੰਬਰ ਤੋਂ 15 ਦਿਨਾਂ ਲਈ ਹੋ ਰਿਹਾ ਹੈ। ਤੁਸੀਂ ਸਰਬ ਪਰਵਾਰ ਇਸ ਵਿਚ ਸ਼ਾਮਲ ਹੋ ਕਰ ਆਤਮਕ ਲਾਭ ਉਠਾਉ।

**ਸਾਧਸੰਗਿ ਹਰਿ ਕੀਰਤਨੁ ਗਾਈਐ ॥**

**ਕਹੁ ਨਾਨਕ ਵਡਭਾਗੀ ਪਾਈਐ ॥**

*(ਪੰਨਾ ੧੭੯)*

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥**

*(ਪੰਨਾ ੬੪੨)*

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

*(ਪੰਨਾ ੧੨)*

ਟੇਕ ਇਕ ਅਕਾਲ ਪੁਰਖ ਦੀ ਰਖਣੀ ਹੈ, ਪ੍ਰੀਤ ਨਾਮ ਨਾਲ ਪਾਣੀ ਹੈ, ਕਮਾਈ ਗੁਰਬਾਣੀ ਦੀ ਕਰਨੀ ਹੈ, ਗੁਰੂ ਕੇਵਲ ਸ਼ਬਦ ਨੂੰ ਮੰਨਣਾ ਹੈ, ਬ੍ਰਿਤੀ ਕੇਵਲ ਗੁਰਬਾਣੀ ਦੇ ਅਧੀਨ ਰੱਖਣੀ, ਕਿਸੇ ਵਿਅਕਤੀ ਦੇ ਹੇਠਾਂ-ਭਾਵੇਂ ਕਿੰਨੀ ਵੱਡੀ ਵਿਅਕਤੀ-ਬਮਏ ਮੇਰੇ-ਹੋਵੇ, ਸੁਰਤਿ ਦਬੇਲ ਨਹੀਂ ਕਰਨੀ। ਇੰਜ ਕਰਨ ਨਾਲ ਸੁੱਖ ਮਿਲਦਾ ਏ। ਇਸ ਤਰ੍ਹਾਂ ਕਰੋਗੇ ਤਾਂ ਸਦਾ ਦਾ ਸੁਖ ਤੁਸੀਂ ਦੋਵੇਂ ਪਾਉਗੇ।

ਸਦਾ ਨਾਮ ਰਪਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸੋਲਨ : 24.7.79

ਪਾਤੀ ਪੁਜੀ। ਮੇਰੀ ਪਹਿਲੀ ਭੇਜੀ ਪਤ੍ਰਕਾ ਮਿਲ ਗਈ ਹੋਸੀ। ਨਿਰਸੰਦੇਹ ਭਾਈ ਸਾਹਿਬ ਜੀ ਆਪਣਾ ਜਨਮ ਸਫਲਾ ਕਰ ਗਏ ਹਨ। ਮਹਾਰਾਜ ਜੀ ਦੀ ਉਹਨਾਂ ਤੇ ਬਹੁਤ ਬਖਸ਼ਿਸ਼ ਸੀ।

**ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ.....** *(ਪੰਨਾ ੬੮੭)*

ਉਨ੍ਹਾਂ ਦੀ ਘਾਟ ਐਤਕੀ ਸਮਾਗਮ ਤੇ ਸਭ ਨੂੰ ਭਾਸੇਗੀ। ਪਰ ਸਾਨੂੰ ਹੁਕਮ ਵਿਚ ਹੀ ਰਹਿਣਾ ਫਬੱਦਾ ਏ।

ਸਦਾ ਨਾਮ ਬਾਣੀ ਨਾਲ ਜੁੜੇ ਰਹੋ।

+ + +

ੴ ਸਤਿਗੁਰ ਪ੍ਰਸਾਦਿ।। ਮਿਤੀ : 17.8.79

ਬੜੀ ਪ੍ਰਸੰਨਤਾ ਹੈ ਜੋ ਆਪ ਜੀ ਅੰਦਰ ਭਾਣਾ ਮੰਨਣ ਦੀ ਸ਼ਕਤੀ ਬਖਸ਼ਿਸ਼ ਦੁਆਰਾ ਆ ਰਹੀ ਹੈ। ਇਹ ਬਖਸ਼ਿਸ਼ ਦੀਆਂ ਨਿਸ਼ਾਨੀਆਂ ਹਨ। ਹੋਣਾ ਤਾਂ ਉਸ ਦਾ ਭਾਣਾ ਈ ਏ, ਤਾਂ ਫਿਰ ਕਿਉਂ ਦਲਗੀਰੀ ਕਰੀਏ ?

ਸਦਾ ਖੇੜੇ ਵਿਚ ਵਸੋ।

+ + +

ੴ ਸਤਿਗੁਰ ਪ੍ਰਸਾਦਿ।। ਮਿਤੀ : 25.10.79

ਪਾਤੀ ਪੁਜੀ। ਰੁਝੇਵੇ ਕਰਕੇ ਉੱਤਰ ਪਹਿਲਾਂ ਨਹੀਂ ਲਿਖ ਸਕਿਆ।

ਇਕੇਰਾਂ ਮੇਰੇ ਮਨ ਵਿਚ ਇਹ ਰੀਝ ਪੈਦਾ ਹੋਈ ਕਿ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਦੇ ਪ੍ਰਤੱਖ ਦੇਹ ਵਿਚ ਦਰਸ਼ਨ ਦੇਣ ਤਾਂ ਮੈਂ ਉਨ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਾਂ ਤੇ ਨਾਮ ਦੀ ਦਾਤ ਲਈ ਬੇਨਤੀ ਕਰਾਂ। ਦੂਜੇ ਹੀ ਦਿਨ ਉਨ੍ਹਾਂ ਦਾ ਵਾਕ ਆ ਗਿਆ। ਵਾਕ ਇਹ ਹੈ।

**ਸੋ ਜਨੁ ਐਸਾ ਮਨਿ ਭਾਵੈ ॥**
**ਆਪਿ ਮਾਰਿ ਅਪਰੰਪਰਿ ਰਾਤਾ ਗੁਰ ਕੀ ਕਾਰ ਕਮਾਵੈ ॥**

*(ਪੰਨਾ ੧੧੨੬)*

ਅਖਰੀ ਅਰਥ, ਮੈਨੂੰ ਉਹ ਜਨ (ਦਾਸ) ਮੇਰੇ ਮਨ ਵਿਚ ਭਾਉਂਦਾ ਏ, ਜੋ ਅਪਨਤ (ਹਉਮੈ) ਮਾਰ ਕੇ, ਅਪਰੰਪਰ ਪਾਰਬ੍ਰਹਮ ਪਰਮੇਸ਼ਰ ਵਿਚ ਪੂਰਾ ਰਚ-ਮਿਚ ਜਾਏ ਤੇ ਗੁਰੂ ਦੀ ਦੱਸੀ ਕਾਰ ਕਮਾਵੇ।

ਮੈਂ ਇਹ ਹੁਕਮ ਪੜ੍ਹ ਕਰ ਆਪਣੇ ਅੰਦਰ ਝਾਤੀ ਮਾਰੀ ਤੇ ਕੰਬ ਗਿਆ, ਬੜੀ ਦੇਰ ਰੋਂਦਾ ਰਿਹਾ। ਮੈਂ ਆਪਣੇ ਮਨ ਨੂੰ ਲਾਨਤਾਂ ਪਾਵਾਂ ਕਿ ਤੂੰ ਕਿਸ ਬਲਬੋਤੇ ਤੇ ਕਿਸ ਮੂੰਹ ਨਾਲ ਗੁਰੂ ਦੀਆਂ ਖੁਸ਼ੀਆਂ ਮੰਗਦਾ ਏ ? ਗੁਰੂ ਪਾਤਸ਼ਾਹ ਖਾਲੀ, ਕਰਨੀ ਤੋਂ ਥੋਥੇ

ਉੱਤੇ, ਕਿਵੇਂ ਪ੍ਰਸੰਨ ਹੋ ਸਕਦੇ ਹਨ ? ਸੋ ਓ ਮੂਰਖ ਮਨਾਂ, ਜੇ ਤੂੰ ਖੁਸ਼ੀਆਂ ਲੈਣੀਆਂ ਹਨ ਤਾਂ ਉਤਲੀਆਂ ਤਿੰਨ ਹੀ ਚੀਜਾਂ ਕਰ, ਪਹਿਲੀ ਆਪਣੀ ਹਉਮੈ ਮਾਰ, ਦੂਜੀ ਪਰਮੇਸ਼ਰ ਨਾਲ ਇਕ ਮਿਕ ਹੋ ਕੇ ਰਚ ਜਾ ਤੇ ਤੀਜੀ ਗੁਰੂ ਦੀ ਦੱਸੀ ਕਾਰ ਕਮਾ। ਜਦ ਤੂੰ ਇਹ ਕਰੇਗਾ ਤਾਂ ਤੇਰੇ ਤੇ ਬਖਸ਼ਿਸ਼ ਹੋਸੀ। ਉਸ ਦਿਨ ਤੋਂ ਇਸ ਉਪਦੇਸ਼ ਤੇ ਟੁਰਨ ਦਾ ਉਪਰਾਲਾ ਕਰ ਰਿਹਾ ਹਾਂ।

ਸੋ ਆਪ ਜੀ ਨੂੰ ਸੁਝਾਵ ਭਰੀ ਬੇਨਤੀ ਹੈ ਕਿ ਆਪ ਜੀ ਵੀ ਇਸ ਤੇ ਅਮਲ ਕਰੋ ਤੇ ਖੁਸ਼ੀਆਂ ਪ੍ਰਾਪਤ ਕਰੋ। ਮਹਾਰਾਜ ਜੀ ਮੇਹਰ ਕਰਨ।

ਹਾਲਾਂ ਬਿਰਤੀ ਨੂੰ ਮਾਇਕ ਖਿੱਚਾਂ ਬਹੁਤ ਪੈ ਰਹੀਆਂ ਹਨ। ਕੇਵਲ ਅਰਦਾਸਿ ਨਾਲ ਖੁਸ਼ੀਆਂ ਨਹੀਂ ਹੋ ਸਕਦੀਆਂ, ਅਮਲ ਨਾਲ ਹੋਸਨ। ਅਰਦਾਸਿ ਏ ਕਿ ਆਪ ਜੀ ਨੂੰ ਅਮਲ ਕਰਨ ਲਈ ਬਲ ਬਖਸ਼ਨ। ਦੁਨੀਆਵੀ ਮੰਗ ਉੱਤੇ ਇਹ ਤੁੱਕ ਵਿਚਾਰਿਆ ਕਰੋ :-

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)*

+ + +

ੴ ਸਤਿਗੁਰ ਪ੍ਰਸਾਦਿ।। ਮਿਤੀ : 5.1.80

ਪ੍ਰੇਮ ਪਾਤੀ ਮਿਲੀ। ਆਪ ਜੀ ਇਕ ਮਹੀਨੇ ਤਾਈ, ਜਦ ਵੇਹਲੇ ਹੋ ਗਏ ਤਾਂ ਸੰਗਤਿ ਲਈ ਦਰਸ਼ਨ ਦੇਣੇ। ਹਾਲਾਂ ਠੰਡ ਬਹੁਤ ਪੈ ਰਹੀ ਏ। ਇਹ ਠੀਕ ਹੈ ਜੋ ਆਨੰਦ ਨਾਮ ਅਭਿਆਸ ਦਾ ਘਰ ਵਿਚ ਆਉਂਦਾ ਏ, ਉਹ ਮਨਮਤੀਆਂ ਦੇ ਕਬਜ਼ੇ ਵਾਲਿਆਂ ਗੁਰਦਵਾਰਿਆਂ ਵਿਚ ਨਹੀਂ ਆ ਸਕਦਾ। ਅੱਗੇ ਤੋਂ ਘਰ ਹੀ ਕਰਾਂਗੇ। ਅੱਗੋ **ਜੋ ਤਉ ਭਾਵੈ ਸੋਈ ਥੀਸੀ ॥** *(ਪੰਨਾ ੧੧)* ਮਨ ਢਹਿੰਦੀਆਂ ਕਲਾਂ ਵਿਚ ਯਾ ਉਦਾਸਪਨ ਵਿਚ ਤਦ ਹੀ ਜਾਂਦਾ ਏ ਜਦ ਕਿ ਬਾਣੀ ਵਿਸਰ ਜਾਏ। ਹੁਣ ਬਾਣੀ ਫੁਰਮਾਂਦੀ ਏ -

**ਸੁਣਿ ਮੂਰਖ ਮੰਨ ਅਜਾਣਾ ॥**
**ਹੋਗੁ ਤਿਸੈ ਕਾ ਭਾਣਾ ॥** *(ਪੰਨਾ ੧੫੫)*

**ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥**
*(ਪੰਨਾ ੪੬੬)*

**ਕਹੁ ਮਾਨੁਖ ਤੇ ਕਿਆ ਹੋਇ ਆਵੈ ॥**
**ਜੋ ਤਿਸੁ ਭਾਵੈ ਸੋਈ ਕਰਾਵੈ ॥**

*(ਪੰਨਾ ੨੭੭)*

ਫਿਰ :-

**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥**

*(ਪੰਨਾ ੧੪੦)*

ਕੈਸਾ ਸੁੰਦਰ ਉਪਦੇਸ਼ ਹੈ। ਗੁਰੂ ਪਾਤਸ਼ਾਹ ਫੁਰਮਾਂਦੇ ਨੇ ਕਿ ਰੱਬ ਦਾ ਨਾਮ ਸਾਫ ਦਿਲ ਨਾਲ ਮੁਖੋ ਲਵੋ। ਹੋਰ ਦਿਖਾਵੇ ਦੇ ਕੰਮ ਦੁਨੀ ਵਿਚ ਨਾ ਕਰੋ। ਇਹ ਝੂਠੇ ਅਮਲ ਕਰਨੇ ਹਨ। ਕੋਈ ਲਾਭ ਨਹੀਂ। ਫਿਰ ਕਬੀਰ ਸਾਹਿਬ ਜੀ ਫੁਰਮਾਉਂਦੇ ਨੇ :-

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥** *(ਪੰਨਾ ੧੩੬੬)*

(ਰਾਮ ਨਾਮ ਕੀ ਲੂਟ ਹੈ ਲੂਟੀ ਜਾਇ ਤਾਂ ਲੂਟ)

**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥** *(ਪੰਨਾ ੧੩੬੬)*

ਸਚ ਤਾਂ ਇਹ ਹੈ :-

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

ਹੋਰ ਤਾਂ :-

**ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥**
*(ਪੰਨਾ ੪੧੮)*

ਆਪ ਜੀ ਠੀਕ ਟੁਰ ਰਹੇ ਹੋ। ਗੁਰਬਾਣੀ ਦੀ ਸੰਗਤਿ, ਗੁਰੂ ਸਾਹਿਬ ਦੀ ਸੰਗਤਿ ਹੈ। ਗੁਰੂ ਸਾਹਿਬ ਜੀ ਨਾਲ ਗੱਲਾਂ ਬਾਤਾਂ ਹੁੰਦੀਆਂ ਹਨ। ਕਦੇ ਵੀ ਆਪਣੀ ਬ੍ਰਿਤੀ ਕਿਸੇ ਦੇ ਹੇਠਾਂ ਨਹੀਂ ਲਿਆਉਣੀ, ਬਮਏ ਮੇਰੇ ਵੀ।

ਗੁਰਬਾਣੀ ਜੋ ਕਹਿੰਦੀ ਏ, ਉਸਨੂੰ ਜੀਵਨ ਵਿਚ ਘਟਾਣਾ ਹੈ। ਇੰਜ ਕਰਨ ਨਾਲ ਮਾਇਆ ਤੋਂ ਨਿਸਤਾਰਾ ਹੋ ਜਾਂਦਾ ਏ। ਮਹਾਰਾਜ ਜੀ ਹੋਰ ਬਖਸ਼ਿਸ਼ ਕਰਨ !!

ਸਦਾ ਨਾਮ ਬਾਣੀ ਨਾਲ ਲੱਗੇ ਰਹੋ।

✦ ✦ ✦

# (2)
# ਆਤਮਿਕ ਉੱਨਤੀ ਵਾਸਤੇ ਪਰਹੇਜ਼

ੴ ਸਤਿਗੁਰ ਪ੍ਰਸਾਦਿ।। ਬਾੜੀ (ਧੌਲਪੁਰ) : 17.2.70

ਪਾਤੀ ਪੁਜੀ। ਹੁਕਮ ਅਨੁਸਾਰ ਲਿਖਤ ਹੈ : ਕਦੇ ਦੁਸ਼ਮਨ ਨੂੰ ਵੇਖ ਕੇ ਸਦਭਾਵਨਾ, ਹਿਰਦੇ ਵਿਚ, ਉਤਪੰਨ ਹੁੰਦੀ ਹੈ ? ਕਦਾਚਿਤ ਨਹੀਂ। ਜਦ ਤਾਂਈ ਕਿ ਬ੍ਰਹਮ ਵਿਚ ਆਤਮਾ ਲੀਨ ਨਹੀਂ ਹੁੰਦੀ, ਵੈਰੀ ਨੂੰ ਵੇਖ ਕੇ ਰੋਹ ਚੜ੍ਹ ਪੈਂਦਾ ਹੈ। ਗੱਲ ਕਰਨ ਨੂੰ ਚਿਤ ਨਹੀਂ ਕਰਦਾ, ਇਹ ਕਿਉਂ ? ਕਿਉਂਕਿ ਉਹ ਵੈਰੀ ਹੈ। ਆਤਮਕ ਉਨਤੀ ਦੇ ਵੈਰੀ ਕੌਣ ਹਨ ? ਗੁਰਵਾਕ ਅਨੁਸਾਰ :-

**ਬੈਰ ਬਿਰੋਧ ਕਾਮ ਕ੍ਰੋਧ ਮੋਹ ॥**
**ਝੂਠ ਬਿਕਾਰ ਮਹਾ ਲੋਭ ਧ੍ਰੋਹ ॥**
**ਇਆਹੂ ਜੁਗਤਿ ਬਿਹਾਨੇ ਕਈ ਜਨਮ ॥** *(ਪੰਨਾ ੨੬੭-੬੮)*

ਹਾਲਾਂ ਤਾਈ ਮਨ ਨੇ ਵੈਰੀਆਂ ਨੂੰ ਵੈਰੀ ਨਹੀਂ ਮੰਨਿਆ ਹੈ : ਫਲਸਰੂਪ ਇਹ ਵੈਰੀ ਵਾਰ ਕਰਦੇ ਹਨ। ਤਾਂ ਤੇ ਇਸ ਦਾ ਅਭਿਆਸ ਕਰੋ। ਜਦ ਇਹ ਵੈਰੀ ਵਾਰ ਕਰਨ, ਉਸ ਵੇਲੇ ਇਨ੍ਹਾਂ ਨੂੰ ਪਿਆਰੋ ਨਾ, ਤੇ ਨਾ ਹੀ ਇਨ੍ਹਾਂ ਦੇ ਪ੍ਰਭਾਵ ਹੇਠਾਂ ਆਓ।

ਸੋ ਸਨਿਮਰ ਬੇਨਤੀ ਹੈ ਕਿ ਦੁਸ਼ਮਣਾਂ ਦੀ ਭਾਵਨੀ, ਜਦ ਪਕ ਜਾਸੀ ਤਾਂ ਫਿਰ ਚਿਤ ਟਿਕ ਵੈਸੀ। ਹੁਣ ਅਭਿਆਸ ਦੀ ਥੁੜ ਹੈ। ਬਖਸ਼ਿਸ਼ ਹੋਈ ਹੋਈ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 7.1.72

ਆਪ ਦੋਵੇਂ ਨਾਮ ਬਾਣੀ ਦਾ ਅਭਿਆਸ ਜੋਰਾਂ ਨਾਲ ਕਰੋ।

ਇਹ ਹੀ ਕੰਮ ਆਉਣ ਵਾਲੀ ਗੱਲ ਹੈ। ਹੋਰ ਸਭ ਮਿਥਿਆ ਹੈ।

✦ ✦ ✦

੧ੴ ਸਤਿਗੁਰ ਪ੍ਰਸਾਦਿ।। ਬਾੜੀ : 31.3.72

ਸ਼ਬਦ ਦਾ ਮੇਲ ਸਦਾ ਰਹਿੰਦਾ ਹੈ। ਦੇਹ ਦਾ ਮੇਲ ਬਿਨਸਨਹਾਰ ਹੈ। ਤਾਂ ਤੇ ਸਦਾ ਸ਼ਬਦ ਨਾਲ ਜੁੜੇ ਰਹਿਣਾ ਚਾਹੀਦਾ ਹੈ। ਵਿਛੋੜਾ ਕਦੇ ਨਹੀਂ ਹੁੰਦਾ। ਸਤਿਸੰਗ ਮਨ ਨੂੰ ਟਿਕਾਣੇ ਤੇ ਬੰਨ੍ਹ ਕੇ ਰੱਖਦਾ ਹੈ ਤੇ ਮਨ ਲਈ ਵਾੜ ਹੈ। ਤਾਂ ਤੇ ਸਦਾ ਸਤਿਸੰਗ ਵਿਚ ਰਹੀਏ ਤੇ ਸਦਾ ਉਸ ਪ੍ਰਭੂ ਨਾਲ ਜੁੜੇ ਰਹੀਏ। ਅਨਭਵੀਆਂ ਦਾ ਜੇ ਸਤਿਸੰਗ ਮਿਲ ਜਾਏ ਤਾਂ ਵਡੇ ਭਾਗ ਸਮਝੋ। ਨਾਮ ਬਾਣੀ ਦਾ ਅਭਿਆਸ ਕਰੀ ਚਲੋ। ਸੁਖ ਹੀ ਸੁਖ ਮਿਲੂ।

ਮਨਹੁ ਕਦੇ ਵੀ ਵਾਹਿਗੁਰੂ ਜੀ ਨ ਵਿਸਰਨ।

+ + +

੧ੴ ਸਤਿਗੁਰ ਪ੍ਰਸਾਦਿ।। ਸਪਰੂਨ : 6.3.73

ਤੁਹਾਡੇ ਆਉਣ ਦੀ ਖੁਸ਼ੀ ਹੈ। ਹੋਰ ਸਭ ਟੇਕ, ਉਸ ਇਕ ਦੀ ਰੱਖਣੀ ਚਾਹੀਦੀ ਹੈ, ਉਹ ਹੀ ਸਮਰਥ ਹਨ। ਜੀਵ ਕੁਝ ਨਹੀਂ, ਜੀਵ ਤਾਂ ਤਰਲੇ, ਮਿੰਨਤਾਂ ਤੇ ਜੋਦੜੀਆਂ ਹੀ ਗੁਜ਼ਾਰ ਸਕਦਾ ਏ। ਪਰ ਲੈ ਕੁਝ ਨਹੀਂ ਸਕਦਾ, ਜਦ ਤਾਈ ਮਿਹਰ ਨਾ ਹੋਵੇ।

+ + +

੧ੴ ਸਤਿਗੁਰ ਪ੍ਰਸਾਦਿ।। ਵਾਸ਼ਿੰਗਟਨ : 25.7.73

ਆਪ ਜੀ ਨੇ ਘਬਰਾਨਾ ਨਹੀਂ। ਆਪ ਜੀ ਪਾਸ ਰੱਬੀ ਬਾਣੀ ਮੌਜੂਦ ਹੈ। ਇਸ ਦਾ ਪਾਠ ਪ੍ਰੇਮ ਸਹਿਤ, ਜ਼ਿਆਦਾ ਤੋ ਜ਼ਿਆਦਾ ਕਰਨਾ ਹੈ ਤੇ ਇਸ ਨੂੰ ਜੀਵਨ ਵਿਚ ਘਟਾਨਾ ਹੈ। ਇੰਜ ਕਰਨ ਨਾਲ ਸਫਲਤਾ ਹੁੰਦੀ ਹੈ। ਭਾਵੇਂ ਮੇਰਾ ਸਰੀਰ ਦੂਰ ਹੈ, ਪਰ ਆਤਮਾ ਤੁਹਾਡੇ ਨਾਲ ਹੈ।

+ + +

ੴ ਸਤਿਗੁਰ ਪ੍ਰਸਾਦਿ।। (Detroit) : 2.10.73

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥** *(ਪੰਨਾ ੭੨੪)*

ਤਾਂ ਤੇ :-

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**
**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥**

*(ਪੰਨਾ ੨੫੭)*

ਕਾਹਲੀ ਕਰਨ ਨਾਲ ਮੰਗੀ ਮੰਗ ਦੁਖ ਦਾਇਕ ਹੁੰਦੀ ਏ। ਤਾਂ ਤੇ ਸੁਤੇ ਸਿਧ ਜੋ ਗੱਲ ਹੋਵੇ ਉਸ ਨੂੰ ਅਪਨਾਣਾ ਫਬਦਾ ਏ, ਤੇ ਰਜ਼ਾ ਵਿਚ ਹੀ ਰਹਿਣਾ ਫਬਦਾ ਏ- ਮੁਹਾਵਰਾ ਹੈ ਕਾਹਲੀ ਅੱਗੇ ਟੋਏ। ਸ਼ਬਦ ਦੀ ਅਰਾਧਨਾ ਵਿਚ ਢਿੱਲ ਪੈ ਗਈ ਹੈ। ਇਹ ਨਾ ਪਾਉ ਤੇ ਸਿਦਕ ਭਰੋਸੇ ਦੀ ਗੋਦ ਵਿਚ ਖੇਡੋ। ਦ੍ਰਿੜਤਾ ਨੂੰ ਘੁੱਟ ਕੇ ਫੜੋ। ਜੇ ਇਨ੍ਹਾਂ ਸੁਝਾਵਾਂ ਤੇ ਅਮਲ ਕਰੋਗੇ, ਤਾਂ ਹਰ ਇਕ ਮਨੋਰਥ ਪੂਰਨ ਹੋਸੀ। ਨਾਮ ਬਾਣੀ ਦਾ ਲੜ ਨਹੀਂ ਛੱਡਣਾ। ਸ਼ਬਦ ਦੀ ਆਰਾਧਨਾ ਵਿਚ ਢਿੱਲ ਨਹੀਂ ਪਾਣੀ। ਅਸ਼ਰਧਕ ਨਹੀਂ ਹੋਣਾ। ਦਸੀ ਹੋਈ ਵਿਧੀ ਅਨੁਸਾਰ ਸ਼ਬਦ ਦੀ ਆਰਾਧਨਾ ਕਰੀ ਚਲੋ। ਕੁਸੰਗਤਿ ਤੋਂ ਬਚੋ। ਨਾਸਤਕਾਂ ਨਾਲ ਉਠ ਬੈਠ ਨਹੀਂ ਰੱਖਣੀ। ਗੁਰਬਾਣੀ ਦਾ ਅਧਿਐਨ ਕਰੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 3.1.75

ਜੇ ਸੂਖਸ਼ਮ ਇੱਛਾ ਵੀ, ਕੀਰਤਨ ਸੰਗਤਿ ਨੂੰ ਸੁਨਾਣ ਦੀ ਰਹੇ ਤਾਂ ਬਿਰਤੀ ਦੀ ਚੜ੍ਹਾਈ ਰੁਕ ਜਾਂਦੀ ਏ, ਇਸ ਤੇ ਪੂਰਾ-ਪੂਰਾ ਪਹਿਰਾ ਰੱਖਣਾ ਏ। ਜੇ ਇਸ ਪਰਥਾਏ ਛੁਪੀ ਇੱਛਾ ਸੂਖਸ਼ਮ ਮਾਤਰ ਵੀ ਹੋਵੇ ਤਾਂ ਗੁਰਦਵਾਰੇ ਵਿਚ ਕੀਰਤਨ ਕਰਨ ਦੀ ਥਾਂ, ਘਰ ਹੀ ਕੀਰਤਨ ਦਾ ਆਨੰਦ ਭੁੰਚਣਾ ਚਾਹੀਦਾ ਹੈ। ਇਸ ਦਾ ਵਿਚਾਰ, ਆਪ ਜੀ ਨੇ ਖੁਦ ਹੀ ਕਰਕੇ, ਨਿਰਣਾ ਲੈਣਾ ਏ। ਇਨ੍ਹਾਂ ਪਕੜਾਂ ਵਿਚੋਂ ਬਿਰਤੀ ਨਿਕਲੇਗੀ ਤਾਂ ਕੁਝ ਬਣੂੰ।

ਵਾਹੁ

**ਆਦਿ ਸਚੁ ਜੁਗਾਦਿ ਸਚੁ ॥**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥** *(ਪੰਨਾ ੧)*

ਦਾ ਸਿਮਰਨ ਹਰ ਸਮੇਂ ਅਰਥਾਂ ਵਿਚ ਟਿਕ ਕਰ ਅਭਿਆਸ ਕਰਨ ਨਾਲ ਬੜਾ ਲਾਭ ਹੁੰਦਾ ਹੈ। ਮਨ ਵਿਚੋਂ ਟਾਟਰਾਪਨ ਦੂਰ ਹੋਣ ਲੱਗ ਪੈਂਦਾ ਏ ਤੇ ਮਨ ਰਸ-ਦੇਸ ਵਿਚ ਟਿਕਣ ਲੱਗ ਜਾਂਦਾ ਏ ਤੇ ਟਿਕਾਊ ਦੀ duration ਵਧਦੀ ਚਲੀ ਜਾਂਦੀ ਏ। ਦੋਨੋਂ ਸਮੇਂ ਕੀਰਤਨ ਨਹੀਂ ਛੱਡਣਾ। ਸਿਫਤਿ ਤੇ ਅਰਦਾਸਿ ਦੇ ਸ਼ਬਦ ਗਾਇਨ ਕਰਨੇ ਹਨ। ਇਸ ਤੋਂ ਉਪਰੰਤ ਉਤਲੇ ਸਲੋਕ ਦਾ 'ਵਾਹੁ' ਪਦ ਨਾਲ ਸਿਮਰਨ ਕਰਨਾ ਏ।

**ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥**
**ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥**
*(ਪੰਨਾ ੭੫੦)*

ਨਾਮ ਬਾਣੀ ਨਾਲ ਪਿਆਰ ਵਧਦਾ ਰਹੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : **18.2.76**

ਤੁਸੀਂ ਅਰਦਾਸਿ ਕਰਿਆ ਕਰੋ ਤਾਂ ਕਿ ਸਾਈ ਜੀ ਤੁਹਾਡੀ ਬ੍ਰਿਤੀ ਨਾਮ ਬਾਣੀ ਨਾਲ ਜੋੜਨ। ਪਰ ਅਰਦਾਸਿ ਵਲਵਲੇ ਭਰੀ ਦਿਲੋਂ ਹੋਣੀ ਚਾਹੀਦੀ ਏ। ਇਹ ਫਲ ਦੇਂਦੀ ਏ ਤੇ ਦਾਤੇ ਨਾਲ ਜੋੜਦੀ ਏ।

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

**ਦ੍ਰਿਸਟਿ ਨਾਹੀ ਰੇ ਪੇਖਤ ਅੰਧੇ ॥**
**ਛੋਡਿ ਜਾਹਿ ਝੂਠੇ ਸਭਿ ਧੰਧੇ ॥ ੧ ॥ ਰਹਾਉ ॥** *(ਪੰਨਾ ੭੩੮)*

ਇਸ ਤਰ੍ਹਾਂ ਮਨ ਨੂੰ ਪ੍ਰਬੋਧਨਾ, ਸੁਖ ਹੋਸੀ, ਬਖਸ਼ਿਸ਼ ਹੋਸੀ। .................. ਆਖਣਾ ਕਿ ਪ੍ਰੇਮ ਨਾਲ ਅਭਿਆਸ ਕਰੀ ਚਲੋ। ਸਦਾ ਦਾ ਖੇੜਾ ਮਿਲਸੀ ਤੇ ਦੁੱਖ ਕਲੇਸ਼ ਦੀ ਨਵਿਰਤੀ ਹੋਸੀ।

✦ ✦ ✦

ਤੁਸਾਂ ਸਾਰਿਆਂ ਇੱਕਠੇ ਆਉਣ ਦਾ ਫੈਸਲਾ ਕੀਤਾ ਸੀ। ਪਰ **ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)* ਰਾਹ ਵਿਚ ਕੁਝ ਰੁਕਾਵਟ ਹੋ ਗਈ। ਇਹੋ ਜਿਹੀਆਂ ਘਟਨਾਵਾਂ ਰੋਜ਼ਾਨਾ ਜ਼ਿੰਦਗੀ ਵਿਚ ਹੁੰਦੀਆਂ ਹੀ ਰਹਿੰਦੀਆਂ ਹਨ। ਕਦੇ ਘਬਰਾਨਾ ਨਹੀਂ ਚਾਹੀਦਾ ਤੇ ਐਸੇ ਸਮੇਂ temper ਵੀ lose ਨਹੀਂ ਕਰਨਾ ਚਾਹੀਦਾ। ਭਾਣਾ ਮੰਨ ਕੇ ਸ਼ੁਕਰਾਨੇ ਵਿਚ ਰਹੋ ਤੇ ਹੱਥੋਂ ਸਹਜ ਨਾ ਗਵਾਓ। ਕਾਰ ਦਾ ਕੀ ਕਸੂਰ ਤੇ ਕਾਰ ਦੇ ਉੱਤੇ ਆਉਣ ਦਾ ਕੀ ਕਸੂਰ ? ਇਹੀ ਤਾਂ ਬਿਬੇਕ ਬੁਧੀ ਏ। ਇਸ ਤੇ ਟੁਰਿਆਂ, ਸੁਭਾਵ ਜੋ ਕਾਹਲੇ ਪਨ ਦਾ ਏ, ਬਦਲ ਜਾਂਦਾ ਏ। ਐਸੇ ਸਮੇ **ਤੇਰਾ ਕੀਆ ਮੀਠਾ ਲਾਗੈ ॥** *(ਪੰਨਾ ੩੯੪)* ਦੀ ਤੁਕ ਪੜ੍ਹਨੀ ਚਾਹੀਦੀ ਹੈ। ਇਹੋ ਜਿਹੀਆਂ ਛੋਟੀਆਂ ਗੱਲਾਂ ਤੋਂ ਹੀ ਸਿੱਖਿਆ ਦ੍ਰਿੜ ਹੁੰਦੀ ਹੈ।

ਕਾਹਲਾ ਪਨ ਮਨ ਆਪ ਹੀ ਬਣਾਂਦਾ ਏ ਤੇ ਇਸ ਨੂੰ ਦੂਰ ਵੀ ਮਨ ਨੇ ਆਪ ਹੀ ਕਰਨਾ ਏ। ਕਿਸੇ ਹੋਰ ਨੇ ਨਹੀਂ ਬਦਲਨਾ। ਇਸ ਤੇ ਵਰਤੋ ਕਰਨ ਦੀ ਲੋੜ ਹੈ। Result ਛੇਤੀ ਹੀ positive ਨਿਕਲਦੇ ਹਨ। ਕ੍ਰੋਧ ਤੇ ਕਾਮ ਸਰੀਰ ਨੂੰ ਗਾਲਦਾ ਏ, ਜੈਸਾ ਕਿ ਗੁਰਵਾਕ ਹੈ :-

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥**
**ਜਿਉ ਕੰਚਨ ਸੋਹਾਗਾ ਢਾਲੈ ॥** *(ਪੰਨਾ ੯੩੨)*

ਫਿਰ ਗੁੱਸੇ ਨੇ ਨੁਕਸਾਨ ਆਪਣਾ ਹੀ ਕੀਤਾ। ਕਿਸੇ ਦਾ ਕੀ ਵਿਗੜਿਆ।

ਅਸਲ ਵਿਚ ਬਾਣੀ ਦੇ ਉਪਦੇਸ਼ਾਂ ਦੀ ਕਮਾਈ ਹੀ ਨਾਮ ਹੈ।

**ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥** *(ਪੰਨਾ ੫੨)*

ਖਾਲੀ ਬਾਣੀ ਪੜ੍ਹ ਛੱਡਣ ਨਾਲ ਕੁਝ ਨਹੀਂ ਬਣਦਾ ਤੇ ਜੇ ਵੀਚਾਰ ਨਾਲ ਪੜ੍ਹੇ ਤਾਂ ਵੀ ਕੁਝ ਨਹੀਂ ਬਣਦਾ, ਜਦ ਤਾਈਂ ਉਸ ਤੇ ਅਮਲ ਨਾ ਕਰੋ। ਤਾਂ ਫਲ ਅਮਲ ਕਰਨ ਤੇ ਮਿਲਦਾ ਏ। ਆਪਣਾ ਸੁਭਾਵ ਅਮਲ ਵਿਚ ਲਿਆ ਕੇ ਬਦਲਿਆ ਜਾ ਸਕਦਾ ਏ, ਇਸ ਵਿਚ ਕੋਈ ਸ਼ੱਕ ਨਹੀਂ।

✧ ✧ ✧

ਖੁਸ਼ੀ ਹੋਈ ਜੋ ਆਪ ਦੀ ਸਿਹਤ ਵਾਹਿਗੁਰੂ ਦੀ ਬਖਸ਼ਿਸ਼ ਦੁਆਰਾ ਠੀਕ ਹੋ ਗਈ ਹੈ ਤੇ ਫੇਫੜੇ ਦਾ ਪਾਣੀ ਸਾਫ ਹੋ ਗਿਆ ਹੈ। ਇਹ ਬਖਸ਼ਿਸ਼ ਹੈ। ਮੇਹਰ ਹੈ !!! ਤੁਹਾਡੀ ਦਰਦ ਵੀ ਅੱਗੇ ਕੋਲੋ ਘੱਟ ਗਈ ਹੈ, ਤਾਂ ਤੇ ਤੁਸੀ ਦੋਵੇਂ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦੀ ਪ੍ਰੇਮ ਭਾਵਨਾ ਭਰੀ ਯਾਦ ਵਿਚ ਰਿਹਾ ਕਰੋ ਤੇ ਕਦੇ ਵੀ, ਕਿਸੇ ਹਾਲਤ ਵਿਚ ਭਾਵ ਦੁੱਖ-ਸੁੱਖ ਜਾਂ ਊਚ ਨੀਚ ਵਿਚ ਡੋਲਾਇਮਾਨ ਨ ਹੋਇਆ ਕਰੋ ਤੇ **ਪ੍ਰਭ ਡੋਰੀ ਹਾਥਿ ਤੁਮਾਰੇ ॥** *(ਪੰਨਾ ੬੨੭)* ਦੀ ਅਰਦਾਸਿ ਕਰਿਆ ਕਰੋ। ਇੰਜ ਕਰਨ ਨਾਲ ਮਨ ਢਹਿੰਦੀਆਂ ਕਲਾਂ ਵਿਚ ਨਹੀਂ ਖੁਭਦਾ ਤੇ ਦਲਗੀਰੀ ਨਹੀਂ ਭਾਸਦੀ। ਟੇਕ ਕੇਵਲ ਉਸ ਪ੍ਰਭੂ ਦੀ ਹੀ ਰੱਖਣੀ ਏ। ਬੀਬੀ ਨੂੰ ਮੇਰਾ ਸੁਝਾਵ ਹੈ ਕਿ **ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥** *(ਪੰਨਾ ੨੮੧)* ਵਾਕ ਅਨੁਸਾਰ ਕਦੇ ਵੀ ਕਿਸੇ ਹਾਲਤ ਵਿਚ ਬਿਨਸਨਹਾਰ ਦੇਹ ਤੇ ਟੇਕ ਨ ਰਖੇ। ਭਾਵੇ ਉਹ ਕਿਸੇ ਦੀ ਕਿਉਂ ਨਾ ਹੋਵੇ। ਟੇਕ ਕੇਵਲ ਉਸ ਸਮਰਥ, ਸਰਬ ਸ਼ਕਤੀ ਮਾਨ, ਸਰਬ ਵਿਆਪਕ, ਨਿਰੰਕਾਰ ਤੇ ਹੀ ਰੱਖਣੀ ਚਾਹੀਦੀ ਹੈ। ਗੁਰਮੱਤਿ ਸਾਨੂੰ ਇਹੀ ਦ੍ਰਿੜਾਉਂਦੀ ਏ। ਯਥਾ :-

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**
**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥**

*(ਪੰਨਾ ੨੫੭)*

ਤਾਂ ਤੇ ਮੁੜ ਜ਼ੋਰਦਾਰ ਸੁਝਾਵ ਹੈ ਕਿ ਕਦੇ ਵੀ ਕਿਸੇ ਦੀ ਟੇਕ-ਜਿਸ ਵਿਚ ਮੈਂ ਵੀ ਸ਼ਾਮਲ ਹਾਂ-ਨਾ ਰੱਖੋ, ਸੁਖ ਮਿਲਸੀ ! ਸ਼ਾਂਤੀ ਮਿਲਸੀ !! ਮਨ ਟਿਕਸੀ !!! ਤੇ ਨਾਲ ਹੀ ਆਪਣੀ ਰੋਜ਼ਾਨਾ ਜਿੰਦਗੀ ਗੁਰਬਾਣੀ ਅਨੁਸਾਰ ਢਾਲਣ ਦਾ ਯਤਨ ਕਰੋ, ਪੁਰਸ਼ਾਰਥ ਕਰੋ, ਹੰਬਲਾ ਮਾਰੋ, ਪੂਰਾ ਪੂਰਾ ਬਲ ਲਾਓ। ਇੰਜ ਕਰਨ ਨਾਲ ਮਨ ਵਿਚ ਨਿਰਮਲਤਾਈ ਆਉਂਦੀ ਏ ਤੇ ਮਨ ਟਿਕਦਾ ਏ।

**ਮਨ ਬਚ ਕ੍ਰਮ ਪ੍ਰਭੁ ਏਕੁ ਧਿਆਏ ॥**
**ਸਰਬ ਫਲਾ ਸੋਈ ਜਨੁ ਪਾਏ ॥** *(ਪੰਨਾ ੭੬੦)*

ਤੁਸੀਂ ਫਿਰ ਆਖੋਗੇ ਕਿ ਇਹ ਬੜਾ ਔਖਾ ਹੈ। ਬੇਸ਼ੱਕ ਕਠਿਨ ਹੈ। ਪਰ ਆਪਣੇ ਆਪ ਵਲੋਂ ਜੇ ਯਤਨ ਹੀ ਨਾ ਕਰੀਏ ਤੇ ਕੋਸ਼ਿਸ਼ ਨਾ ਕਰੀਏ ਤਾਂ ਖੁਸ਼ੀਆਂ ਕਿਵੇਂ ? ਤਾਂ ਤੇ ਯਤਨ ਜ਼ਰੂਰ ਹੋਣੇ ਚਾਹੀਦੇ ਹਨ, ਬਖਸ਼ਿਸ਼ ਹੋ ਜਾਂਦੀ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 10.12.77

ਪਾਤੀ ਪੁਜੀ।

**ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥** *(ਪੰਨਾ ੭੩੦)*

ਕਿੰਨੇ ਸਵਾਸ ਬਿਰਥੇ ਜਾ ਰਹੇ ਹਨ ਤੇ ਕਿੰਨੇ ਲੇਖੇ ਲੱਗ ਰਹੇ ਹਨ ? ਹਰ ਇਕ ਬੰਦਾ ਖੁਦ ਹੀ ਜਾਣਦਾ ਏ। ਤਾਂ ਤੇ ਉੱਦਮ ਕਰੀਏ ਕਿ ਕੋਈ ਵੀ ਸਵਾਸ ਬਿਰਥਾ ਨਾ ਜਾਏ। ਹੋਰ ਤਾਂ ਧੰਧੇ ਪਿਟਨੇ ਨੇ।

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

ਸਦਾ ਰਸ ਭਰਪੂਰ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਫਗਵਾੜਾ : 17.4.78

ਅਸੀਂ ਏਥੋ 23.4.78 ਨੂੰ ਸਵੇਰ ਦਾ ਪ੍ਰਗੋਰਾਮ ਕਰ ਕੇ ਸੋਲਨ ਜਾ ਰਹੇ ਹਾਂ। ਨਾਮ ਬਾਣੀ ਦਾ ਲੜ ਫੜੀ ਰੱਖਣਾ। ਮਹਾਰਾਜ ਜੀ ਆਪਣੀ ਗੋਦੀ ਵਿਚ ਰੱਖਣਗੇ। ਐਤਕੀ ਸਮਾਗਮ 22 ਸੰਤਬਰ ਤੋਂ ਲੈ ਕਰ-ਪੰਦਰਾਂ ਦਿਨਾਂ ਲਈ ਰੱਖਿਆ ਹੈ। ਸੋ ਇਸ ਸਮਾਗਮ ਵਿਚ ਹੋਰ ਵੀ ਬਖਸ਼ਿਸ਼ਾਂ ਹੋਸਨ। ਹੁਣੇ ਤੋਂ ਛੁੱਟੀ ਦਾ ਪ੍ਰਬੰਧ ਕਰ ਲੈਣਾ। ਐਤਕੀ ਸਾਰੇ ਪਰਵਾਰ ਨੇ ਦਰਸ਼ਨ ਦੇਣੇ ਤੇ ਲਾਭ ਉਠਾਉਣਾ।

ਸਦਾ ਖੇੜੇ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸੋਲਨ : 26.4.79

ਪ੍ਰੇਮ ਪਾਤੀ ਪੁਜੀ, ਪ੍ਰਸੰਨਤਾ ਹੋਈ। ਸੱਜੀ ਅੱਖ ਦੇ ਮੋਤੀਆਂ ਬਿੰਦ ਦਾ ਉਪਰੇਸ਼ਨ ਹੋਇਆ ਸੀ। ਹੁਣ ਅੱਖ ਠੀਕ ਹੈ। ਦੂਜੀ ਅੱਖ ਦਾ ਅਪਰੇਸ਼ਨ ਅਕਤੂਬਰ ਵਿਚ-ਸਮਗਾਮ

ਦੇ ਮਗਰੋਂ, ਜੋ ਪੰਦਰਾਂ ਦਿਨਾਂ ਲਈ ਹੋ ਰਿਹਾ ਹੈ–ਕਰਾਂਗੇ। Sponsership ਦੀ ਉਡੀਕ ਹੋ ਰਹੀ ਹੈ। ਜਿਸ ਦਿਨ ਆ ਗਈ ਅਮਰੀਕਾ ਤੇ ਕਨੇਡਾ ਜਾਣ ਦੀਆਂ ਤਰੀਕਾਂ ਮਿਥਾਂਗੇ। ਅੱਗੋਂ **ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)* ਬੰਦੇ ਦੇ ਕੁਝ ਵਸ ਨਹੀਂ।

ਭਾਈ ਸਾਹਿਬ ਭਾਈ ਦਇਆ ਸਿੰਘ ਦਿੱਲੀ ਵਾਲੇ Heart fail ਹੋ ਜਾਣ ਨਾਲ– ਗੁਰਪੁਰੀ 19/4 ਨੂੰ ਸਿਧਾਰ ਗਏ ਹਨ। ਹੁਕਮ ਦੀ ਖੇਡ ! ਚੰਗੇ ਸੱਚੇ ਅਭਿਆਸੀ ਸਨ, ਚੰਗੀ ਨਿਭਾ ਗਏ। ਆਪ ਜੀ ਨੇ ਛੁੱਟੀ ਦਾ ਪ੍ਰੋਗਰਾਮ ਸਮਾਗਮ ਤੇ ਪੁੱਜਣ ਲਈ ਹੁਣੇ ਤੋਂ ਪੱਕਾ ਕਰ ਲੈਣਾ ਜੀ, ਸਭ ਨੂੰ ਲਾਭ ਹੋਸੀ ਬਖਸ਼ਿਸ਼ਾਂ ਹੋਸਨ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

**ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥**
*(ਪੰਨਾ ੭੯੬)*

**ਅਬ ਨ ਭਜਸਿ ਭਜਸਿ ਕਬ ਭਾਈ ॥**
**ਆਵੈ ਅੰਤੁ ਨ ਭਜਿਆ ਜਾਈ ॥** *(ਪੰਨਾ ੧੧੫੯)*

ਤਾਂ ਤੇ ਨਾਮ ਬਾਣੀ ਦਾ ਅਭਿਆਸ ਕਰਦੇ ਰਹਿਣਾ ਚਾਹੀਦਾ ਏ, ਇਸ ਨਾਲ ਸੁਖ ਤੇ ਸ਼ਾਂਤੀ ਮਿਲਦੀ ਏ। ਮਨ ਵਿਚ ਆਨੰਦ ਬਣਿਆ ਰਹਿੰਦਾ ਏ।

ਸਦਾ ਸਾਰੇ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸੋਲਨ : 7.5.79

ਅਗੋਂ :–

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)*

**ਸੁਣਿ ਮੂਰਖ ਮੰਨ ਅਜਾਣਾ ॥**
**ਹੋਗੁ ਤਿਸੈ ਕਾ ਭਾਣਾ ॥** *(ਪੰਨਾ ੧੫੫)*

**ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ ॥**
**ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ ॥** *(ਪੰਨਾ ੭੨੯)*

ਸਦਾ ਨਾਮ ਜਪਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 5.1.80

ਇਹ ਹੀ ਦਿਨ ਇੱਕਲਿਆਂ ਰਹਿ ਕਰ ਨਾਮ ਜਪਣ ਦੇ ਹੁੰਦੇ ਹਨ। ਸ਼ੁਕਰ ਸ਼ੁਕਰ ਕਰ ਕੇ ਸਾਲ ਮਗਰੋਂ ਆਉਂਦੇ ਨੇ। ਸੋ ਅਸੀ ਇੱਥੇ ਹੀ ਆਨੰਦ ਵਿਚ ਹਾਂ। ਪਟਿਆਲੇ ਆਉਣ ਦਾ ਵਿਚਾਰ ਨਹੀਂ ਹੈ। ਤੁਹਾਡੇ ਸੱਦਾ ਪੱਤਰ ਲਈ ਧੰਨਵਾਦ ਹੈ। ਜਦ ਸਰਦੀ ਘੱਟ ਜਾਏ ਤਾਂ ਤੁਸੀਂ ਇੱਥੇ ਆ ਕਰ ਨਾਮ ਦਾ ਲਾਹਾ ਖੱਟੋ, ਜਿਸ ਲਈ ਕਿ ਮਨੁੱਖਾ ਦੇਹੀ ਮਿਲੀ ਏ।

**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥** *(ਪੰਨਾ ੧੪੦)*

ਰੱਬ ਦਾ ਨਾਮ ਸਾਫ ਦਿਲ ਨਾਲ ਮੁਖੋ ਲਵੋ। ਹੋਰ ਦੁਨੀਆਂ ਦੇ ਦਿਖਾਵੇ ਹਨ। ਝੂਠੇ ਅਮਲ ਨ ਕਰੋ। ਕੈਸਾ ਸੁੰਦਰ ਉਪਦੇਸ਼ ਹੈ। ਕਮਾਉ ਤੇ ਲਾਭ ਉਠਾਉ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ (ਸੋਲਨ) : 11.1.80

ਪ੍ਰੇਮ ਪਾਤੀ ਪੁਜੀ। ਬੜੀ ਖੁਸ਼ੀ ਹੋਈ। ਨਾਮ ਬਾਣੀ ਦਾ ਲਾਹਾ ਖਟ ਰਹੇ ਹੋਸੋ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥** *(ਪੰਨਾ ੧੪੦)*

ਕੈਸਾ ਸੁੰਦਰ ਉਪਦੇਸ਼ ਹੈ। ਖੁਦਾ ਦਾ ਨਾਮ ਸਾਫ ਦਿਲ ਨਾਲ ਮੁਖੋਂ ਲਵੋ। ਬਾਕੀ ਝੂਠੇ ਅਮਲ ਤਾਂ ਦੁਨੀਆਂ ਦੇ ਦਿਖਾਵੇ ਹਨ। ਦਿਖਾਵੇ ਤੇ ਝੂਠੇ ਅਮਲ ਨਾ ਕਰੋ। ਧੰਨ ਹੋ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਜੀ। ਨਾਮ ਬਾਣੀ ਦਾ ਲੜ ਕਦੇ ਨਾ ਛੱਡਣਾ।

ਇਹ ਹੀ ਇਕ ਆਸਰਾ ਹੈ ਜੋ ਮਾਇਆ ਤੋ ਤਾਰਦਾ ਏ। ਆਪਣੀ ਸੁਰਤਿ ਹੋਰ ਕਿਸੇ ਹੇਠ ਦਬੇਲ ਨਹੀ ਕਰਨੀ-ਬਮਏ ਮੇਰੇ ਵੀ, ਕੇਵਲ ਗੁਰਬਾਣੀ ਦੇ ਅਧੀਨ ਸੁਰਤਿ ਰੱਖਣੀ ਏ। ਸੁਖ ਮਿਲਸੀ।

ਸਦਾ ਨਾਮ ਬਾਣੀ ਨਾਲ ਜੁੜੇ ਰਹੋ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 12.1.80

ਬੱਚੀ ਦੇ ਗ੍ਰਿਹਿਸਤ ਆਸ਼੍ਰਮ ਦੀ ਸਫਲਤਾ ਵਾਸਤੇ ਅਸੀਸ।

ਅਸੀਂ ਫਰਵਰੀ ਦੇ ਅਖੀਰ ਤਾਈ ਇੱਥੇ ਹੀ ਹਾਂ ਤੇ ਜੇ ਇਨ੍ਹਾਂ (ਸਤਵੰਤ ਦੇ ਮਾਤਾ ਜੀ) ਦੀ ਸਿਹਤ ਨੇ ਇਜਾਜ਼ਤ ਦਿੱਤੀ ਤਾਂ ਅਗਲੇ ਪ੍ਰੋਗਰਾਮ ਬਣਾਵਾਂਗੇ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

**ਰੇ ਨਰ ਕਾਹੇ ਪਪੋਰਹੁ ਦੇਹੀ ॥**
**ਊਡਿ ਜਾਇਗੋ ਧੂਮੁ ਬਾਦਰੋ**
**ਇਕੁ ਭਾਜਹੁ ਰਾਮੁ ਸਨੇਹੀ ॥ ਰਹਾਉ ॥** *(ਪੰਨਾ ੬੦੯)*

ਸਾਡੇ ਸਾਰਿਆਂ ਵਲੋਂ ਆਪ ਜੀ ਦੋਹਾਂ ਨੂੰ, ਬੱਚੀ ਨੂੰ ਸਤਿ ਸ੍ਰੀ ਅਕਾਲ।

ਸਦਾ ਰੱਬ ਦੀ ਯਾਦ ਰੱਖੋ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 14.1.80

**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥** *(ਪੰਨਾ ੧੪੦)*

ਤਾਂ ਤੇ ਦਿਲ ਸਾਫ ਨਾਲ ਮੁਖੋਂ ਨਾਮ ਜਪਣਾ ਚਾਹੀਦਾ ਹੈ। ਹੋਰ ਸਭ ਝੂਠੇ ਅਮਲ ਹਨ ਤੇ ਦੁਨੀਆਂ ਦੇ ਦਿਖਾਵੇ ਹਨ। ਅਮਲਾਂ ਨਾਲ ਨਾਮ ਜਪਿਆਂ ਫਲੀ ਭੂਤ

ਹੁੰਦਾ ਏ। ਉਂਜ ਨਹੀਂ। ਤਾਂ ਤੇ ਗੁਰਬਾਣੀ ਅਨੁਸਾਰ ਜੀਵਨ ਢਾਲੀਏ ਤੇ ਨਾਮ ਜਪੀਏ। ਫਲ ਮਿਲਦਾ ਏ।

ਸਦਾ ਨਾਮ ਜਪਦੇ ਰਹੋ।

✧ ✧ ✧

# (3)
# ਸਤਿਸੰਗ ਦੀ ਜ਼ਰੂਰਤ
# (ਗੁਰਮੁਖਿ ਦੀ ਸੰਗਤਿ)

ੴ ਸਤਿਗੁਰ ਪ੍ਰਸਾਦਿ।। ਬਾੜੀ (ਧੌਲਪੁਰ) : 2.11.67

ਆਪ ਜੀ ਨੂੰ ਇਕ ਪੱਤ੍ਰਿਕਾ ਪਾਨੀਪਤ ਦੇ ਪਤੇ ਤੇ ਪਾਈ ਸੀ, ਜਿਸ ਵਿਚ ਭੈਣ ਜੀ ਦੇ ਇਸ ਸੰਸਾਰ ਤੋਂ ਟੁਰ ਜਾਣ ਤੇ ਆਪ ਜੀ ਨੂੰ ਤੇ ਸਾਰੇ ਪਰਵਾਰ ਨੂੰ ਭਾਣੇ ਵਿਚ ਟਿਕਣ ਦੀ ਅਰਦਾਸਿ ਕੀਤੀ ਸੀ। ਆਪ ਜੀ ਦਾ ਇਕ ਪੱਤਰ ਦੇਹਰਾਦੂਨ ਤੋਂ ਲਿਖਿਆ ਪੁੱਜਾ ਸੀ। ਉਹ ਲਫਾਫਾ ਸ੍ਰ ਰਣਬੀਰ ਸਿੰਘ ਜੀ ਨੇ ਪੜ੍ਹਿਆ ਸੀ ਤੇ ਦਾਸ ਨੂੰ ਸੁਝਾਵ ਦਿੱਤਾ ਸੀ ਕਿ ਵਾਹਿਗੁਰੂ ਜੀ ਅੱਗੇ ਅਰਦਾਸਿ ਕਰੋ। ਦਾਸ ਨੇ ਉਹ ਸਾਰੀ ਪੱਤ੍ਰਕਾ ਨਹੀਂ ਪੜ੍ਹੀ, ਕਿਉਂਕਿ ਏਥੇ ਬਾੜੀ ਵਿਚ ''ਨਾਮ ਅਭਿਆਸ ਕਮਾਈ ਸਮਾਗਮ'' 15.10.67 ਤੋਂ 25.10.67 ਤੱਕ ਰਖਿਆ ਸੀ। ਦਾਸ 7.10.67 ਨੂੰ ਦਿੱਲੀ ਪ੍ਰਚਾਰ ਸੇਵਾ ਨਿਭਾਉਣ ਲਈ ਟੁਰ ਪਿਆ ਸੀ। ਉੱਥੋਂ ਪੰਜ ਕਾਰਾਂ ਵਿਚ ਦਿੱਲੀ ਦੀ ਸੰਗਤਿ ਨਾਲ ਹੀ ਬਾੜੀ ਨੂੰ 15.10 ਨੂੰ ਆ ਗਈ। ਹੋਰ ਸੰਗਤਿ ਬੰਬਈ ਤੋਂ ਆਈ। ਸਵੇਰੇ ਸਾਢੇ ਚਾਰ ਵਜੇ ਤੋਂ ਲੈ ਕਰ ਰਾਤ ਦੇ ਸਾਢੇ ਸੱਤ ਵੱਜੇ ਤਕ ਨਾਮ ਬਾਣੀ ਕੀਰਤਨ ਦਾ ਪਰਵਾਹ ਖੂਬ ਚਲਿਆ। ਸਾਰੀ ਸੰਗਤਿ ਨੇ ਬੜਾ ਰਸ ਮਾਣਿਆ। ਇਸ ਸਮਾਗਮ ਵਿਚ ਭਾਈ ਸਾਹਿਬ ਹਰਨਾਮ ਸਿੰਘ ਜਿਲ੍ਹਾ ਹੁਸ਼ਿਆਰਪੁਰ ਤੋਂ ਵੀ ਆਏ ਹੋਏ ਸਨ। ਉਨ੍ਹਾਂ ਆਪਦੀ ਚਿੱਠੀ ਪੁੱਜਣ ਤੇ ਆਖਿਆ ਕਿ ਆਪ ਜੀ ਨੂੰ ਸੁਝਾਵ ਲਿਖਿਆ ਜਾਏ ਕਿ ਆਪ ਉਨ੍ਹਾਂ ਦੇ ਡੇਰੇ-ਗੁਰਦੁਵਾਰਾ ਰਾਮਪੁਰ ਸਾਹਿਬ ਪਿੰਡ ਗੋਇੰਦਪੁਰ ਆ ਜਾਣ ਤੇ ਉੱਥੇ ਹੀ ਉਨ੍ਹਾਂ ਨਾਲ ਮਿਲ ਕਰ ਬਾਕੀ ਸਾਰਾ ਜੀਵਨ ਬਿਤਾਉਣ। ਉਨ੍ਹਾਂ ਦੇ ਡੇਰੇ ਵਿਚ ਬਿਜਲੀ ਦਾ ਟਿਊਬਵੈਲ ਗੁਰਦੁਆਰੇ ਦੀ ਖੇਤੀ ਲਈ ਲੱਗਾ ਹੋਇਆ ਹੈ। ਲੰਗਰ ਪਾਣੀ ਲਈ ਚੋਖੀ ਆਮਦਨ ਖੇਤੀ ਦੀ ਹੈ। ਜੋ ਆਪ ਜੀ ਦਾ ਚਿੱਤ ਚਾਹੇ ਤਾਂ ਉੱਥੇ ਜਾ ਸਕਦੇ ਹੋ। ਪਰ ਆਪ ਜੀ ਕੀਰਤਨ ਆਸ਼ਕੀਏ ਹੋ। ਇਸ ਬਿਨਾ ਵਾਸਤਵ ਵਿਚ ਜੀਵਨ ਫਿੱਕਾ ਰਹਿੰਦਾ ਹੈ। ਅਸੀਂ ਪ੍ਰੋਗਰਾਮ ਬਣਾ ਰਹੇ ਹਾਂ ਕਿ ਹੁਣ ਵਖਿਆਨ ਘੱਟ ਦਿੱਤੇ ਜਾਣ ਤੇ ''ਨਾਮ ਅਭਿਆਸ ਕਮਾਈ ਤੇ ਕੀਰਤਨ ਸਮਾਗਮ'' ਹਰ ਸ਼ਹਿਰ ਵਿਖੇ ਰੱਖੇ ਜਾਣ। ਸੋ ਜਿੱਥੇ ਜਿੱਥੇ ਵੀ ਮੰਗ ਆਈ ਇਹ ਸਮਾਗਮ ਕੀਤੇ ਜਾਣਗੇ। ਇਸ ਅਮਲ ਤੋਂ ਬਿਨਾਂ ਮਨ ਤੋਂ ਧੋਖਾ ਨਹੀਂ ਲਹਿ ਸਕਦਾ। ਇਹ practical ਹੈ। ਆਪ ਜੀ ਦੇ ਲਫਾਫੇ ਵਾਲੀ ਪੱਤ੍ਰਕਾ ਇਧਰ ਉਧਰ ਸਮਾਗਮ ਕਰ

ਕੇ ਹੋ ਗਈ ਸੀ, ਕਲ੍ਹ ਲਭੀ ਹੈ, ਤੇ ਪੂਰੀ ਪੜ੍ਹੀ ਹੈ। ਵਾਹਿਗੁਰੂ ਜੀ ਆਪ ਜੀ ਨੂੰ ਬਲ ਪ੍ਰਦਾਨ ਕਰਨ ਕਿ ਆਪ ਜੀ ਭਾਣੇ ਅੰਦਰ ਵਿਚਰੋ ਤੇ ਭੈਣ ਜੀ ਦੀ ਆਤਮਾ ਨੂੰ ਵਾਹਿਗੁਰੂ ਜੀ ਚਰਨ ਨਿਵਾਸ ਬਖਸ਼ਣ। ਨਿਰਸੰਦੇਹ ਐਸੇ ਸੁਹਿਰਦ ਸਾਥੀ ਦਾ ਵਿਛੋੜਾ ਆਪ ਜੀ ਲਈ ਬੜਾ ਦੁਖਦਾਇਕ ਹੈ, ਪਰ ਪੇਸ਼ ਵੀ ਕੁਝ ਨਹੀਂ ਚਲ ਸਕਦੀ। ਕੇਵਲ ਅਰਦਾਸਿ, ਜੋਦੜੀ, ਬੇਨਤੀਆਂ ਹਨ, ਸੋ ਆਪ ਅਰਦਾਸਿ ਵਿਚ ਰਹੋ। ਵਾਹਿਗੁਰੂ ਜੀ ਮੇਹਰ ਕਰਕੇ ਆਪ ਜੀ ਦੇ ਮਨ ਨੂੰ ਸ਼ਾਂਤੀ ਦਾਨ ਕਰਨਗੇ। ਸਾਡੇ ਵਲੋਂ ਆਪ ਜੀ ਨੂੰ ਫਤਹਿ ਤੇ ਹੋਰ ਸਾਰੇ ਪਰਵਾਰ ਨੂੰ ਗੁਰ ਫਤਹਿ।

ਆਪ ਜੀ ਨੇ ਉੱਤਰ ਦੇਣਾ ਕਿ ਆਪ ਦਾ ਵੀਚਾਰ, ਭਾਈ ਸਾਹਿਬ ਹਰਨਾਮ ਸਿੰਘ ਦੇ ਸੁਝਾਵ ਲਈ ਕੀ ਹੈ ?

ਨਾਮ ਬਾਣੀ ਨਾਲ ਪਿਆਰ, ਅੰਤਰ ਆਤਮੇ ਬਣਿਆ ਰਹੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬਾੜੀ (ਧੌਲਪੁਰ) : 10.11.67

ਆਪ ਜੀ ਦੀ ਪਾਤੀ ਪੁਜੀ। ਆਪ ਨੂੰ ਮਾਯੂਸੀ ਹੋਣੀ ਸੁਭਾਵਕ ਸੀ। ਇਸ ਦਾ ਕਾਰਣ ਦਾਸ ਹੈ। ਜਿਸ ਦਿਹਾੜੇ ਆਪ ਦੀ ਪਾਤੀ ਬਾੜੀ ਪੁੱਜੀ ਉਨ੍ਹਾਂ ਦਿਨਾਂ ਵਿਚ, ''ਨਾਮ ਅਭਿਆਸ ਕਾਮਈ ਸਮਾਗਮ'' ਹੋ ਰਿਹਾ ਸੀ। ਡਾਕੀਏ ਤੋਂ ਡਾਕ ਉਸ ਦਿਨ ਸ੍ਰ ਰਣਬੀਰ ਸਿਘ ਜੀ ਨੇ ਲਈ। ਦਾਸ ਰੁੱਝਾ ਹੋਇਆ ਸੀ। ਉਹਨਾਂ ਨੇ ਚਿੱਠੀ ਖੋਲੀ ਤੇ ਪੜ੍ਹੀ। ਚਿੱਠੀ ਸਾਰੰਸ਼ ਉਹਨਾਂ ਦੱਸਿਆ ਤੇ ਸੁਝਾਵ ਦੁੱਖ ਭਰੇ ਹਿਰਦੇ ਨਾਲ ਦਿੱਤਾ ਕਿ ਆਪ ਜੀ ਲਈ ਜਰੂਰ ਬਰ ਜਰੂਰ ਅਰਦਾਸਿ ਦਿਲੋਂ ਕਰੋ ਕਿ ਵਿਛੁੜੀ ਹੋਈ ਆਤਮਾ ਨੂੰ ਸ਼ਾਂਤੀ ਪੁੱਜੇ। ਦਾਸ ਨੇ ਉੱਤਰ ਵਿਚ ਆਖਿਆ ਕਿ ''ਜਰੂਰ ਅਰਦਾਸਿ ਕਰਾਂਗੇ।'' ਦਾਸ ਕੰਮ ਵਿਚ ਰੁਝਿਆ ਰਿਹਾ ਤੇ ਖੁਦ ਸਾਰੀ ਪੱਤ੍ਰਕਾ ਨਾ ਪੜ੍ਹ ਸਕਿਆ। ਅਰਦਾਸਿ ਕਰ ਦਿੱਤੀ ਤੇ ਮਹਾਰਾਜ ਨੇ ਸੁਣੀ। ਬੜੀ ਖੁਸ਼ੀ ਦੀ ਗੱਲ ਏ। ਸਮਾਗਮ ਦੀ ਸਮਾਪਤੀ 26.10.67 ਨੂੰ ਹੋਈ, ਇਸ ਦੇ ਮਗਰੋ ਪੱਤ੍ਰਕਾ ਲੱਭੀ ਗਈ ਪਰ ਮਿਲੀ ਨਾ। ਆਪ ਦਾ ਡੇਹਰਾਦੂਨ ਵਾਲਾ ਪੱਤਰ ਦਾਸ ਪਾਸ ਨਹੀਂ ਸੀ। ਇਸ ਲਈ ਉੱਤਰ ਪਾਨੀਪਤ ਦੇ ਪਤੇ ਤੇ ਦਿੱਤਾ ਤੇ ਨਾਲ ਹੀ ਜੋ ਗੱਲ ਬਾਤ ਸੰਤ ਹਰਨਾਮ ਸਿੰਘ ਜੀ ਨੇ ਆਖੀ, ਲਿਖ ਦਿੱਤੀ। ਪਰ ਮਨ ਨੂੰ ਤੱਸਲੀ ਨਹੀਂ ਹੋਈ ਕਿ ਪੱਤ੍ਰਕਾ ਆਪ ਨੂੰ ਮਿਲੇਗੀ ਜਾਂ ਨਹੀਂ। ਚਾਰ ਪੰਜ ਦਿਨ ਲਗਾਤਾਰ ਆਪ ਜੀ ਵੱਲ ਧਿਆਨ ਰਿਹਾ। ਆਪ ਦੀ ਨਿਰਾਸ ਦਸ਼ਾ ਦਾਸ ਨੇ ਭਾਸੀ। ਅਚਨਚੇਤ ਲਫਾਫਾ ਹੋਰ ਕਾਗਜ਼ਾ ਵਿਚੋਂ ਲੱਭ ਗਿਆ। ਬੜੀ ਕ੍ਰਿਪਾ

ਹੋਈ, ਸਾਰਾ ਖਤ ਮੈਂ ਤੇ ਇਕ ਵਾਰੀ ਰਮਿੰਦਰ ਕੌਰ ਹੁਰਾਂ ਨੇ ਪੜ੍ਹਿਆ ਤੇ ਆਪ ਜੀ ਨੂੰ ਉਤਰ ਡੇਹਰਾਦੂਨ ਦੇ ਪਤੇ ਤੇ ਲਿਖਿਆ। ਦਾਸ ਖਿਮਾ ਦਾ ਜਾਚਕ ਹੈ ਜੋ ਆਪ ਜੀ ਨੂੰ ਅਣਗਿਹਿਲੀ ਕਰਕੇ ਉੱਤਰ ਛੇਤੀ ਨਾ ਦੇ ਸਕਿਆ। ਆਸ ਹੈ ਕਿ ਆਪ ਜੀ ਇਸ ਭੁੱਲੜ ਨੂੰ ਖਿਮਾ ਬਖਸ਼ੋਗੇ। ਦਾਸ ਆਪ ਵਰਗੇ ਗੁਰਮੁਖਾਂ ਦੀ ਚਰਨ ਰੱਜ ਹੈ। ਮਾਇਆ ਧਾਰੀ ਅੰਨ੍ਹੇ ਬੋਲੇ ਹੁੰਦੇ ਹਨ, ਉਨ੍ਹਾਂ ਨਾਲ ਪ੍ਰੀਤੀ ਕਾਹਦੀ ?

**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥**

*(ਪੰਨਾ ੨੯੬)*

ਦਾਸ ਲਈ ਕੋਈ ਸੇਵਾ ਹੋਵੇ ਨਿਸੰਕ ਲਿਖਣ ਦੀ ਕਿਰਪਾ ਕਰਨਾ। ਸੰਕੋਚ ਨ ਕਰਨਾ। ਨਾਮ ਬਾਣੀ ਦਾ ਪਿਆਰ ਅੰਤਰ ਆਤਮੇ ਵਸੇ। ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!!

✦ ✦ ✦

ੴ ਸਤਿਗੁਰ ਪ੍ਰਸਾਦਿ।। ਬਾੜੀ (ਧੌਲਪੁਰ) : 16.12.69

ਪ੍ਰੇਮ ਪਾਤੀ ਪੁਜੀ। ਲਗਾਤਾਰੀ ਸਤਿਸੰਗਤਿ ਜਰੂਰੀ ਅੰਗ ਹੈ। ਅੰਤਰ ਆਤਮੇ ਪ੍ਰੀਤ ਦ੍ਰਿੜ ਹੁੰਦੀ ਹੈ। ਨਾਮ ਦਾ ਖੰਡਾ ਜੋਰਾਂ ਵਿਚ ਖੜਕਦਾ ਹੈ। ਬੀਬੀ ਜੀ ਨੂੰ ਆਖਣਾ ਕਿ ਭਾਣੇ ਵਿਚ ਪੂਰੀ ਤਰ੍ਹਾਂ ਰਹਿਣਾ। ਕਾਕੇ ਦੀ ਆਤਮਾ ਹੁਣ ਅੱਗੇ ਕੋਲੋਂ ਸੁਖੀ ਹੈ। ਜੇ ਪੂਰੇ ਭਾਣੇ ਵਿਚ ਬੀਬੀ ਜੀ ਵਿਚਰਨ ਤਾਂ ਆਤਮਾ ਪੂਰੀ ਸੁਖੀ ਹੋ ਜਾਏਗੀ। ਇਹ ਹੁਣ ਬੀਬੀ ਜੀ ਤੇ ਨਿਰਭਰ ਹੈ। ਇਹ ਗੱਲ ਉਨ੍ਹਾਂ ਨੂੰ ਪੱਕੀ ਤਰ੍ਹਾਂ ਨਿਸ਼ਚੇ ਕਰਾ ਦੇਣੀ ਜੀ। ਆਪ ਜੀ ਤੇ ਤਾਂ ਮਿਹਰ ਹੋ ਗਈ ਹੈ ਤੇ ਹੁਣ ਰਸ ਭਰਪੂਰ ਨਾਮ ਵਿਚ ਖੇਡੋ। ਸਹਜ ਅਵਸਥਾ ਨੂੰ ਪਕਾਉ। ਇਸ ਗੱਲ ਦਾ ਅਭਿਆਸ ਨਾਮ ਨਾਲ ਕਰਨਾ ਹੈ। ਗੁਰਬਾਣੀ ਤੇ ਨਾਮ ਇਕ ਹਨ। ਇਹਨਾਂ ਵਿਚ ਹੀ ਸਦਾ ਬ੍ਰਿਤੀ ਨੂੰ ਰੱਖਣਾ ਹੈ ਅਤੇ ਪੱਕਾ ਕਰਨਾ ਏ। "**ਕੀਰਤਨ ਨਿਰਮੋਲਕ ਹੀਰਾ ॥**" *(ਪੰਨਾ ੮੯੩)* ਹੈ। ਇਸ ਨੂੰ ਕਦੇ ਨਹੀਂ ਛੱਡਣਾ।

ਸਾਡੇ ਦੋਹਾਂ ਵਲੋਂ ਬੀਬੀ ਜੀ ਤੇ ਆਪ ਨੂੰ ਗੁਰ ਫਤਹਿ।।

✦ ✦ ✦

੧ੴ ਸਤਿਗੁਰ ਪ੍ਰਸਾਦਿ।। ਬਾੜੀ (ਧੌਲਪੁਰ) : 22.7.70

ਪ੍ਰੇਮ ਪਾਤੀ ਮਿਲੀ। ਸ੍ਰ ............ ਸਿੰਘ ਜੀ ਕਦੇ ਕਦਾਈ ਕੁਝ ਥਿੜਕ ਜਾਂਦੇ ਹਨ। ਜੇ ਕਦੀ ਉਹ ਸਾਰੇ ਸਮਾਗਮ ਵਿਚ ਹਿੱਸਾ ਲੈਂਦੇ ਤਾਂ ਬਹੁਤ ਲਾਭ ਹੋਣਾ ਸੀ, ਪਰੰਤੂ ਮਾਇਆ ਦੇ ਵਿਉਹਾਰ ਤੇ ਖਿੱਚ, ਰੁਕਾਵਟ ਪਾ ਦੇਂਦੇ ਹਨ। ਇੰਜ ਫਾਥਿਆ ਬੰਦਾ ਅੰਤ ਜੀਵਨ ਖੋ ਬਹਿੰਦਾ ਹੈ। ਮਹਾਰਾਜ ਉਨ੍ਹਾਂ ਦੀ ਸਿਹਤ ਦੀ ਕ੍ਰਿਪਾ ਕਰਨ। ਦਾਸ ਦਾ ਵੀਚਾਰ, ਨਾਮ ਅਭਿਆਸ ਕਮਾਈ ਕਰਨ ਵਾਲੇ ਬਿਰਧ ਜਾਂ Retired ਸੱਜਣਾ ਲਈ ਇਕ ਬ੍ਰਿਧ ਆਸ਼ਰਮ ਖੋਲ੍ਹਣ ਦਾ ਹੈ। ਇਸ ਲਈ ਥਾਂ ਵੇਖੀ ਜਾ ਰਹੀ ਹੈ। ਦਾਸ ਵੀ ਉੱਥੇ ਹੀ Shift ਕਰ ਲਏਗਾ। ਸਾਰੇ ਮਿਲ ਕਰ ਨਾਮ ਅਭਿਆਸ ਕਰਿਆ ਕਰਾਂਗੇ ਤੇ ਇਸ ਜਨਮ ਵਿਚ ਬਖਸ਼ਿਸ਼ ਲੈਣ ਦਾ ਉਪਰਾਲਾ ਕਰਾਂਗੇ। ਆਪ ਜੀ ਨੂੰ ਵੀ ਉੱਥੇ ਹੀ ਰੱਖਿਆ ਜਾਸੀ। ਦਸ ਬਾਰ੍ਹਾਂ ਸਰੀਰ ਤਿਆਰ ਹਨ। ਲੰਗਰ ਗੁਰੂ ਦਾ ਵਰਤੇਗਾ, ਉਗਰਾਹੀ ਕੋਈ ਨਹੀਂ ਹੋਵੇਗੀ। ਦਾਸ ਇਲਾਕੇ ਦੀ ਸੰਗਤਿ ਦੀ ਸੇਵਾ ਦਵਾਈ ਤੇ ਇੰਜੈਕਸ਼ਨ ਨਾਲ ਕਰੇਗਾ। ਜੋ ਸੱਜਣ ਵੱਖਰਾ ਲੰਗਰ ਚਾਹਨ, ਕਰ ਸਕਦੇ ਹਨ। ਸਾਡੇ ਦੋਹਾਂ ਵਲੋਂ ਆਪ ਜੀ ਨੂੰ ਗੁਰ ਫਤਹਿ।।

✦ ✦ ✦

੧ੴ ਸਤਿਗੁਰ ਪ੍ਰਸਾਦਿ।। ਬਾੜੀ (ਧੌਲਪੁਰ) : 14.8.70

ਪ੍ਰੇਮ ਪਾਤੀ ਪੁਜੀ। ਇਲਾਹੀ ਹੁਕਮ ਜੋ ਆਪ ਨਮਿਤ ਹੋਇਆ,

ਉਹ ਹੇਠਾਂ ਅੰਕਤ ਹੈ। ਹੁਕਮ ਆਪਨੇ ਆਪ ਸਪੱਸ਼ਟ ਹੈ।

**ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ ॥**

**ਕਥਾ ਕੀਰਤਨੁ ਆਨੰਦ ਮੰਗਲ**

**ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ ॥ ੧ ॥ ਰਹਾਉ ॥**

**ਕਰਿ ਕਿਰਪਾ ਅਪਨੇ ਪ੍ਰਭਿ ਕੀਨੇ**

**ਨਾਮ ਅਪੁਨੇ ਕੀ ਕੀਨੀ ਦਾਤਿ ॥**

**ਆਠ ਪਹਰ ਗੁਨ ਗਾਵਤ ਪ੍ਰਭ ਕੇ**

**ਕਾਮ ਕ੍ਰੋਧ ਇਸੁ ਤਨ ਤੇ ਜਾਤ ॥ ੧ ॥**

**ਤ੍ਰਿਪਤਿ ਅਘਾਏ ਪੇਖਿ ਪ੍ਰਭ ਦਰਸਨੁ**
**ਅੰਮ੍ਰਿਤ ਹਰਿ ਰਸੁ ਭੋਜਨੁ ਖਾਤ ॥**
**ਚਰਨ ਸਰਨ ਨਾਨਕ ਪ੍ਰਭ ਤੇਰੀ**
**ਕਰਿ ਕਿਰਪਾ ਸੰਤਸੰਗਿ ਮਿਲਾਤ ॥ ੨ ॥**

*(ਪੰਨਾ ੮੨੦-੨੧)*

ਆਠ ਪਹਰ ਗੁਣ ਗਾਣ ਨਾਲ, ਨਿਰਸੰਦੇਹ ਹੀ, ਕਾਮ ਤੇ ਕ੍ਰੋਧ, ਇਸ ਸਰੀਰ ਵਿਚੋ ਚਲੇ ਜਾਂਦੇ ਹਨ। ਤਾਂ ਤੇ ਇਹ ਸਾਧਨ ਹੀ ਅਪਣਾਉਣਾ ਹੈ। ਸਤਿਸੰਗ ਵਿਚ ਮਿਲ ਕਰ ਗੁਣ ਗਾਇਨ ਕਰਨ ਨਾਲ ਇਹ ਦੋਵੇਂ ਨਠ ਜਾਂਦੇ ਹਨ। ਦਾਸ ਦਾ ਇਹ ਬੇਨਤੀ ਭਰਿਆ ਸੁਝਾਵ ਹੈ ਕਿ ਸਤੰਬਰ ਤੇ ਅਕਤੂਬਰ ਵਿਚ ਜੋ ਸਮਾਗਮ ਹੋ ਰਹੇ ਹਨ, ਉਹਨਾਂ ਵਿਚ ਦਰਸ਼ਨ ਦਿਉ ਤੇ ਲਾਭ ਲਵੋ। ਆਪ ਜੀ ਤੇ ਮਿਹਰਾਂ ਹੋ ਰਹੀਆਂ ਹਨ ਤੇ ਹੋਰ ਹੋਣਗੀਆਂ। ਜਿਵੇਂ ਜਿਵੇਂ ਸਾਧ ਸੰਗਤਿ ਵਿਚ ਨਾਮ ਜਪੋਗੇ ਤਿਵੇਂ ਤਿਵੇਂ ਬਖਸ਼ਿਸ਼ਾਂ ਹੋਣਗੀਆਂ।

**ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥**

*(ਪੰਨਾ ੭੬੩)*

✦ ✦ ✦

ੴ ਸਤਿਗੁਰ ਪ੍ਰਸਾਦਿ।। ਬਾੜੀ (ਧੌਲਪੁਰ) : 1.12.70

ਪ੍ਰੇਮ ਪਾਤੀ ਪੁੱਜੀ। ਬੜੀ ਪ੍ਰਸੰਨਤਾ ਹੋਈ। ਸ੍ਰੀ ਨਿਰੰਕਾਰ, ਸਿਰਜਣਹਾਰ, ਬਖਸ਼ਨਹਾਰ ਤੇ ਪਾਲਨਹਾਰ ਦਾ ਲੱਖ ਲੱਖ ਸ਼ੁਕਰ ਹੈ। ਕੋਟਾਨ ਕੋਟ ਧੰਨਵਾਦ ਹੈ। ਕਿਹੜੇ ਸ਼ਬਦਾਂ ਨਾਲ ਉਸ ਸਰਬ ਵਿਆਪਕ ਹੋਂਦ ਦਾ ਸ਼ੁਕਰਾਨਾ ਕੀਤਾ ਜਾਏ। ਕੋਈ ਸ਼ਬਦ ਨਹੀਂ ਕਿ ਜਿਸ ਦਵਾਰਾ ਉਸ ਜੋਤ ਦਾ ਧੰਨਵਾਦ ਕੀਤਾ ਜਾਏ। ਵਾਹੁ ਵਾਹੁ !! ਵਾਹੁ ਵਾਹੁ !!

ਆਪ ਜੀ ਤੇ ਬੜੀਆਂ ਬਖਸ਼ਿਸ਼ਾਂ ਹੋਈਆਂ ਹਨ ਤੇ ਹੋਰ ਹੋਣਗੀਆਂ।

**ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥** *(ਪੰਨਾ ੯)*

ਬਖਸ਼ਿਸ਼ ਰੋਕੀ ਨਹੀਂ ਜਾ ਸਕਦੀ। ਇਹੀ ਉਸਦੀ ਵਡਿਤਨ ਹੈ।

ਐਤਕਾਂ ਦਾ Final Touch ਨਹੀਂ ਸੀ। ਸ੍ਰੀ ਦਸਮ ਪਾਤਸ਼ਾਹ ਜੀ ਦੇ ਗੁਰਪੁਰਬ ਉੱਤੇ ਫਿਰ ਅੱਠ ਦਿਨਾਂ ਦਾ ਪ੍ਰੋਗਰਾਮ ਬਣ ਗਿਆ ਸੀ। ਸੰਗਤਿ ਨੇ ਹੁਕਮ ਕਰ ਕੇ ਬਚਨ ਲੈ ਲਿਆ ਸੀ, ਸੋ ਗੁਰਪੁਰਬ ਤੇ ਹਾਜ਼ਰੀ ਭਰੀ ਜਾਸੀ ਤੇ ਆਪ ਜੀ ਦੇ ਦਰਸ਼ਨ ਹੋਸਨ। ਜਿਵੇਂ ਜਿਵੇਂ ਸਤ ਸੰਗਤਿ ਵੱਧਦੀ ਜਾਸੀ ਤਿਵੇਂ ਤਿਵੇਂ ਰੰਗ ਦੂਣਾ ਹੁੰਦਾ ਜਾਸੀ। ਇਸੀ ਜਨਮ ਸੰਪੂਰਨ ਯਾਤਰਾ ਹੋ ਵੈਸੀ। ਐਸਾ ਹੀ ਉਸਦਾ ਬਿਰਦੁ ਹੈ।

ਸਰੀਰ ਦਾ ਉਚੇਚਾ ਖਿਆਲ ਰੱਖਣਾ ਹੈ। ਹੱਠ ਨਹੀਂ ਕਰਨਾ। ਹੱਠ ਨਾਲ ਕਾਇਆ ਛਿੱਜਦੀ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। Detroit (U.S.A.) 2H10H73

**ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ ॥** *(ਪੰਨਾ ੧੩੦੦)*

ਪਰ ਇਹ ਤਦ ਗੱਲ ਹੁੰਦੀ ਏ ਜਦ ਕਿ :-

**ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ ॥** *(ਪੰਨਾ ੧੩੦੦)*

ਤੁਸਾਂ ਹਰਿ ਕੀਰਤਨ ਸੁਣਿਆ ਤੇ ਉਸ ਦਾ ਫਲ ਅਵਸ਼ ਮਿਲਣਾ ਸੀ। ਸੋ ਮਿਲਿਆ ਅਤੇ ਅੱਗੋਂ ਮਿਲੇਗਾ।

**ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥**
**ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥**

*(ਪੰਨਾ ੭੫੦)*

ਤਾਂ ਤੇ :-

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥**

*(ਪੰਨਾ ੬੪੨)*

**ਸਾਧਸੰਗਿ ਹਰਿ ਕੀਰਤਨੁ ਗਾਈਐ ॥**

**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

ਇਸ ਲਈ ਅਰਦਾਸਿ ਕਰਿਆ ਕਰੋ :-

**ਸੁਣਿ ਬੇਨੰਤੀ ਸੁਆਮੀ ਅਪੁਨੇ ਨਾਨਕੁ ਇਹੁ ਸੁਖੁ ਮਾਗੈ ॥**
**ਜਹ ਕੀਰਤਨੁ ਤੇਰਾ ਸਾਧੂ ਗਾਵਹਿ ਤਹ ਮੇਰਾ ਮਨੁ ਲਾਗੈ ॥**

*(ਪੰਨਾ ੬੧੦)*

**ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥**
**ਨਾਨਕ ਦਾਸੁ ਇਹੈ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ ॥**

*(ਪੰਨਾ ੧੩)*

ਤੇ :-

**ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ॥**
**ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥**

*(ਪੰਨਾ ੯੬੧)*

ਤੁਸੀਂ ਉਦਾਸ ਤੇ ਢਹਿੰਦੀਆਂ ਕਲਾਂ ਵਿਚ ਨਹੀਂ ਜਾਣਾ। ਭਾਵੇਂ ਸਰੀਰ ਦੂਰ ਹਨ ਪਰ ਆਤਮਾਵਾਂ ਨੇੜੇ ਹਨ। ਉਕਾ ਹੀ ਓਦਰਨਾ ਨਹੀਂ। ਟੇਕ ਇਕ ਦੀ ਰੱਖਣੀ ਹੈ। ਦੇਹ ਬਿਨਸਨਹਾਰ ਹੈ। ਡਾਕਟਰ ਕਰਤਾਰ ਸਿੰਘ ਦੀ ਦੇਹ ਵੀ ਬਿਨਸਨਹਾਰ ਹੈ। ਤਾਂ ਤੇ ਦੇਹ ਨਾਲ ਪਿਆਰ ਤੇ ਮੋਹ ਨਹੀਂ ਪਾਉਣਾ। ਇਸੇ ਵਿਚ ਸਦਾ ਦਾ ਸੁੱਖ ਹੈ, ਖੇੜਾ ਹੈ, ਆਨੰਦ ਹੈ। ਨਾਮ ਬਾਣੀ ਦਾ ਆਸਰਾ ਰੱਖਣਾ ਹੈ। ਸਣੇ ਮੇਰੇ, ਕਿਸੇ ਵੀ ਸਰੀਰ ਦੀ ਟੇਕ ਨਹੀਂ ਲੈਣੀ, ਫਿਰ ਕਦੇ ਤੋਟ ਨਹੀਂ ਆਊ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣਾ ਹੈ। ਆਪਣੀ ਸੁਰਤਿ ਗੁਰਬਾਣੀ ਦੇ ਅਧੀਨ ਦਬੇਲ ਰੱਖਣੀ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। Washington 18H1H74

ਆਪ ਜੀ ਦੀ 6.1.74 ਦੀ ਪਾਤੀ ਨਿਯੂਯਾਰਕ ਤੋਂ Redirect ਹੋ ਕਰ ਐਥੇ ਅੱਜ ਮਿਲੀ। ਪ੍ਰਸੰਨਤਾ ਹੋਈ।

ਆਪ ਜੀ ਤੇ ਭਾਈ ਸਾਹਿਬ ........ ਸਿੰਘ ਜੀ ਦੀ ਪਰਬਲ ਇੱਛਾ ਅਸਰ ਕਰ ਗਈ ਏ ਤੇ ਹੁਣ ਲੰਬੇਰਾ ਪ੍ਰੋਗਰਾਮ ਨਹੀਂ ਬਣ ਸਕੇਗਾ।

ਜੋ ਆਨੰਦ 20.5.73 ਦੀ ਰਾਤ ਨੂੰ ਆਇਆ ਸੀ, ਉਹ ਬਖਸ਼ਿਸ਼ ਸੀ। ਸਤ ਸੰਗਤਿ ਵਿਚ ਬਖਸ਼ਿਸ਼ਾਂ ਸੁਤੇ ਹੀ ਹੁੰਦੀਆਂ ਨੇ। ਉਹੋ ਜੇਹਾ ਸਮਾਂ ਹੋਰ ਵੀ ਆਉ ਤੇ ਚਿੰਤਾ ਕਰਨ ਦੀ ਲੋੜ ਨਹੀਂ। ਨਾਮ ਬਾਣੀ ਦਾ ਅਭਿਆਸ ਜਾਰੀ ਰੱਖੋ। ਇਸ ਬਿਨਾਂ ਜੀਵਨ ਕਿਸੇ ਕੰਮ ਨਹੀਂ। ਇਹ ਹੀ ਰਾਹ ਉਸ ਆਨੰਦ ਨੂੰ ਜੋ ਕਿ ਆਪ ਨੂੰ 20.5.73 ਨੂੰ ਆਇਆ ਹੈ, ਮੁੜ ਆਨੰਦ ਲਿਆਇਗਾ। ਹੋਰ ਰਾਹ ਕੋਈ ਨਹੀਂ। ਸਾਧ ਸੰਗਤਿ ਵਿਚ ਹੀ ਬਖਸ਼ਿਸ਼ਾਂ ਹੁੰਦੀਆਂ ਨੇ।

**ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥**

*(ਪੰਨਾ ੭੧੪)*

**ਜੋ ਦਮੁ ਚਿਤਿ ਨ ਆਵਈ ਸੋ ਦਮੁ ਬਿਰਥਾ ਜਾਇ ॥** *(ਪੰਨਾ ੭੩੦)*

ਤਾਂ ਤੇ ਲੱਗੇ ਰਹੋ ! ਲੱਗੇ ਰਹੋ ! ਕੇਵਲ ਇਕ ਨਿਰੰਕਾਰ ਦੀ ਓਟ ਰੱਖਣੀ ਏ, ਹੋਰ ਕਿਸੇ ਦੀ ਨਹੀਂ ਰੱਖਣੀ।

\+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ (ਸ਼ਿਮਲਾ ਹਿਲਜ਼) 22.8.75

ਰੋਜਾਨਾ ਟੇਪ ਤੇ ਆਨੰਦ ਮਾਨਣ ਦੀ ਬੜੀ ਖੁਸ਼ੀ ਏ। ਰਾਹ ਇਹ ਹੀ ਹੈ। ਟੁਰਦੇ ਚਲੋ, ਬਖਸ਼ਿਸ਼ਾਂ ਹੁੰਦੀਆਂ ਰਹਿਣਗੀਆਂ।

ਸਦਾ ਨਾਮ ਬਾਣੀ ਨਾਲ ਜੁੜੇ ਰਹੋ।

\+ + +

ੴ ਸਤਿਗੁਰ ਪ੍ਰਸਾਦਿ।। ਸਪੂਰਨ : 10.9.76

ਆਪ ਜੀ ਦੀ ਪਾਤੀ ਮਿਤੀ 7-9 ਦੀ ਲਿਖੀ ਕਲ ਮਿਲੀ। ਬੜੀ ਪ੍ਰਸੰਨਤਾ ਹੋਈ। ਹੁਕਮ ਅਨੁਸਾਰ ਤੇ ਪਿਛਲੇ ਸਾਲ ਦੇ ਬਚਨਬੱਧ ਅਨੁਸਾਰ ਬੰਗਲੌਰ ਦਾ ਪ੍ਰੋਗਰਾਮ ਰਖਿਆ ਗਿਆ ਸੀ, ਜੋ ਲਾਭ ਹੀ ਲਾਭ ਹਰ ਪੱਖ ਤੋਂ (ਪਰਮਾਰਥ ਤੇ ਵਿਹਾਰਕ) ਹੋਸੀ।

ਇਸ ਵਿਚ ਸੰਦੇਹ ਨਹੀਂ। ਸਤਿਸੰਗ ਨਾਲ ਘਰ ਦੇ ਹਰ ਇਕ ਪ੍ਰਾਣੀ ਨੂੰ ਲਾਭ ਹੋਸੀ। ਇਸ ਵਿਚ ਕੋਈ ਸ਼ਕ ਨਹੀਂ। ਇਸ ਨੂੰ ਬਖਸ਼ਿਸ਼ ਆਖਦੇ ਹਨ।

**ਜਿਹ ਠਾਕੁਰੁ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥**

*(ਪੰਨਾ ੧੩੮੬)*

ਆਪ ਦੇ ਸਾਰੇ ਪ੍ਰਵਾਰ ਤੇ ਗੁਰੁ ਪਾਤਸ਼ਾਹ ਦੀ ਬਖਸ਼ਿਸ਼ ਹੈ ਤੇ ਪ੍ਰਸੰਨਤਾ ਹੈ। ਤਾਂ ਤੇ ਸਤਿਸੰਗਤਿ ਤੋਂ ਪੂਰਾ ਪੂਰਾ ਲਾਭ ਉਠਾਓ ਤੇ ਜਨਮ ਸਫਲਾ ਕਰੋ।

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥**

*(ਪੰਨਾ ੬੪੨)*

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

ਸਦਾ ਸਾਰਾ ਪ੍ਰਵਾਰ ਗੁਰਮੁਖਿ ਬਣ ਕਰ ਨਾਮ ਜਪਦਾ ਰਹੇ। ਇਹ ਹੀ ਅਸੀਸ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 12.9.76

ਤਾਂ ਤੇ ਦੋਹਾਂ ਨੂੰ ਸੁਝਾਵ ਹੈ ਕਿ ਸਦਾ, ਉਸ ਇਕ ਦੀ ਟੇਕ ਰੱਖੋ। ਆਪਣੀ ਸੁਰਤਿ ਨੂੰ ਕੇਵਲ ਗੁਰਬਾਣੀ ਦੇ ਅਧੀਨ ਰੱਖੋ। ਕਿਸੇ ਵਿਅਕਤੀ ਦੇ ਹੇਠਾਂ-ਭਾਵੇਂ ਮੈਂ ਕਿਉਂ ਨਾ ਹੋਵਾਂ-ਕਦੇ ਵੀ ਕਿਸੀ ਸਮੇਂ ਦਬੇਲ ਨਹੀਂ ਕਰਨੀ। ਫਿਰ ਤੁਸੀਂ ਕਦੇ ਵੀ ਕਿਸੇ ਤੋਂ ਧੋਖਾ ਨਹੀਂ ਖਾਵੋਗੇ। ਮੇਰੀ ਕਥਨੀ ਦੇ ਪਿੱਛੇ ਵੀ ਜੋ ਗੁਰਬਾਣੀ ਦਾ ਪ੍ਰਮਾਣ ਨਹੀਂ ਤਾਂ ਕਦੇ ਨਾ ਮੰਨੋ। ਸੁਖ ਮਿਲਸੀ।

ਸਦਾ ਹਰ ਤਰ੍ਹਾਂ ਚੜ੍ਹਦੀਆਂ ਕਲਾਂ ਰਹਿਣਾ।

✦ ✦ ✦

ਇਹ ਜਾਣ ਕਰ ਖੁਸ਼ੀ ਹੋਈ ਕਿ ਆਪਦੇ ਸਾਰੇ ਪ੍ਰਵਾਰ ਨੇ 15 ਦਿਨ ਦਾ ਸਤਿਸੰਗ ਖੂਬ ਮਾਣਿਆ ਤੇ ਲਾਭ ਉਠਾਇਆ। ਇਸ ਵਿਚ ਸੰਦੇਹ ਨਹੀਂ ਕਿ ਸਤਿਸੰਗਤਿ ਵਿਚ ਮਨ ਚੜ੍ਹਦੀਆਂ ਕਲਾਂ ਵਿਚ ਜਾਂਦਾ ਏ ਤੇ ਖੇੜਾ ਮਾਣਦਾ ਏ। ਪਰ ਅਸਲੀ ਸਤਿਸੰਗਤਿ ਭਾਗਾਂ ਨਾਲ ਹੀ ਲੱਭਦੀ ਏ, ਨਹੀ ਤਾਂ ਸਾਧਾਰਣ ਪਖੰਡ ਦੇ ਹੀ ਦਰਸ਼ਨ ਹੁੰਦੇ ਨੇ।

**ਸਤਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥** *(ਪੰਨਾ ੭੨)*

ਪਰ ਅਸਲੀ ਸਤਿਸੰਗਤਿ ਉਸ ਨੂੰ ਪ੍ਰਾਪਤ ਹੁੰਦੀ ਏ ਜਿਸ ਤੇ ਪ੍ਰਭੂ ਦੀ ਪ੍ਰਸੰਨਤਾ ਹੁੰਦੀ ਏ।

**ਜਿਹ ਠਾਕੁਰੁ ਸੁਪ੍ਰਸੰਨੁ ਭਯੋੁ ਸਤਸੰਗਤਿ ਤਿਹ ਪਿਆਰੁ ॥**
*(ਪੰਨਾ ੧੩੮੬)*

ਅਸਲੀ ਸਤਿਸੰਗਤਿ ਗੁਰਬਾਣੀ ਦੀ ਹੈ। ਤਾਂ ਤੇ ਗੁਰਬਾਣੀ ਦਾ ਅਭਿਆਸ ਵਿਚਾਰ ਸਹਿਤ ਕਰਨਾ ਚਾਹੀਦਾ ਹੈ ਤੇ ਫਿਰ ਵਿਚਾਰੀ ਗੁਰਬਾਣੀ ਨੂੰ ਅਮਲੀ ਜੀਵਨ ਵਿਚ ਲਿਆਣਾ ਚਾਹੀਦਾ ਏ। ਏਹ ਹੈ ਨਾਮ ਦੀ ਕਮਾਈ। ਨਾਮ ਦਾ ਜਾਪ ਤੇ ਸਿਮਰਨ ਸੁਰਤਿ ਜੋੜ ਕਰ ਕਰਨੇ ਐਸੇ ਔਖੇ ਨਹੀਂ ਜਿੰਨਾ ਕਿ ਗੁਰਬਾਣੀ ਅਨੁਸਾਰ ਜੀਵਨ ਢਾਲਣਾ ਔਖਾ ਹੈ। ਅਸਲ ਵਿਚ ਗੁਰਬਾਣੀ ਦੇ ਉਪਦੇਸ਼ ਸੁਣ ਕਰ ਜੀਵਨ ਵਿਚ ਘਟਾਣ ਨਾਲ ਹੀ ਨਾਮ ਦੀ ਪ੍ਰਾਪਤੀ ਹੁੰਦੀ ਏ।

**ਸੁਨਿ ਉਪਦੇਸੁ ਹਿਰਦੈ ਬਸਾਵਹੁ ॥**
**ਮਨ ਇਛੈ ਨਾਨਕ ਫਲ ਪਾਵਹੁ ॥** *(ਪੰਨਾ ੨੯੩)*

ਹਿਰਦੇ ਵਿਚ ਉਹ ਗੱਲ ਆਉਂਦੀ ਏ ਜਿਹੜੀ ਅਮਲ ਵਿਚ ਲਿਆਈਏ। ਮਾਨਸਿਕ ਵਿਦਿਆ ਦੀ ਖੋਜ ਏਹੀ ਆਖਦੀ ਏ ਤੇ ਧੁਰੋਂ ਆਈ ਬਾਣੀ ਵੀ ਇੰਜ ਫੁਰਮਾਉਂਦੀ ਏ।

**ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥** *(ਪੰਨਾ ੬੭)*

ਗੁਰਬਾਣੀ ਅਨੁਸਾਰ ਕਰਮ ਕਰਨ ਦੁਆਰਾ ਇਹ ਮਨ ਵਿਚ ਵਸਦੀ ਏ। ਕਰਮ ਦੇ ਸੱਸੇ ਨੂੰ ਸਿਹਾਰੀ ਸੰਬੰਧਕ ਵਾਚਕ ਹੈ-ਅਰਥ ਹੋਇਆ : ਕਰਮਾਂ ਨਾਲ। ਤਾਂ ਤੇ ਇਹ

ਕਰਿਆ ਕਰੋ, ਸੁੱਖ ਮਿਲਸੀ। ਦੁੱਖ ਦੂਰ ਹੋਸਨ। ਹਰ ਪਰਕਾਰ ਦੇ ਕਲੇਸ਼, ਦੁੱਖ, ਸਰੀਰਕ ਦੁੱਖ ਅਵੱਸ਼ ਦੂਰ ਹੋ ਜਾਦੇ ਹਨ। ਸਦਾ ਨਾਮ ਬਾਣੀ ਦੀ ਓਟ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬਨਾਰਸ : 26.10.76

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥** *(ਪੰਨਾ ੪੯੬)*

ਇਹ ਉਤਲੀ ਸੱਚਾਈ ਸੋਲਾਂ ਆਨੇ ਸੱਚ ਹੈ। ਹਾਲਾਂ ਤੁਹਾਡਾ ਅੰਨਜਲ-ਜਿੱਥੇ ਲੱਗੇ ਹੋਏ ਹੋ-ਇੱਥੇ ਹੀ ਹੈ। ਤੁਸੀਂ ਆਪਣੇ ਵੱਲੋਂ, ਇਸ ਥਾਂ ਨੂੰ ਨਾ ਛੱਡੋ। ਜਦ ਤੁਹਾਡੇ ਸਾਥੀ ਤੁਹਾਨੂੰ, ਆਪ ਜਵਾਬ ਦੇਣ ਤਾਂ, ਇਹ ਕੰਮ ਛੱਡਣਾ ਏ। ਇਹ ਹੀ ਸੈਨਤ ਹਾਲਾਂ ਹੈ। ਜਦ ਕੋਈ ਹੋਰ ਸੈਨਤ ਹੋਈ ਤਾਂ ਖਬਰ ਦਿੱਤੀ ਜਾਊ। ਜੇ ਬੰਦਾ ਆਪੂ ਕੁਝ ਕਰ ਸਕਦਾ ਹੋਵੇ ਤਾਂ ਉਸ ਦੇ ਸਾਰੇ ਕੰਮ ਰਾਸ ਉਸ ਦੀ ਇੱਛਾ ਅਨੁਸਾਰ ਹੋ ਜਾਣੇ ਚਾਹੀਦੇ ਹਨ ਪਰ ਇੰਜ ਨਹੀਂ ਹੁੰਦਾ। ਇਸ ਦਾ ਕਾਰਨ ਕੀ ਹੈ ? ਇਸ ਦੀ ਵਜਾ ਪ੍ਰਭੂ ਦੀ ਇੱਛਾ ਹੈ। ਤਾਂ ਤੇ ਉਸ ਦੇ ਹੁਕਮ ਅੰਦਰ ਹੀ ਰਹਿਣਾ ਚਾਹੀਦਾ ਹੈ :-

**ਜਿਉ ਰਾਮੁ ਰਾਖੈ ਤਿਉ ਰਹੀਐ ਰੇ ਭਾਈ ॥** *(ਪੰਨਾ ੧੧੯੪)*

ਹਾਲਾਂ ਰਾਮ ਦੀ ਮਰਜ਼ੀ ਨਹੀਂ ਹੈ ਤੇ ਤੁਸੀਂ ਆਪ ਜਵਾਬ ਨਹੀਂ ਦੇਣਾ ਜਦ ਤਾਈ ਕਿ ਤੁਹਾਡੇ ਸਾਥੀ ਖੁਦ ਜਵਾਬ ਨਾ ਦੇਣ। ਨਾਮ ਬਾਣੀ ਦਾ ਆਸਰਾ ਹੈ ਹੀ, ਸੋ ਉਸ ਦੇ ਲੜ ਲੱਗੇ ਰਹਿਣਾ ਏ। ਮਹਾਰਾਜ ਜੀ ਹੋਰ ਬਖਸ਼ਿਸ਼ ਕਰਨਗੇ।

**ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ ॥**

*(ਪੰਨਾ ੪੦੩)*

**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ॥**

*(ਪੰਨਾ ੪੦੩)*

ਪੂਰਨ ਭਰੋਸੇ ਵਿਚ ਰਹੋ। ਡੋਰੀ ਉਸ ਪ੍ਰਭੂ ਦੇ ਹੱਥ ਛੱਡੋ। ਕਦੇ ਤੌਖਲਾ ਨਾ ਕਰੋ। ਉਸ ਦੇ ਭਾਣੇ ਵਿਚ ਸਦਾ ਰਹੋ। ਇੰਜ ਕਰਨ ਨਾਲ ਕਦੇ ਕੋਈ ਤੋਟ, ਕਿਸੇ ਵੀ ਕੰਮ ਵਿਚ, ਨਹੀਂ ਪਊ। ਨਹੀਂ ਪਊ।

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥**

*(ਪੰਨਾ ੬੩੮)*

ਸਦਾ ਖੇੜੇ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : 14.12.76

**ਨਾਨਕ ਵਾਹੁ ਵਾਹੁ ਜੋ ਕਰਹਿ**
**ਹਉ ਤਨੁ ਮਨੁ ਤਿਨ੍ ਕਉ ਦੇਉ ॥** *(ਪੰਨਾ ੫੧੫)*

ਸੋ ਰਾਤ ਦਿਨ ਵਾਹੁ ਵਾਹੁ ਕਰਿਆ ਕਰੋ।

ਕਿਉਂ ? ਇਸ ਲਈ ਕਿ :-

**ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥**
**ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ ਸੋ ਮਨ ਚਿੰਦਿਆ ਫਲੁ ਪਾਇ ॥**

*(ਪੰਨਾ ੫੧੫)*

ਹੋਰ ਦੂਜਾ ਕੋਈ ਰਾਹ ਨਹੀਂ ਹੈ। ਸਰੀਰ ਦੇ ਦਰਸ਼ਨ ਦਾ ਲਾਭ ਤਦ ਹੀ ਹੁੰਦਾ ਹੈ ਕਿ ਉਸ ਦੇ ਨਾਲ ਬੈਠ ਕਰ ਵਾਹੁ ਵਾਹੁ ਕਰੀਏ। ਨਹੀਂ ਤਾਂ ਕੀ ਲਾਭ ? ਸਰੀਰਕ ਦਰਸ਼ਨ ਦਾ ਲਾਭ ਵਾਹੁ ਵਾਹੁ ਕਰਨ ਵਿਚ ਹੀ ਹੁੰਦਾ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 16.5.77

ਪਟਿਆਲਾ, ਫਰੀਦਕੋਟ ................. ਡੇਰ੍ਹਾਦੂਨ ਦੀ ਪੋਣੇ ਅੱਠ ਮਹੀਨੇ ਦੀ ਸੇਵਾ ਕਰ ਕੇ ਅਸੀਂ ਇਥੇ ਮੁੜ ਆਏ ਹਾਂ। ਐਤਕੀ ਨਾਮ ਅਭਿਆਸ ਕਮਾਈ ਏਥੇ 25 ਸਤੰਬਰ ਤੋਂ 9 ਅਕਤੂਬਰ ਤਾਈ ਰੱਖਿਆ ਹੈ। ਸੋ ਸਾਰੇ ਦਰਸ਼ਨ ਦੇਵੋ ਤੇ ਆਤਮਕ ਆਨੰਦ ਮਾਣੋ।

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੫੧੫)*

ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥

*(ਪੰਨਾ ੭੯੬)*

ਜਲਿ ਜਾਉ ਜੀਵਨੁ ਨਾਮ ਬਿਨਾ ॥

*(ਪੰਨਾ ੧੩੩੨)*

ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥
ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥ *(ਪੰਨਾ ੩੨੨)*

ਜਿਸ ਨੋ ਬਖਸੇ ਸਿਫਤਿ ਸਾਲਾਹ ॥
ਨਾਨਕ ਪਾਤਿਸਾਹੀ ਪਾਤਿਸਾਹੁ ॥ *(ਪੰਨਾ ੫)*

ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥
ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥

*(ਪੰਨਾ ੭੫੦)*

ਸਾਧਸੰਗਿ ਹਰਿ ਕੀਰਤਨੁ ਗਾਈਐ ॥
ਕਹੁ ਨਾਨਕ ਵਡਭਾਗੀ ਪਾਈਐ ॥

*(ਪੰਨਾ ੧੭੯)*

ਏਥੇ ਹਰ ਤਰ੍ਹਾਂ ਕੁਸ਼ਲਤਾ ਹੈ। ਆਸ ਹੈ ਸਾਰਾ ਪਰਵਾਰ ਆਨੰਦ ਪੂਰਬਕ ਹੋਸੀ। ਸਦਾ ਸਾਰਾ ਪਰਵਾਰ ਚੜ੍ਹਦੀਆਂ ਕਲਾਂ ਵਿਚ ਰਹੋ।

\+ + +

ੴ ਸਤਿਗੁਰ ਪ੍ਰਸਾਦਿ।। ਵੈਨਕੋਵਰ–ਕੈਨੇਡਾ : **16.7.77**

............ਤੁਹਾਡੇ ਪਾਸ ਗੁਰਬਾਣੀ ਹੈ। ਇਸ ਦਾ ਅਭਿਆਸ ਨਹੀਂ ਛੱਡਣਾ। ਰੋਜ਼ ਅਰਥਾਂ ਵਿਚ ਟਿਕ ਕੇ ਵਿਚਾਰ ਕਰਨੀ ਏ, ਤੇ ਅਮਲ ਕਰਨਾ ਏ। ਕਦੇ ਵੀ ਆਪਣੀ ਸੁਰਤਿ ਕਿਸੇ ਦੇ ਹੇਠਾਂ ਦਬੇਲ ਨਹੀਂ ਕਰਨੀ (Including myself)। ਕੇਵਲ ਆਪਣੀ ਸੁਰਤਿ ਗੁਰਬਾਣੀ ਦੇ ਹੇਠਾਂ ਰੱਖਣੀ ਏ। ਸੁੱਖ ਮਿਲਸੀ। ਇਸ ਗੱਲ ਨੂੰ ਠਠਾ ਸਮਝ ਕੇ ਸੁੱਟ ਨਹੀਂ ਦੇਣਾ ਜੀ। ਅਮਲ ਕਰਨਾ ਹੈ ਜੀ। ਫਲ ਬਹੁਤ ਮਿਲਸੀ। ਕਿਸੇ ਪਾਖੰਡੀ ਦੇ ਅੱਡੇ ਨਹੀਂ ਚੜ੍ਹੋਗੇ। ਗੁਰਬਾਣੀ ਦੇ ਹੁਕਮਾਂ ਤੇ ਟੁਰਨਾ ਹੀ ਨਾਮ ਦੀ ਕਮਾਈ ਹੈ। ਐਵੇਂ

ਪਾਠ ਕਰੀ ਜਾਣਾ, ਮਾਲਾ ਫੇਰੀ ਜਾਣਾ, ਵਿਚਾਰ ਕਰੀ ਜਾਣਾ ਤੇ ਉਸ ਤੇ ਅਮਲ ਨ ਕਰਨਾ, ਕੀ ਲਾਭ ਦੇ ਸਕਦਾ ਏ ? ਇਹ ਸਭ ਭਰਮ ਤੇ ਮਨਮੱਤਿ ਏ। ਗੁਰਬਾਣੀ ਜੀਵਨ ਵਿਚ ਘਟਾਉਣ ਲਈ ਧੁਰੋਂ ਆਈ ਹੈ, ਕੇਵਲ ਪਾਠ, ਵੀਚਾਰ ਤੇ ਬਹਿਸਾਂ ਖਾਤਰ ਨਹੀਂ।

**ਸੁਨਿ ਉਪਦੇਸ਼ ਹਿਰਦੈ ਵਸਾਵਹੁ ॥**

**ਮਨ ਇਛੈ ਨਾਨਕ ਫਲ ਪਾਵਹੁ ॥** *(ਪੰਨਾ ੨੯੩)*

**ਗੁਰਬਾਣੀ ਕਹੈ ਸੇਵਕ ਜਨ ਮਾਨੈ**
**ਪਰਤਖਿ ਗੁਰੂ ਨਿਸਤਾਰੇ ॥** *(ਪੰਨਾ ੯੮੨)*

**ਜਿਨਿ ਪੀਤੀ ਤਿਸੁ ਮੋਖ ਦੁਆਰ ॥** *(ਪੰਨਾ ੧੨੭੫)*

ਸਦਾ ਨਾਮ ਜਪਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 6.12.77

ਅਸੀਂ ਸਮਾਗਮ ਕਰਕੇ ਪ੍ਰਚਾਰ ਸੇਵਾ ਲਈ-ਬਨਾਰਸ, ਪਟਿਆਲਾ, ਫਿਰੋਜਪੁਰ, ਬਠਿੰਡਾ ਚਲੇ ਗਏ ਸੀ। ਪਰਸੋਂ ਰਾਤੀ ਪੁੱਜੇ ਹਾਂ, ਆਣ ਕੇ ਆਪ ਜੀ ਦੀ ਪ੍ਰੇਮ ਪਾਤੀ ਪੜ੍ਹੀ। ਬੜੀ ਖੁਸ਼ੀ ਹੋਈ।

ਸਾਡਾ ਪ੍ਰੋਗਰਾਮ ਜਨਵਰੀ ਦੀ ਪਹਿਲੀ ਤਾਰੀਖ ਤੋਂ ਲੈ ਕਰ ਜੂਨ ਅਖੀਰ ਤਾਈ ਪੱਕਾ ਹੋਇਆ ਹੈ। ਛੇ ਲੈਕਚਰ ਬਨਾਰਸ ਹਿੰਦੂ ਯੂਨੀਵਰਸਿਟੀ ਵਿਚ ਗੁਰੂ ਨਾਨਕ ਫਲਾਸਫੀ ਤੇ ਦੇਣੇ ਹਨ। ਫਿਰ ਡੇਹਰਾਦੂਨ ...................... ਬਾਰਾਮੂਲਾ (ਕਸ਼ਮੀਰ) ਸੇਵਾ ਨਿਭਾਉਣੀ ਹੈ। ਆਪ ਪਾਸ ਦਸੰਬਰ ਵਿਚ ਜਾਣ ਦਾ ਪ੍ਰੋਗਰਾਮ ਸੀ, ਪਰ ਅਚਨਚੇਤ ਬਠਿੰਡੇ ਮੇਰੀ ਤੇ ਮੇਰੀ ਪਤਨੀ ਜੀ ਦੀ ਸਿਹਤ ਢਿੱਲੀ ਹੋ ਗਈ ਤੇ ਅਸੀਂ ਮੁੜ ਸਪਰੂਨ ਆ ਗਏ ਹਾਂ। ਆਪ ਪਾਸ ਆਣ ਦਾ ਪ੍ਰੋਗਰਾਮ ਪੂਰਾ ਨਹੀਂ ਹੋ ਸਕੇਗਾ। ਜਦ ਤਾਈਂ ਪੂਰੀ-ਪੂਰੀ ਸਿਹਤ ਨ ਹੋਸੀ, ਏਥੇ ਹੀ ਠਹਿਰਾਗੇ ਤੇ ਫਿਰ ਪੰਜਾਬ ਆਦਿਕ ਦਾ ਪ੍ਰੋਗਰਾਮ ਗੁਰੂ ਹੁਕਮ ਅਨੁਸਾਰ ਨਿਭਾਵਾਂਗੇ। ਇਹ ਸਭ ਹੁੰਦਾ ਹੈ ਉਸ ਪ੍ਰਭੂ ਦੇ ਹੁਕਮ ਅੰਦਰ। ਜ਼ੋਰ ਨਹੀਂ ਚੱਲਦਾ !! ਆਪ ਸਾਰੇ ਨਾਮ ਬਾਣੀ ਨਾਲ ਜੁੜੇ ਰਹੋ। ਇਹ ਰਾਹ ਕਦੇ ਨਹੀਂ

ਛੱਡਣਾ। **ਆਪਣੀ ਸੁਰਤਿ ਕੇਵਲ ਗੁਰਬਾਣੀ ਦੇ ਅਧੀਨ ਰੱਖਣੀ ਏ**। ਹੋਰ ਕੋਈ ਵੱਡੇ ਤੋਂ ਵੱਡਾ ਵਿਅਕਤੀ ਕਿਉਂ ਨਾ ਹੋਵੇ, Including myself, ਆਪਣੀ ਸੁਰਤਿ ਉਸ ਦੇ ਹੇਠ ਦਬੇਲ ਨਹੀਂ ਕਰਨੀ। ਇੰਜ ਕਰਨ ਨਾਲ ਸਦਾ ਦਾ ਸੁਖ, ਸਦਾ ਦਾ ਖੇੜਾ, ਸਦਾ ਦਾ ਰਹਸ, ਸਦਾ ਦੀਆਂ ਚੜ੍ਹਦੀਆਂ ਕਲਾਂ, ਸਦਾ ਦਾ ਆਨੰਦ ਮਿਲਦਾ ਏ। ਇਹ ਸਹੀ ਗੱਲ ਮੰਨ ਕੇ ਦ੍ਰਿੜ ਕਰਨੀ ਏ। ਸੰਤ ਬਾਣਿਆਂ ਵਿਚ ਦੰਭ ਚਲ ਰਿਹਾ ਹੈ। ਦੁਕਾਨਦਾਰੀਆਂ ਟੁਰ ਰਹੀਆਂ ਹਨ। ਨਿੱਜੀ ਮੱਤ ਦਾ ਪ੍ਰਚਾਰ ਹੋ ਰਿਹਾ ਹੈ। ਤਾਂ ਤੇ ਸਦਾ ਗੁਰਬਾਣੀ ਦੇ ਅਧੀਨ ਸੁਰਤਿ ਰੱਖਣੀ ਏ। ਜੋ ਗੁਰਬਾਣੀ ਆਖਦੀ ਏ ਉਸ ਤੇ ਅਮਲ ਕਰਨ ਲਈ ਤਰਲੇ ਲੈਣੇ ਹਨ। ਗੁਰਬਾਣੀ ਤੇ ਆਪਹੁੰ ਨਹੀਂ ਟੁਰਿਆ ਜਾਂਦਾ। ਤਾਂ ਤੇ ਬਖਸ਼ਿਸ਼ ਲਈ ਹਾੜੇ ਕੱਢਣੇ ਚਾਹੀਦੇ ਹਨ। ਮੇਹਰਾਂ ਹੋਸਨ।

ਸਦਾ ਖੇੜੇ ਵਿਚ ਰਸੋ ਤੇ ਹਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 20.12.77

ਆਪ ਜੀ ਦੀ ਪਾਤੀ ਮਿਲੀ। ਬੜੀ ਪ੍ਰਸੰਨਤਾ ਹੋਈ।

ਹੁਣ ਜਨਵਰੀ ਵਿਚ ਸਿਹਤ ਠੀਕ ਕਰਨ ਦੇ ਕਾਰਨ ਨਹੀਂ ਆ ਸਕਾਂਗੇ। ਆਪ ਜੀ ਮਏ ਬੀਬਾ ਤੇ ਦੋਵੇਂ ਬੱਚੀਆਂ ਨਾਲ ਰੋਜ਼ ਕੀਰਤਨ ਕਰਿਆ ਕਰੋ। ਮਨ ਦੀ ਸ਼ਾਂਤੀ ਮਿਲਸੀ ਤੇ ਮਨ ਕਦੇ ਵੀ ਢਹਿੰਦੀਆਂ ਕਲਾਂ ਵਿਚ ਨਹੀਂ ਜਾਊ। ਹੋਰ ਸਾਰੇ ਦੁਨਿਆਵੀ ਕਾਰਜ ਵੀ ਸੁਤੇ ਸਿਧ ਨਿਰਵਿਘਨਤਾ ਸਹਿਤ ਹੁੰਦੇ ਰਹਿਣਗੇ। ਮਨ ਨੂੰ ਸਦਾ ਹੀ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ, ਸਰਬ ਸਮਰਥ, ਸਰਬ ਵਿਆਪਕ, ਦੁੱਖ ਭੰਜਨ, ਦਿਆਲੂ, ਕ੍ਰਿਪਾਲੂ ਤੇ ਪਤਿਤ ਪਾਵਨ ਦੀ ਸ਼ਰਨ ਵਿਚ ਰਖਿਆਂ, ਕਦੇ ਕੋਈ ਦੁੱਖ ਕਲੇਸ਼ ਨਹੀਂ ਹੁੰਦੇ। ਤਾਂ ਤੇ ਉਸ ਪ੍ਰਭੂ ਦੀ ਹੀ ਟੇਕ ਰੱਖਣੀ। ਸਭ ਕਾਰਜ ਰਾਸ ਹੋਣਗੇ। ਆਪਣੀ ਸੁਰਤਿ ਕੇਵਲ ਗੁਰਬਾਣੀ ਦੇ ਅਧੀਨ ਰੱਖਣੀ ਏ, ਹੋਰ ਕਿਸੇ ਦੇ ਹੇਠਾਂ ਦਬੇਲ ਨਹੀਂ ਕਰਨੀ। ਭਾਵੇਂ ਉਹ ਕਿੱਡਾ ਵੱਡਾ ਰਿੱਧੀਆਂ ਸਿੱਧੀਆਂ ਵਾਲਾ ਕਿਉਂ ਨਾ ਹੋਵੇ। ਇਸ ਵਿਚ ਮੈਂ ਵੀ ਸ਼ਾਮਲ ਹਾਂ। ਮੇਰੇ ਹੇਠ ਵੀ ਸੁਰਤਿ ਦਬੇਲ ਨਹੀਂ ਕਰਨੀ।

**ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥** *(ਪੰਨਾ ੬੭੮)*

**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**

**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

ਸਾਡੀ ਅਰਦਾਸਿ ਏ ਕਿ ਤੁਸੀਂ ਸਾਰੇ ਨਾਮ ਬਾਣੀ ਨਾਲ ਜੁੜੋ ਤੇ ਸਦਾ ਹੀ ਆਨੰਦ ਮਾਣਦੇ ਰਹੋ। ਸਾਡੇ ਦੋਹਾਂ ਵਲੋਂ, ਆਪ ਦੋਹਾਂ ਤੇ ਬੱਚੀਆਂ ਨੂੰ ਸ਼ੁਭ ਅਸੀਸਾਂ ਤੇ ਪਿਆਰ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 22.12.77

................ਵਹਿੰਦੀਆਂ ਕਲਾਂ ਵਿਚ ਵਿਚਰਦੇ ਭਾਸੇ ਹਨ।

ਮਾਇਆ ਬੜੇ ਫਰਾਟੇ ਮਾਰਦੀ ਏ। ਸਤਿਸੰਗ ਹੀ ਇਕ ਰਾਹ ਹੈ ਜਿਥੇ ਬਚਾਅ ਹੁੰਦਾ ਹੈ। ਪਰ **ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥** *(ਪੰਨਾ ੭੨)* ਗੁਰਦਵਾਰਿਆਂ ਵਿਚ ਬਹੁਤ ਥਾਂ, ਕੇਵਲ ਰਸਮ ਰਵਾਜ ਹੀ ਰਹਿ ਗਏ ਹਨ। ਸੁਖਮਨੀ ਸਾਹਿਬ, ਆਸਾ ਦੀ ਵਾਰ ਤੇ ਹੋਰ ਕੀਰਤਨ, ਗੈਰ ਹਜੂਰੀ ਦੀ ਨਿਮਾਜ਼ ਵਾਂਗੂ ਹੋ ਰਹੇ ਹਨ। ਫਲ ਇਨ੍ਹਾਂ ਦਾ Negative ਹੈ। ਆਪ ਜੀ ਨੂੰ ਪ੍ਰੇਮ ਭਰਿਆ ਸੁਝਾਵ ਹੈ, ਅੱਗੇ ਵੀ ਦਿੱਤਾ ਸੀ ਕਿ ਆਪ ਸਵੇਰੇ ਦਾ ਕੀਰਤਨ-ਸਿਫਤਿ ਸਲਾਹ ਤੇ ਅਰਦਾਸਿ-ਆਪਣੇ ਘਰ ਹੀ ਕਰਿਆ ਕਰੋ। ਫਿਰ ਪਰਖੋ ਕਿ ਕਿੰਨਾ ਲਾਹਾ ਖੱਟਦੇ ਹੋ। ਅੱਜ ਸਵੇਰੇ ਆਪ ਬਾਰੇ ਵਾਕ ਲਿਆ ਸੀ। ਇਸੀ ਆਸ਼ੇ ਦਾ ਫੁਰਮਾਣ ਹੋਇਆ ਹੈ। ਸ੍ਰੀ ਨਿਰੰਕਾਰ, ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਕਿਰਪਾ ਸਾਗਰ, ਸਰਬ ਵਿਆਪਕ, ਸਰਬ ਸਮਰਥ, ਦੁੱਖ ਭੰਜਨਹਾਰ, ਸਦਾ ਸਥਿਰ, ਨਿਰਭਉ, ਨਿਰਵੈਰ, ਅਜੂਨੀ, ਸੁਤੇ ਪ੍ਰਕਾਸ਼, ਗਹਿਰ ਗੰਭੀਰ, ਬੇਅੰਤ ਸੁਆਮੀ, ਦਿਆਲੂ, ਕਿਰਪਾਲੂ, ਅਕਾਲ ਮੂਰਤਿ, ਗੁਣਤਾਸ ਤੇ ਸਦਾ ਅੰਗ ਸੰਗ, ਮਿਹਰ ਕਰਸਨ। ਮੇਹਰ ਸ਼ੁਰੂ ਹੋ ਗਈ ਏ। ਜਿਵੇਂ ਜਿਵੇਂ ਹੁਣ ਹੁਕਮ ਅਨੁਸਾਰ ਘਰ ਵਿਚ ਰਹਿ ਕਰ-ਜੇ ਅਭਿਆਸ ਕਰੋਗੇ, ਹੋਰ ਵਧੇਰੇ ਬਖਸ਼ਿਸ਼ਾਂ ਹੋਸਨ। ਇਹ ਸੰਕੇਤ, ਆਪ ਜੀ ਨੂੰ ਲਿਖ ਰਿਹਾ ਹਾਂ। ਦਾਸ ਦੀ ਅਰਦਾਸਿ ਆਪ ਜੀ ਦੇ ਨਾਲ ਹੈ। ਗੁਰਦਵਾਰੇ ਦੇ ਪ੍ਰਬੰਧਕਾਂ ਵਲੋਂ ਗੁਰਦਵਾਰੇ ਦੀ ਰੌਣਕ ਵਧਾਉਣ ਲਈ, ਆਪ ਤੇ ਜ਼ੋਰ ਦਿੱਤਾ ਜਾਸੀ, ਜੋ ਆਪ ਜੀ ਨੇ, ਗੁਰੂ ਹੁਕਮ ਦੀ ਹੀ ਪਾਲਨਾ ਕਰਨੀ।

ਮਹਾਰਾਜ ਮੁੜ ਬਖਸ਼ਿਸ਼ ਕਰਨ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 5.1.78

ਨਵੇਂ ਸਾਲ ਲਈ ਜੋ ਰੀਝ ਸ਼ਬਦ ਦਵਾਰਾ ਲਿਖੀ, ਉਹ ਸ਼ਲਾਘਾ ਯੋਗ ਹੈ। ਮਹਾਰਾਜ ਜੀ ਕ੍ਰਿਪਾ ਕਰਨਗੇ। ਪਰ ਇਕ ਸ਼ਰਤ ਤੁਹਾਨੂੰ ਵੀ ਪੂਰੀ ਕਰਨੀ ਪਵੇਗੀ ਕਿ ਸਾਧ ਸੰਗਤਿ ਵਿਚ, ਸਦਾ ਹੀ ਆਪਣੇ ਆਪ ਨੂੰ ਰੱਖਣਾ ਹੈ। ਇਹ ਵਾੜ ਹੈ। ਖੇਤੀ ਨੂੰ ਉਜੜਨ ਨਹੀਂ ਦਿੰਦੀ ਤੇ ਨਾਲ ਹੀ ਵਾਹਿਗੁਰੂ ਜੀ ਨਾਲ ਪਿਆਰ ਵੀ ਬਣਿਆ ਰਹਿੰਦਾ ਹੈ। ਤੁਸੀਂ ਜਰੂਰ ਮਏ ਬੀਬਾ ਦੇ ਇੱਥੇ ਆਉ। ਸਾਨੂੰ ਖੁਸ਼ੀ ਹੋਸੀ। ਕੋਈ ਰੁਕਾਵਟ ਨਹੀਂ ਹੋਸੀ।

ਸਦਾ ਦੋਵੇਂ ਖੁਸ਼ ਰਹੋ। ਸ਼ੁੱਭ ਇੱਛਾ ਸਹਿਤ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 5.1.78

ਪਾਤੀ ਮਿਲੀ ਤੇ ਨਵੇਂ ਸਾਲ ਦੀ Greeting ਵੀ ਮਿਲੀ। ਮਹਾਰਾਜ ਜੀ ਤੁਹਾਨੂੰ ਦੋਹਾਂ ਨੂੰ ਤੇ ਬੱਚੀਆਂ ਨੂੰ ਨਵੇਂ ਸਾਲ ਵਿਚ ਚੜ੍ਹਦੀਆਂ ਕਲਾਂ ਵਿਚ ਰੱਖਣ ਤੇ ਨਾਮ ਬਾਣੀ ਨਾਲ ਹੋਰ ਵਧੇਰੇ ਪਿਆਰ ਬਖਸ਼ਣ। ਜੀਵਨ ਵਿਛੜੀ ਆਤਮਾ ਨੂੰ ਮੁੜ ਪਰਮਾਤਮਾ ਵਿਚ ਲੀਨ ਕਰਨ ਲਈ ਮਿਲਿਆ ਏ ਤਾਂ ਤੇ ਇਸ ਜਨਮ ਵਿਚ ਨਾਮ ਜਪ ਕਰ, ਸਤ ਚਿਤ ਆਨੰਦ ਪਰਮਾਤਮਾ ਵਿਚ ਲੀਨ ਹੋ ਜਾਈਏ। ਇਹ ਹੀ ਜੀਵਨ ਆਦਰਸ਼ ਹੈ।

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

ਪਰ ਨਾਮ ਜਪਿਆ ਨਹੀਂ ਜਾਂਦਾ ਜਦ ਤਾਈਂ ਸਾਧਸੰਗ ਪ੍ਰਾਪਤ ਨ ਹੋਏ। ਅਸੀਂ ਭਾਗਾਂ ਵਾਲੇ ਹਾਂ ਕਿ ਸਾਨੂੰ ਗੁਰੂ ਨਾਨਕ ਦੇਵ 'ਵੱਡੇ ਸਾਧ' ਦੀ ਸੰਗਤਿ ਮਿਲ ਗਈ ਏ। ਉਸ ਦੇ ਬਖਸ਼ੇ ਹੋਇਆਂ ਦੀ ਸੰਗਤਿ ਮਿਲ ਗਈ ਏ। ਅਸੀਂ ਮਈ ਦੇ ਅਖੀਰ ਜਾਂ ਜੂਨ ਸ਼ੁਰੂ ਵਿਚ ਆਪ ਜੀ ਪਾਸ ਆਨ ਦੀ ਵੀਚਾਰ ਰੱਖਦੇ ਹਾਂ। ਅੱਗੇ **ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)।*

**ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥** *(ਪੰਨਾ ੨੯੬)*

ਕਿੰਨੀ ਵੱਡੀ ਗਾਰੰਟੀ ਏ। ਤਾਂ ਤੇ ਇਸ ਗਾਰੰਟੀ ਤੋਂ ਲਾਭ ਉਠਾਈਏ। ਰੋਜ਼ਾਨਾ ਜ਼ਿੰਦਗੀ ਵਿਚ ਕਦੇ ਕੋਈ ਔੜ ਨਹੀਂ ਆਊ। ਸਾਡੇ ਦੋਹਾਂ ਵਲੋਂ ਆਪ ਦੋਹਾਂ ਨੂੰ ਤੇ ਬੱਚੀਆਂ ਨੂੰ ਪਿਆਰ ਤੇ ਸ਼ੁਭ ਅਸੀਸਾਂ। ਸਦਾ ਖੇੜੇ ਵਿਚ ਵਸੋ।

\+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 19.6.78

ਟ੍ਰੈਕਟ ਦੀ ਲਿਖਾਈ ਨੇ ਦਿਮਾਗ ਤੇ ਬਹੁਤ strain ਪਾ ਦਿੱਤਾ ਏ। ਜੇ ਦਿਮਾਗ ਨੂੰ complete rest ਨਾ ਦਿੱਤਾ ਗਿਆ ਤੇ ਹੁਣ ਬਾਰਾਮੂਲਾ ਤੇ ਜੰਮੂ ਦੇ ਪ੍ਰੋਗਰਾਮ ਕੀਤੇ ਤਾਂ ਫਿਰ ਸਮਾਗਮ ਵਿਚ ਉੱਕਾ ਹੀ ਕੋਈ ਨਾਮ ਜਪਣ ਤੇ ਜਪਾਣ ਦੀ ਸੇਵਾ ਨਹੀਂ ਹੋ ਸਕੇਗੀ। ਤਾਂ ਤੇ ਆਪ ਜੀ ਵੱਲ ਆਉਣ ਦਾ ਪ੍ਰੋਗਰਾਮ ਤੇ ਜੰਮੂ ਜਾਣ ਦਾ ਪ੍ਰੋਗਰਾਮ postpone ਕਰਦੇ ਹਾਂ। ਸਮਾਗਮ ਦੇ ਮਗਰੋਂ ਜੇ ਵਾਹਿਗੁਰੂ ਜੀ ਨੂੰ ਮਨਜ਼ੂਰ ਹੋਇਆ, ਕਰਾਂਗੇ। ਆਪ ਦੇ ਪਾਸ ਆਉਣਾ ਜ਼ਰੂਰ ਹੈ। ਪ੍ਰੋਗਰਾਮ ਜ਼ਰੂਰ ਬਾਰਾਮੂਲਾ ਦਾ ਕਰਾਂਗੇ, ਪਰ ਹੁਣ ਮਜਬੂਰੀ ਦੇ ਕਾਰਣ ਨਹੀਂ ਕਰ ਸਕਦੇ। ਆਪ ਜੀ ਮਏ ਪਰਵਾਰ-ਪੰਦਰਾਂ ਦਿਨ ਲਈ- ਇੱਥੇ ਸਮਗਾਮ ਤੇ ਆਓ। ਐਤਕੀ ਸਮਗਾਮ 24 ਸਤੰਬਰ ਤੋਂ ਲੈਕਰ 8 ਅਕਤੂਬਰ ਤਾਈ ਰੱਖਿਆ ਏ। ਸੋ ਤੁਸੀਂ ਸਾਰੇ ਇਕ ਦੋ ਦਿਨ ਪਹਿਲਾਂ ਜ਼ਰੂਰ ਦਰਸ਼ਨ ਦੇਣੇ। ਤਾਕੀਦ ਹੈ। ਸਾਡੇ ਦੋਹਾਂ ਵਲੋਂ ਆਪ ਦੋਹਾਂ ਨੂੰ, ਕਾਕੀਆਂ ਨੂੰ ਪਿਆਰ। ਨਾਮ ਨਾਲ ਸਦਾ ਜੁੜੇ ਰਹੋ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

\+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ (ਸੋਲਨ) : 21.8.78

ਪ੍ਰੇਮ ਪਾਤੀ ਪੁੱਜੀ, ਇਹ ਜਾਣ ਕਰ ਬਹੁਤ ਖੁਸ਼ੀ ਹੋਈ ਕਿ ਆਪ ਜੀ ਸਮਾਗਮ ਵਿਚ ਦਰਸ਼ਨ ਦੇ ਰਹੇ ਹੋ। ਆਉ ਤੇ ਆਤਮਕ ਆਨੰਦ ਦੀਆਂ ਝੋਲੀਆਂ ਭਰ ਭਰ, ਖੀਵੇ ਹੋ ਕੇ ਜਾਉ। ਕਾਫੀ Gap ਪੈ ਗਿਆ ਹੈ ਜੋ ਸਤਿਸੰਗ-ਸਹੀ Type ਦੀ ਨਹੀਂ ਹੋ ਸਕੀ।

**ਸਤਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥** *(ਪੰਨਾ ੭੨)*

**ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥**
*(ਪੰਨਾ ੫੫੭)*

ਪ੍ਰੋਗਰਾਮ ਦਾ ਫੈਸਲਾ ਸਮਾਗਮ ਤੇ ਹੁੰਦਾ ਏ, ਸੋ ਆਪ ਜੀ ਏਥੇ ਹੀ ਹੋਵੋਗੇ। 25 ਅਕਤੂਬਰ ਨੂੰ ਮੁੱਖ ਰੱਖ ਕਰ, ਹੋਰ ਥਾਵਾਂ ਤੇ ਪ੍ਰੋਗਰਾਮ ਮੁੱਕਰਰ ਕੀਤੇ ਜਾਸਨ। ਆਪ ਜੀ ਤੇ ਹੋਰ ਪਰਵਾਰ ਤੇ ਸਤਿਗੁਰੂ ਪਾਤਸ਼ਾਹ ਦੀਆਂ ਮੇਹਰਾਂ ਹਨ। ਸਮਾਗਮ ਵਿਚ ਹੋਰ ਹੋਸਨ।

ਸਾਰੇ ਸਦਾ ਹੀ ਚੜ੍ਹਦੀਆਂ ਕਲਾਂ ਵਿਚ ਖੇਡੋ ਤੇ ਨਾਮ-ਬਾਣੀ ਦਾ ਪਿਆਰ ਬਨਿਆ ਰਹੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ (ਸੋਲਨ) : 19.9.78

ਆਪ ਜੀ ਦੀ ਪਾਤੀ ਲਿਖਤ 15/9 ਹੁਣ ਮਿਲੀ। ਆਪ ਜੀ ਤੇ ਬੜੀ ਅਪਾਰ ਮੇਹਰ ਹੋਈ ਏ। ਸੂਲੀ ਦਾ ਸੂਲ (ਕੰਡਾ) ਹੋ ਗਿਆ ਹੈ। ਵੱਡਾ ਭਾਰੀ ਗ੍ਰੈਹ ਟਲ ਗਿਆ ਹੈ। ਇਹ ਸਭ ਆਪ ਦੇ ਨਾਮ ਬਾਣੀ ਨਾਲ ਪਿਆਰ ਦਾ ਸਦਕਾ ਏ। ਸਮਾਗਮ ਵਿਚ ਨਾਮ ਜਪਣ ਦਾ ਫਲ ਏ। ਨਹੀਂ ਤਾਂ ਬੜਾ ਭਾਰੀ ਜਾਨੀ ਦੁੱਖ ਸੀ। ਤਾਂ ਤੇ ਆਓ ! ਸ਼ੁਕਰਾਨੇ ਵਿਚ ਆ ਕਰ, ਸ਼ੁਕਰ ! ਸ਼ੁਕਰ !! ਸ਼ੁਕਰ !!! ਕਰੀਏ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ, ਸਰਬ ਸਮਰਥ, ਘੱਟ ਘੱਟ ਵਾਸੀ, ਸਰਬ ਨਿਵਾਸੀ, ਨਿਰਭਉ, ਨਿਰਵੈਰ, ਅਮਰ ਹੋਂਦ, ਅਜੂਨੀ, ਸੁਤੇ ਪ੍ਰਕਾਸ਼ ਦਾ, ਜੋ ਮੌਤ ਦੇ ਮੂੰਹੋ ਬਚਾ

ਦੇਂਦਾ ਏ। ਤੁਹਾਡੇ ਤੇ ਸਦਾ ਹੀ ਸਦਾ ਹੀ ਕਿਰਪਾ ਬਣੀ ਰਹੇਗੀ। ਇਹ ਹੀ ਭਾਸਦਾ ਏ। ਪਰ ਸਾਡਾ ਫਰਜ਼ ਵੀ ਏ ਕਿ ਅਸੀਂ ਉਸ ਮਹਾਨ ਸ਼ਕਤੀ ਦਾ ਨਾਮ ਪ੍ਰੇਮ ਨਾਲ ਹਰਦਮ ਜਪਦੇ ਰਹੀਏ। ਮੇਰੀ ਅਰਦਾਸਿ ਹੈ ਕਿ ਤੁਸੀਂ ਸਦਾ ਹੀ ਉਸ ਪ੍ਰਭੂ ਪਾਲਨਹਾਰ ਦੀ ਯਾਦ ਵਿਚ ਵੱਸਦੇ ਰਹੋ। ਕਦੇ ਨਾ ਭੁੱਲੋ। ਜੇ ਡਾਕਟਰਾਂ ਨੇ ਇਜਾਜ਼ਤ ਦੇ ਦਿੱਤੀ ਤਾਂ ਜ਼ਰੂਰ ਸਮਾਗਮ ਤੇ ਪੁੱਜੋ। ਕੋਈ ਹਰਜ਼ ਨਹੀਂ ਜੇ ਲੇਟ ਵੀ ਆ ਸਕੋ। ਇਸ ਨਾਲ ਲਾਭ ਹੋਸੀ। ਹਰ ਬਲਾ ਟਲਸੀ। ਅਪਨੇ ਵਲੋਂ ਪੂਰੀ ਪੂਰੀ ਕੋਸ਼ਿਸ਼ ਕਰਨੀ, ਅੱਗੋ ਜੋ ਵਾਹਿਗੁਰੂ ਜੀ ਨੂੰ ਭਾਵੇ।

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥**
*(ਪੰਨਾ ੬੪੨)*

**ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥**
**ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥**
*(ਪੰਨਾ ੨੫੦)*

ਸਦਾ ਚੜ੍ਹਦੀਆਂ ਕਲਾਂ ਬਣੀਆਂ ਰਹਿਣ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : 3.11.78

ਆਪ ਤੇ ਬਹੁਤ ਬਖਸ਼ਿਸ਼ਾਂ ਹੋਈਆਂ ਹਨ। ਹੁਣ ਤੁਸੀਂ ਸਾਰੇ ਇਨ੍ਹਾਂ ਬਖਸ਼ਿਸ਼ਾਂ ਨੂੰ ਸਾਂਭ ਕਰ ਰੱਖਣਾ। ਮਨ ਰੂਪੀ ਝੋਲੀ ਵਿਚੋਂ ਡਿੱਗਣ ਨਾ ਦੇਣਾ। ਨਾ ਡਿੱਗਣ ਦਾ ਸਾਧਨ ਹੈ-ਸਦਾ ਉਸ ਪ੍ਰਭੂ ਦੀ ਯਾਦ, ਹਰਦਮ ਦੀ ਯਾਦ, ਸਿਫਤਿ ਸਲਾਹ ਤੇ ਅਰਦਾਸਿ। ਸਤਿਸੰਗ ਵਾੜ ਹੁੰਦੀ ਹੈ, ਜੋ ਇਸ ਵਾੜ ਵਿਚ ਸਦਾ ਆਪਣੇ ਆਪ ਨੂੰ ਰੱਖੀਏ ਤਾਂ ਬਾਹਰੋਂ ਕੋਈ ਹਮਲਾ ਕਾਟ ਨਹੀਂ ਕਰਦਾ। ਸਤਿਸੰਗ ਦੀ ਵਾੜ ਰੋਕਦੀ ਏ। ਤਾ ਹੀ ਗੁਰਮੱਤਿ ਫੁਰਮਾਉਂਦੀ ਏ ਕਿ **ਸੰਤਾਂ ਸੰਗਿ ਵਿਹਾਵੇ ॥** *(ਪੰਨਾ ੯੬੧)* ਸੋ ਸਤਿਸੰਗ ਕਦੇ ਨਾ

ਛੱਡਣਾ। ਇਸ ਲਈ ਹਰ ਵੇਲੇ ਅਰਦਾਸਿ ਕਰਦੇ ਰਹਿਣਾ। ਜਦ ਕਦੇ ਕੋਈ ਹਮਲਾ ਹੋ ਵੀ ਜਾਏ ਤਾਂ ਘਬਰਾਣਾ ਨਹੀਂ। ਮੁੜ ਕਪੜੇ ਝਾੜ ਕੇ ਭੁੱਲ ਬਖਸ਼ਾਉ। ਪ੍ਰਭੂ ਜੀ ਗਲੇ ਲਾ ਲੈਂਦੇ ਹਨ। ਇਹ ਇਨ੍ਹਾਂ ਦਾ ਬਿਰਦ ਹੈ। ਮਨ ਨੂੰ ਬਲਵਾਨ ਇਸੀ ਤਰ੍ਹਾਂ ਕਰੀਦਾ ਏ। ਮਾਇਆ ਨਾਲ ਸੰਘਰਸ਼ ਕਰਕੇ, ਕਦੇ ਮਾਇਆ ਤੋਂ ਢਹਿ ਕੇ ਤੇ ਕਦੀ ਮਾਇਆ ਨੂੰ ਢਾਹ ਕੇ ਮਨ ਬਲਵਾਨ ਹੁੰਦਾ ਏ। ਜਦ ਕਦੀ ਮਨ ਘੋਲ ਵਿਚ ਡਿੱਗ ਪਏ ਤਾਂ ਢਹਿੰਦੀਆਂ ਕਲਾਂ ਵਿਚ ਨਹੀਂ ਜਾਣਾ। ਤੁਰੰਤ ਉੱਠ ਕੇ ਅਰਦਾਸਿ ਵਿਚ ਜੁੜ ਜਾਣਾ ਏ। ਫਿਰ ਬਖਸ਼ਿਸ਼ ਮੁੜ ਹੋ ਜਾਂਦੀ ਏ।

ਸਦਾ ਨਾਮ ਜਪਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸੋਲਨ : 7.5.79

ਆਪ ਜੀ ਤੇ ਨਿਰੰਕਾਰ, ਸਿਰਜਨਹਾਰ, ਪਾਲਨਹਾਰ ਤੇ ਬਖਸ਼ਨਹਾਰ ਦੀ ਬੜੀ ਮਿਹਰ ਹੈ। ਨਾਮ ਬਾਣੀ ਦਾ ਅਭਿਆਸ-ਜਿਵੇਂ ਹੁਣ ਕਰ ਰਹੇ ਹੋ-ਕਰਦੇ ਰਹੋ। ਹੋਰ ਵਧੇਰੇ ਬਖਸ਼ਿਸ਼ਾਂ ਹੋਣਗੀਆਂ। ਇਹ ਐਵੇਂ ਗੱਲ ਨਹੀਂ ਲਿਖੀ ਹੈ। ਹੁਕਮ ਹੈ ਕਿ :-

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ**
**ਇਹੁ ਬਿਰਦੁ ਸੁਆਮੀ ਸੰਦਾ ॥** *(ਪੰਨਾ ੫੪੪)*

ਅਰਥ ਇਹ ਹੈ ਜੋ ਉਸ ਪ੍ਰਭੂ ਦੀ ਸਰਨ ਆਉਂਦਾ ਏ, ਪ੍ਰਭੂ ਉਸ ਨੂੰ ਗਲੇ ਲਾਉਂਦੇ ਹਨ। ਇਹ ਉਸ ਪ੍ਰਭੂ ਦਾ ਸੁਭਾਓ ਹੈ।

ਰਾਹ ਪ੍ਰਭੂ ਜੀ ਨੇ ਬਖਸ਼ ਦਿੱਤਾ ਏ। ਬੜੀ ਅਪਾਰ ਕਿਰਪਾ ਕੀਤੀ ਏ। ਹੁਣ ਰਾਹ ਤੇ ਟੁਰਨਾ ਸਾਡਾ ਫਰਜ਼ ਏ। ਤਾਂ ਤੇ ਟੁਰਦੇ ਚਲੀਏ, ਟੁਰਦੇ ਚਲੀਏ। ਹੋਰ ਵਧੇਰੇ ਬਖਸ਼ਿਸ਼ਾਂ ਹੋਸਨ। ਦਾਸ ਦੀ ਇਹ ਬਿਨੈ ਹੈ ਕਿ ਆਪਣੀ ਬ੍ਰਿਤੀ, ਕੇਵਲ ਇਕ ਨਿਰੰਕਾਰ ਜੀ ਦੇ ਹੇਠਾਂ ਹੀ ਰੱਖਣੀ ਏ। ਹੋਰ ਕਿਸੇ ਦੇ ਹੇਠਾਂ ਨਹੀਂ ਲਿਆਉਣੀ, ਬਮਏ ਮੇਰੇ। ਫਿਰ ਸੁੱਖ ਹੀ ਸੁੱਖ ਹੈ। ਗੁਰਬਾਣੀ ਦਾ ਪਾਠ ਵਿਚਾਰ ਸਹਿਤ ਕਰਕੇ, ਉਸ ਤੇ ਅਮਲ ਕਰਨਾ ਏ। ਉਸ ਅਨੁਸਾਰ ਜੀਵਨ ਢਾਲਨਾ ਏ। ਗੁਰ ਸ਼ਬਦ ਦੀ ਕਮਾਈ ਕਰਨੀ ਏ। ਸਾਸ ਸਾਸ ਉਸ ਦੀ ਯਾਦ ਵਿਚ ਤੇ ਹਜ਼ੂਰੀ ਵਿਚ ਰਹਿਣਾ ਏ।

ਨਾਮ ਬਾਣੀ ਨਾਲ ਜੁੜੇ ਰਹੋ।

✦ ✦ ✦

੧ੴ ਸਤਿਗੁਰ ਪ੍ਰਸਾਦਿ।। *ਵਾਸ਼ਿੰਗਟਨ : 17.8.79*

ਆਪ ਦੀਆਂ ਦੋ ਪ੍ਰੇਮ ਪੱਤ੍ਰਕਾਵਾਂ ਪੁੱਜੀਆਂ। ਅਸੀਂ Detroit ....... Los Angeles ਦੀ ਸੇਵਾ ਗੁਰ ਪ੍ਰਸਾਦਿ, ਸਫਲਤਾ ਸਹਿਤ ਨਿਭਾਈ। ਬੜੇ ਭੁਲੇਖੇ ਦੂਰ ਹੋਏ। ਨਾਮ ਬਾਣੀ ਨਾਲ ਬੜੇ ਲੱਗੇ। ਅਟਕਿਆਂ ਦੀਆਂ ਅਟਕਾਵਾਂ ਦੂਰ ਹੋਈਆਂ। ਨਾਮ ਬਾਣੀ ਦਾ ਅਭਿਆਸ ਦ੍ਰਿੜ ਕਰਾਇਆ। ਸ਼ੁਕਰ ਹੈ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ ਜੀ ਦਾ। ਅਪਾਰ ਸੇਵਾ ਲਈ।

ਸਮਾਗਮ 23 ਸਤੰਬਰ ਤੋਂ ਸ਼ੁਰੂ ਹੈ। ਸਾਰਿਆਂ ਨੂੰ ਦਾਸ ਵਲੋਂ ਬੇਨਤੀ ਕਰਨੀ ਕਿ ਸ਼ਾਮਲ ਹੋ ਕਰ ਲਾਭ ਉਠਾਨ।

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

ਆਓ ਤੇ ਆਤਮਕ ਲਾਭ ਉਠਾਓ।

✦ ✦ ✦

੧ੴ ਸਤਿਗੁਰ ਪ੍ਰਸਾਦਿ।। ਸਪਰੂਨ : 31.8.79

ਨਾਮ ਅਭਿਆਸ ਸਮਾਗਮ 23/9 ਤੋ 7/10 ਤਾਈਂ ਹੈ। ਮਏ ਪਰਵਾਰ ਸ਼ਾਮਲ ਹੋ ਕਰ ਆਤਮਕ ਲਾਭ ਉਠਾਓ ਜੀ। ਅਸੀਂ ਅਮਰੀਕਾ, ਕਨੇਡਾ, ਇੰਗਲੈਂਡ ਦੀ ਸੇਵਾ ਨਿਭਾ ਕੇ ਆ ਗਏ ਹਾਂ। ਸੇਵਾ ਬੜੀ ਸਫਲ ਰਹੀ। ਸੇਵਾ ਨਿਭਾਈ, ਲੱਖ ਲੱਖ ਸ਼ੁਕਰ ਹੈ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਦਾ ! ਅਸੀਂ ਕੌਣ ਸੇਵਾ ਕਰਨ ਵਾਲੇ ਹਾਂ !! ਉਸ ਦੀ ਮਿਹਰ ਹੈ !!!

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

**ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥**
**ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ ॥**
*(ਪੰਨਾ ੬੪੨)*

**ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥**
**ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥**

*(ਪੰਨਾ ੭੫੦)*

ਆਓ ਤੇ ਪ੍ਰਮਾਰਥ ਤੇ ਵਿਹਾਰਕ ਖੁਸ਼ੀਆਂ ਲਵੋ। ਸਾਡੇ ਦੋਹਾਂ ਵਲੋ ਆਪ ਦੋਹਾਂ ਤੇ ਬੱਚੀਆਂ ਨੂੰ ਪਿਆਰ।

ਸਦਾ ਨਾਮ ਰਸ ਭਰਪੂਰ ਰਹੋ।

✦ ✦ ✦

# (4)
# ਦੁਨਿਆਵੀ ਧੰਦੇ

ੴ ਸਤਿਗੁਰ ਪ੍ਰਸਾਦਿ।। *ਬਾੜੀ (ਧੌਲਪੁਰ) ਰਾਜਸਥਾਨ : 2.11.67*

ਪਾਤੀ ਪੁਜੀ ! ਤੁਹਾਡੇ ਅੰਦਰਲੇ ਵਲਵਲੇ ਤੇ ਛੁਪੀ ਹੋਈ ਨਾਮ ਪ੍ਰਾਪਤੀ ਦੀ ਤੀਬਰ ਰੀਝ, ਸਲਾਹਤਾ ਯੋਗ ਹਨ। ਸਾਧਸੰਗ ਨਾਲ ਹੀ ਮਨ ਤੇ ਸਵੈ ਵਸ਼ੀਕਰਣ ਹੁੰਦਾ ਹੈ। ਇਹ ਗੱਲ ਨਿਰਸੰਦੇਹ ਯਥਾਰਥ ਹੈ ਪਰ ਇਸ ਸਿਧਾਂਤ ਦੀ ਆੜ ਹੇਠਾਂ ਪਾਖੰਡ ਪਰਧਾਨ ਹੋ ਰਿਹਾ ਹੈ। ਫਲਸਰੂਪ, ਜਗਿਆਸੂ ਨੂੰ ਲੱਭਦਾ ਕੁਝ ਨਹੀਂ ਤੇ ਜਗਿਆਸੂ ਅਸ਼ੱਰਧਕ ਬਣ ਬਹਿੰਦਾ ਏ ਕਿ ਇਹ ਕੁਝ ਵੀ ਨਹੀਂ ਤੇ ਐਵੇਂ ਗੱਲਾਂ ਬਣੀਆਂ ਹੋਈਆਂ ਹਨ। ਵੇਖੋ, ਉਸ ਸਿਰਜਨਹਾਰ, ਨਿਰੰਕਾਰ, ਪਾਲਨਹਾਰ, ਬਖਸ਼ਨਹਾਰ ਦੀ ਕੀ ਮਰਜ਼ੀ ਏ। ਸਭ ਖੇਡ ਹੁਕਮ ਵਿਚ ਟੁਰ ਰਹੀ ਏ। ਜੇ ਹੁਕਮ ਹੋਇਆ ਤਾਂ ਤੁਹਾਡਾ ਰੋਜ਼ਗਾਰ ਵੀ ਜਿੱਥੇ ਨਾਮ ਅਭਿਆਸ ਕਮਾਈ ਆਸਨ ਬਣੇਗਾ, ਹੋ ਵੈਸੀ। ਤਦ ਤਾਈ, ਤੁਸੀ ਨਾਮ ਬਾਣੀ ਦਾ ਅਧਿਐਨ ਪੂਰਾ ਪੂਰਾ ਕਰਦੇ ਚਲੋ ਤੇ ਉਸ ਅਨੁਸਾਰ ਜੀਵਨ ਢਾਲਣ ਦਾ ਉਪਰਾਲਾ ਕਰੀ ਚਲੋ। ਗੁਰੂ ਸਾਹਿਬ ਸਹਾਇਤਾ ਕਰਸਨ।

✦ ✦ ✦

ੴ ਸਤਿਗੁਰ ਪ੍ਰਸਾਦਿ।। *30.10.73*

ਇਸ ਜਨਮ ਵਿਚ ਲੇਖਾ ਪਤਾ ਨਿਬੜ ਜਾਏ ਤੇ ਬਹੁੜ ਜਨਮ ਨਾ ਹੋਵੇ। ਪਰ ਇਹ ਤਦ ਹੀ ਹੋਸੀ ਜੇ ਆਪ ਗੁਰਬਾਣੀ ਤੇ ਸਤਿਸੰਗ ਵਿਚ, ਸਦਾ ਹੀ ਖੇਡਦੇ ਰਹੋ ਤੇ ਇਸ ਬਿਨਾਂ ਹੋਰ ਕੋਈ ਟੇਕ ਨਾ ਰੱਖੋ। ਜਦ ਗੁਰਬਾਣੀ, ਐਨੀਆਂ ਗਰੰਟੀਆਂ ਦੇਂਦੀ ਹੈ ਤਾਂ ਫਿਰ ਬਾਹਰ ਭੱਜ ਕੇ ਜਾਣ ਦੀ ਉੱਕਾ ਲੋੜ ਨਹੀਂ। ਕੇਵਲ ਇਕ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦੀ ਟੇਕ ਰੱਖਣੀ ਚਾਹੀਦੀ ਏ। ਆਪਣੀ ਇੱਛਾ (will), ਉਸ ਤੇ Impose ਨਹੀਂ ਕੀਤੀ ਜਾ ਸਕਦੀ। ਸਿੱਖ ਨੂੰ ਉਸ ਦੀ ਰਜ਼ਾ ਵਿਚ ਹੀ ਰਹਿਣਾ ਚਾਹੀਦਾ ਹੈ। **ਨਾਨਕ ਰਹਣੁ ਰਜਾਈ ॥** *(ਪੰਨਾ ੬)* ਸਭ ਕਾਰਜ ਸੁਤੇ ਹੀ ਨੇਪਰੇ ਚੜ੍ਹ ਜਾਣਗੇ। ਉਸ ਤੇ ਡੋਰੀ ਰੱਖ ਲਵੋ ਤੇ ਹੋਰ ਦੀ ਆਸ ਬਿਰਥੀ ਸਮਝੋ।

**ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥** *(ਪੰਨਾ ੨੯੬)*

ਜੋ ਕੋਈ ਭੀ ਮਨ, ਬਚ, ਕਰਮ ਕਰਕੇ ਹਰੀ ਦੇ ਗੁਣ ਗਾਊ ਉਹ ਮਨ ਦੀਆਂ ਮੁਰਾਦਾਂ ਪਾਊ। ਫਿਰ ਕਾਹਦਾ ਤੌਖਲਾ ਤੇ ਕਾਹਦੀ ਚਿੰਤਾ। ਫੜ ਲਵੋ ਇਹ ਰੱਬ ਦੀ ਗਰੰਟੀ ਨੂੰ ਤੇ ਕਮਾ ਕੇ ਮਨ ਦੀਆਂ ਮੁਰਾਦਾਂ ਪਾਓ।

✦ ✦ ✦

ੴ ਸਤਿਗੁਰ ਪ੍ਰਸਾਦਿ।। *27.1.75*

ਆਪਣਾ ਨਿੱਤ ਦਾ ਨੇਮ-ਨਾਮ ਬਾਣੀ ਕੀਰਤਨ ਦਵਾਰਾ ਕਦੀ ਨਹੀਂ ਛੱਡਣਾ। ਇਹ ਹੀ ਜੀਆਂ ਦਾ ਅਧਾਰ ਹੈ। ਹੋਰ ਕਿਤੇ ਢੋਈ ਨਹੀਂ। ਮਨ ਦੁਲੱਤੀਆਂ ਮਾਰਦਾ ਹੈ ਜੇ ਇਸ ਨੂੰ ਖੁੱਲ੍ਹਾ ਛੱਡ ਦੇਈਏ। ਤਾਂ ਤੇ ਸਦਾ ਹੀ ਇਸ ਨੂੰ ਗੁਰਬਾਣੀ ਨਾਲ ਸਮਝਾਂਦੇ ਰਹਿਣਾ ਹੈ। ਗੁਰਬਾਣੀ ਫਰਮਾਉਂਦੀ ਹੈ ਕਿ :-

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥**

*(ਪੰਨਾ ੬੩੮)*

ਤਾਂ ਤੇ ਨਾਮ ਦੀ ਟੇਕ, ਨਾਮ ਦਾ ਆਸਰਾ, ਨਾਮ ਦਾ ਪਿਆਰ ਘੁੱਟ ਕੇ ਫੜੀਏ। ਫਿਰ ਸੁਤੇ ਸਾਰੇ ਦੁਨਿਆਵੀ ਕੰਮ ਆਪ ਹੀ ਹੁੰਦੇ ਜਾਂਦੇ ਹਨ।

ਪਰ :-

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥** *(ਪੰਨਾ ੬੭੯)*

ਅਸੀਂ ਸੂਰੇ ਹਾਂ ਜੋ ਸਾਡਾ ਮਨ ਪ੍ਰਭੂ ਵਲ ਲੱਗ ਗਿਆ ਹੈ। ਇਹ ਗੱਲ ਧੀਰਜ ਬਖਸ਼ਦੀ ਹੈ, ਨਿਰਾਸਤਾ ਤੋਂ ਆਸ਼ਾਵਾਦੀ ਬਣਾਉਂਦੀ ਏ। ਤਾਂ ਤੇ ਸਦਾ ਹੀ ਉਸ ਪ੍ਰਭੂ ਦਾ ਪਿਆਰ, ਉਸ ਪ੍ਰਭੂ ਤੇ ਸਿਦਕ ਭਰੋਸਾ ਰੱਖੀਏ। ਕਦੇ ਵੀ ਮਨ ਨੂੰ ਢਹਿੰਦੀਆਂ ਕਲਾਂ ਵਿਚ ਨਾ ਲੈ ਜਾਈਏ। ਮਹਾਰਾਜ ਜੀ ਆਪ ਨੂੰ ਬਲ ਪ੍ਰਦਾਨ ਕਰਨ ਕਿ ਸਦਾ ਹੀ ਚਰਨ ਸ਼ਰਨ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਪੱਤਰ ਮਿਤੀ : 1.10.76*

**ਮਨਹੁ ਨ ਨਾਮੁ ਵਿਸਾਰਿ ਅਹਿਨਿਸਿ ਧਿਆਈਐ ॥**
**ਜਿਉ ਰਾਖਹਿ ਕਿਰਪਾ ਧਾਰਿ ਤਿਵੈ ਸੁਖੁ ਪਾਈਐ ॥** *(ਪੰਨਾ ੭੫੨)*

**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

✦ ✦ ✦

ੴ ਸਤਿਗੁਰ ਪ੍ਰਸਾਦਿ।। *ਪੱਤਰ ਮਿਤੀ : 22.10.76*

ਨਾਮ ਬਾਣੀ ਦਾ ਕਦੇ ਲੜ ਨਹੀਂ ਛੱਡਣਾ। ਜੇ ਬੰਦਾ ਇਸ ਤੇ ਅਮਲ ਕਰੇ ਤਾਂ Daily life ਵਿਚ ਉਸ ਨੂੰ ਕਦੇ ਕੋਈ ਔਕੜ ਨਹੀਂ ਆਉਂਦੀ ਤੇ ਮਨ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਏ। ਤਾਂ ਤੇ ਹਰਦਮ ਉਸਦੀ ਯਾਦ ਵਿਚ ਰਹਿਆ ਕਰੋ। ਕਾਰ ਵਿਹਾਰ ਲਈ ਘਰ ਛੱਡਣ ਤੋਂ ਪਹਿਲਾਂ ਉਸ ਸਿਰਜਨਹਾਰ, ਪਾਲਨਹਾਰ ਤੇ ਬਖਸ਼ਨਹਾਰ ਅੱਗੇ ਅਰਦਾਸਿ ਕਰਕੇ ਜਾਇਆ ਕਰੋ, ਦਿਨ ਵਿਚ ਜਿੰਨੀ ਵਾਰੀ ਵੀ ਘਰ ਤੋਂ ਨਿਕਲੋ। ਸੁਖ ਮਿਲਸੀ।

ਸਦਾ ਖੇੜੇ ਵਿੱਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਪੱਤਰ ਮਿਤੀ : 16.11.76*

ਆਸ ਹੈ ਜੇ ਗੁਰੂ ਮਹਾਰਾਜ ਜੀ ਨੂੰ ਭਾਇਆ ਤਾਂ 26 ਜਾਂ 27 ਨਵੰਬਰ ਤਾਈ ਆਪ ਜੀ ਦੇ ਦਰਸ਼ਨ ਕਰਾਂਗੇ। ਅੱਗੇ **ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)* ਬਾਕੀ ਗੁਰਬਾਣੀ ਦੀ ਵੀਚਾਰ ਤੇ ਹੋਰ ਬਚਨ ਬਲਾਸ ਬੰਗਲੌਰ ਪੁੱਜਣ ਤੇ ਕਰਾਂਗੇ। ਸਦਾ ਹੀ ਟੇਕ-ਇਕ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਤੇ ਰੱਖਣ ਨਾਲ ਕਦੇ ਜ਼ਿੰਦਗੀ ਵਿਚ ਕੋਈ ਵਿਘਨ ਨਹੀਂ ਪੈਂਦਾ, **ਪੂਰਨ ਦਾਸ ਕੇ ਕਾਮ ॥** *(ਪੰਨਾ-੨੦੨)* ਗੁਰਮੱਤਿ ਗਾਰੰਟੀ ਦੇਂਦੀ ਏ।

ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰੋ।

**ਸਿਰ ਊਪਰਿ ਠਾਢਾ ਗੁਰੁ ਸੂਰਾ ॥**
**ਨਾਨਕ ਤਾ ਕੇ ਕਾਰਜ ਪੂਰਾ ॥** *(ਪੰਨਾ ੨੯੩)*

**ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ ॥**
**ਸੇਵਕ ਕਉ ਨਿਕਟੀ ਹੋਇ ਦਿਖਾਵੈ ॥** *(ਪੰਨਾ ੪੦੩)*

ਫਿਰ ਐਸੀ ਸੱਪਸ਼ਟਤਾ ਭਰਪੂਰ ਗਾਰੰਟੀ ਦੇ ਹੁੰਦਿਆਂ, ਢਹਿੰਦੀਆਂ ਕਲਾਂ ਕਿਉਂ ? ਦਲਗੀਰੀ ਕਿਉਂ ? ਉਦਾਸੀਨਤਾ ਕਿਉਂ ? ਤੌਖਲਾ ਕਿਉਂ ? ਕਾੜ੍ਹਾ, ਚਿੰਤਾ ਕਿਉਂ ? ਜੇ ਉਤਲੀਆਂ ਚੀਜ਼ਾਂ ਹੁੰਦੀਆਂ ਹਨ ਤਾਂ ਪੂਰਨ ਵਿਸ਼ਵਾਸ ਦੀ ਲਖਾਇਕ ਨਹੀਂ ਹਨ। ਸੋ ਸਾਨੂੰ ਪੂਰਨ ਭਰੋਸਾ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ ਜੀ ਤੇ ਰੱਖਣਾ ਚਾਹੀਦਾ ਹੈ। ਜਦ ਮਨ ਵਿਚ ਉਤਲੀ ਸੰਸਾ ਬ੍ਰਿਤੀਆਂ ਆਉਣ ਤਾਂ ਇਸ ਤੁਕ ਰਾਹੀ ਦੂਰ ਹੋ ਜਾਂਦੀਆਂ ਹਨ :-

**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥**
*(ਪੰਨਾ ੧੦੩)*

ਤਾਂ ਤੇ ਇਸ ਤੁਕ ਨੂੰ, ਉਸ ਢਹਿੰਦੀ ਅਵਸਥਾ ਵਿਚ, ਵਰਤੋਂ ਵਿਚ ਲਿਆਇਆ ਕਰੋ। ਹਾਂ ਜੀ, ਆਖਿਆ ਕਰੋ ਕਿ ਓਹ ਮਨਾ, ਨਾ ਡਰ, ਨਾ ਚਿੰਤਾ ਕਰ, ਉਹ ਸਿਰਜਨਹਾਰ ਮੇਰਾ ਪਿਤਾ ਰੱਖਯਕ ਹੈ, ਸਭਨੀ ਥਾਈ ਰੱਖਯਕ ਹੈ। ਫਿਰ ਕਿਉਂ ਡਰਦਾ ਤੇ ਤੌਖਲਾ ਕਰਦਾ ਏਂ ! ਜੋ ਹੁਕਮ ਅੰਦਰ ਹੋ ਰਿਹਾ ਹੈ, ਸੋ ਹੋਣ ਦੇਵੋ।

ਇਸੀ ਵਿਚ ਭਲਾ ਹੈ।

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)* ਤੇ ਟੇਕ ਰੱਖੋ। ਸੁਖ ਮਿਲਸੀ।

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**
**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥**
*(ਪੰਨਾ ੨੫੭)*

ਸਦਾ ਖੇੜੇ ਵਿਚ ਵਸੋ ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਮਿਤੀ : 16.1.77*

ਤੁਸੀਂ ਰੋਜ ਨਾਮ ਬਾਣੀ ਦਾ ਅਭਿਆਸ ਕਰਦੇ ਰਹੋ, ਮਹਾਰਾਜ ਜੀ ਬਖਸ਼ਿਸ਼ਾਂ ਕਰਦੇ ਰਹਿਣਗੇ ਤੇ ਸੁੱਖ ਸ਼ਾਂਤੀ ਬਖਸ਼ਨਗੇ। ਇਹ ਪ੍ਰਭੂ ਦਾ ਸੁਭਾਉ ਹੈ ਕਿ ਜੋ ਕੋਈ ਉਸ ਦੀ ਸ਼ਰਨ ਵਿਚ ਆਉਂਦਾ ਹੈ ਤਾਂ ਪ੍ਰਭੂ ਉਸ ਨੂੰ ਗੱਲੇ ਲਾਉਂਦਾ ਏ।

ਗੁਰਵਾਕ ਹੈ :-

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ**
**ਇਹੁ ਬਿਰਦੁ ਸੁਆਮੀ ਸੰਦਾ ॥** *(ਪੰਨਾ ੫੪੪)*

ਨਾਮ ਬਾਣੀ ਦਾ ਲੜ ਨਹੀਂ ਛੱਡਣਾ ਏ। ਇਹ ਸਦਾ ਚੇਤੇ ਰੱਖਣਾ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਮਿਤੀ : 12.2.77*

ਪ੍ਰੇਮ ਪਾਤੀ ਪੁੱਜੀ। ਜਿਆਦਾ ਰੁਝੇਵਾਂ ਵੀ ਬਾਧਕ ਬਣ ਜਾਂਦਾ ਹੈ। ਇਸ ਵਿਚ ਸੰਦੇਹ ਨਹੀਂ।

**ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥** *(ਪੰਨਾ ੫੯੦)*

ਤਾਂ ਤੇ :-

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥** *(ਪੰਨਾ ੬੯੦)*

ਇਸੇ ਢੰਗ ਵਿਚ ਹੀ ਸਦਾ ਸੁੱਖ ਮਿਲਦਾ ਏ, ਨਹੀਂ ਤਾਂ ਮਨ ਦਾ ਟਾਟਰਾਪਨ, ਢਹਿੰਦੀਆਂ ਕਲਾਂ, ਬੈਚੇਨੀ, Nervousness, ਚਿੰਤਾ, ਤੌਖਲਾ, ਡਰ ਤੇ ਸਹਿਮ ਆ ਵੜਦੇ ਹਨ। ਸਮਾਂ ਹੁਣ ਬਹੁਤ ਦੂਰ ਨਹੀਂ ਜਦ ਕਿ ਮਹਰਾਜ ਜੀ, ਇਸ ਰੁਝੇਵੇ ਚੋ ਕੱਢਣਗੇ। ਉਸ ਲਈ ਅਰਦਾਸਿ ਜਾਰੀ ਰੱਖੋ ਤੇ ਤਦ ਤਾਈ Unconditional surrender ਕਰਦੇ ਹੋਏ **ਪ੍ਰਭ ਡੋਰੀ ਹਾਥਿ ਤੁਮਾਰੇ ॥** *(ਪੰਨਾ ੬੨੨)* ਦਾ ਅਭਿਆਸ ਕਰੀ ਚਲੋ।

**ਇਸ ਕਾ ਬਲੁ ਨਾਹੀ ਇਸੁ ਹਾਥ ॥**
**ਕਰਨ ਕਰਾਵਨ ਸਰਬ ਕੋ ਨਾਥ ॥** *(ਪੰਨਾ ੨੭੭)*

ਇਹ ਤੁਕ ਇਸ context ਵਿਚ ਹੈ ਕਿ ਬੰਦੇ ਦੇ ਹੱਥ ਕੋਈ ਤਾਕਤ ਨਹੀਂ। ਜੋ ਹੋਵੇ ਤਾਂ ਇਹ ਤੁਕ ਨਾ ਫਰਮਾਉਂਦੇ ਕਿ :-

**ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥**
**ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥**

*(ਪੰਨਾ ੧੫੭)*

ਸੋ ਕਰਮ ਹੀ ਸਾਡੇ, ਸਾਨੂੰ ਭਵਾਟੀਆਂ ਦੇ ਰਹੇ ਹਨ। ਤਾਂ ਤੇ ਕਰਮ ਸ਼ੁਭ ਕਰੀਏ ਤੇ ਆਸ ਉਸ ਪ੍ਰਭੂ ਤੇ ਰੱਖੀਏ। ਇਹ ਗਲ ਸਦਾ ਚੇਤੇ ਰੱਖੀਏ ਕਿ **ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥** *(ਪੰਨਾ ੧੨੪੧)* ਹੁਕਮ ਦੀ ਕਲਮ ਅੰਨੇਵਾਹ ਨਹੀਂ ਵੱਗ ਰਹੀ ਹੈ, ਸਾਡੇ ਕਰਮਾਂ ਤੇ ਵੱਗ ਰਹੀ ਹੈ। ਤਾਂ ਤੇ ਨਾਮ ਬਾਣੀ ਅਨੁਸਾਰ ਕਰਮ ਕਰਾਂਗੇ ਤਾਂ ਕੁਝ ਬਣੇਗਾ। ਇਸ ਗੱਲ ਨੂੰ ਮੁੱਖ ਰੱਖ ਕਰ, ਵੇਸਵਾ ਕਾ ਪੂਤ, ਕੁੱਤੇ ਤੇ ਸੂਰ ਆਖਿਆ ਹੈ। ਇਹ ਮਾਇਆਧਾਰੀ ਦੇ ਮਨ ਨੂੰ ਟੁੰਬਿਆ ਏ, ਪਰ ਜਦ ਨਾਮ ਪ੍ਰਗਟ ਹੋ ਜਾਂਦਾ ਏ ਤਾਂ :-

**ਨਾ ਕੋ ਮੂਰਖੁ ਨਾ ਕੋ ਸਿਆਣਾ ॥**
**ਵਰਤੈ ਸਭ ਕਿਛੁ ਤੇਰਾ ਭਾਣਾ ॥** *(ਪੰਨਾ ੯੮)*

ਅਵਸਥਾ ਭੇਦਾਂ ਦੀ ਬਾਣੀ ਏ। ਆਪਣੇ ਬਲ ਦੇ ਥੋਤੇ ਉੱਤੇ ਟੁਰਣ ਵਾਲੇ ਨੂੰ ਇਹ ਗੱਲ ਆਖੀ ਏ ਕਿ :-

**ਇਸ ਕਾ ਬਲੁ ਨਾਹੀ ਇਸੁ ਹਾਥ ॥**
**ਕਰਨ ਕਰਾਵਨ ਸਰਬ ਕੋ ਨਾਥ ॥** *(ਪੰਨਾ ੨੭੭)*

**ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥**
**ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥** *(ਪੰਨਾ ੨੫੫)*

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥** *(ਪੰਨਾ ੩੦੫)*

ਉਦਮ ਕਰਨ ਲਈ ਪ੍ਰੇਰਦੇ ਹਨ। ਜੇ ਉਦਮ ਦਾ ਅੰਸ਼-ਜੀਵ ਆਤਮਾ ਵਿਚ ਨਾ ਰਹਿਆ ਤਾਂ ਫਿਰ ਆਲਸ, ਦਲਿਦ੍ਰਤਾ ਆ ਵੈਸੀ।

ਸਦਾ ਖੇੜੇ ਵਿਚ ਵਸੋ, ਰਸੋ ਤੇ ਹੱਸੋ।

ੴ ਸਤਿਗੁਰ ਪ੍ਰਸਾਦਿ।। *ਚੰਡੀਗੜ੍ਹ : 23.2.77*

ਆਪ ਜੀ ਆਪਨਾ ਨਿਤ ਨੇਮ ਨਹੀਂ ਛੱਡੋ। ਸਵੇਰ ਵੇਲੇ ਸ਼ਬਦ ਨਾਲ ਸੁਰਤਿ ਨੂੰ ਜੋੜੋ ਤੇ ਨਾਮ ਬਾਣੀ ਨੂੰ ਦ੍ਰਿੜ ਕਰੋ। ਹੋਰ ਕੋਈ ਰਾਹ ਨਹੀਂ ਜਿਸ ਨਾਲ ਅੰਦਰ ਸ਼ਾਂਤ ਰਹੇ।

**ਮੈ ਦੀਜੈ ਨਾਮ ਨਿਵਾਸੁ ਅੰਤਰਿ ਸਾਂਤਿ ਹੋਇ ॥**
**ਗੁਣ ਗਾਵੈ ਨਾਨਕ ਦਾਸੁ ਸਤਿਗੁਰੁ ਮਤਿ ਦੇਇ ॥** *(ਪੰਨਾ ੭੫੩)*

ਨਾਮ ਬਾਣੀ ਦੀ ਕਮਾਈ ਹੀ ਅੰਦਰ ਠੰਡ ਪੁਚਾਂਦੀ ਹੈ, ਤਾਂ ਤੇ ਇਸ ਨੂੰ ਜੀਵਨ ਵਿਚ ਘਟਾਈਏ ਤੇ ਫਲ ਪਾਈਏ। ਮਨ ਨੂੰ ਡੋਲਨ ਤੋਂ ਰੋਕਣ ਦਾ ਸਾਧਨ ਕੇਵਲ ਬਾਣੀ ਹੀ ਹੈ।

**ਬਾਣੀ ਰੋਕਿਆ ਰਹੈ ਦੁਆਰ ॥** *(ਪੰਨਾ ੩੪੪)*

ਬਾਣੀ ਤੇ ਪੂਰਨ ਦ੍ਰਿੜ ਵਿਸ਼ਵਾਸ ਰੱਖੋ, ਸਾਰੇ ਕਾਰਜ ਸੁਤੇ ਸਿੱਧ, ਰਾਸ ਹੋਣਗੇ। ਇਸ ਵਿਚ ਸੰਦੇਹ ਨਹੀਂ।

ਸਦਾ ਚੜ੍ਹਦੀਆਂ ਕਲਾਂ ਵਿਚ ਖੇਡੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *7.3.77*

ਸਦਾ ਇਹ ਦ੍ਰਿੜ ਕਰੀਏ ਕਿ :-

**ਨਾਨਕ ਜਿਨ੍ਹੀ ਸੁਣਿ ਕੈ ਮੰਨਿਆ ਹਉ ਤਿਨਾ ਵਿਟਹੁ ਕੁਰਬਾਣੁ ॥** *(ਪੰਨਾ ੭੯੦)*

ਮੇਰੇ ਸੋਹਣੇ ਪਿਆਰੇ ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਜਿੰਨ੍ਹਾਂ ਨੇ ਨਾਮ ਨੂੰ ਸੁਣ ਕੇ, ਨਾਮ ਬਾਣੀ ਇਕ ਹਨ, ਮੰਨਿਆ ਹੈ, ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ, ਕੁਰਬਾਣ ਜਾਂਦਾ ਹਾਂ, ਘੋਲੀ ਜਾਂਦਾ ਹਾਂ, ਵਾਰੀ ਜਾਂਦਾ ਹਾਂ। ਸੋ ਗੁਰਬਾਣੀ ਦੇ ਉਪਦੇਸ਼ਾਂ ਨੂੰ ਜੀਵਨ ਵਿਚ ਘਟਾਉਣਾ ਹੀ ਨਾਮ ਹੈ। ਜਦ ਤਕ ਜਗਿਆਸੂ ਇੰਜ ਨਹੀਂ ਕਰੇਗਾ, ਨਾਮ ਦੀ ਪ੍ਰਾਪਤੀ ਅਸੰਭਵ ਹੈ। ਤਾਂ ਤੇ :-

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥** *(ਪੰਨਾ ੩੯੪)*

ਭਾਣੇ ਵਿਚ ਰਹੋ, ਸੁਖ ਮਿਲਸੀ। ਢਹਿੰਦੀਆਂ ਕਲਾਂ ਨਹੀਂ ਵਾਪਰਨਗੀਆਂ। ਇਸ ਤਰ੍ਹਾਂ ਰਹਿਆਂ ਵਾਲ ਵਿੰਗਾ ਨਹੀਂ ਹੁੰਦਾ ਤੇ ਗੁਰੂ ਪਾਤਸ਼ਾਹ ਆਪ ਰਖਵਾਲਾ ਹੁੰਦਾ ਹੈ। ਤੁਹਾਡੇ ਤੇ ਬਖਸ਼ਿਸ਼ ਹੈ। ਤੁਸੀਂ ਮਨ ਨੂੰ ਗੁਰੂ ਸ਼ਰਨ ਵਿਚ ਰਖਿਆ ਕਰੋ। ਕੋਈ ਕੁਝ ਨਹੀਂ ਵਿਗਾੜ ਸਕਦਾ। ਇਹ ਗਲ ਦ੍ਰਿੜ ਕਰੋ। ਅੱਟਲ ਹੈ।

**ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥**

*(ਪੰਨਾ ੭੪੯)*

ਸਦਾ ਹੁਲਾਸ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਮਿਤੀ : 19.5.77*

ਤੁਹਾਡਾ ਪੱਤਰ ਪੁਜਾ। ਇਸ ਵਿਚ ਸੰਦੇਹ ਨਹੀਂ ਕਿ :-

**ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥**

*(ਪੰਨਾ ੭੦੦)*

ਇਸ਼ਟ ਮੀਤ ਦਾ ਅਰਥ ਹੈ ਜਿਨ੍ਹਾਂ ਦਾ ਗੁਰੂ ਇਕੋ ਹੀ ਹੋਵੇ। ਅਸੀਂ ਸਾਰੇ ਗੁਰੂ ਨਾਨਕ ਸਾਹਿਬ ਨੂੰ ਮੰਨਣ ਵਾਲੇ, ਇਸ਼ਟ ਮੀਤ ਹਾਂ। ਸਾਡਾ ਸੰਜੋਗ ਪਿਛਲੇ ਕਰਮਾਂ ਕਰਕੇ ਹੋਇਆ ਹੈ, ਪਰ ਅੰਤ ਸਮੇਂ ਸਹਾਈ ਕੇਵਲ ਨਿਰੰਕਾਰ ਹੋਸੀ। ਤਾਂ ਤੇ ਉਸ ਨਿਰੰਕਾਰ, ਸਿਰਜਨਹਾਰ, ਪਾਲਨਹਾਰ ਤੇ ਬਖਸ਼ਨਹਾਰ ਦਾ ਲਗਾਤਾਰ ਨਾਮ ਜਪੀਏ ਤੇ ਮੁੜ ਜਨਮ ਨਾ ਧਾਰੀਏ ਤੇ ਨਾ ਦੁੱਖ ਝੱਲੀਏ।

ਬੀਬਾ, ਉੱਕਾ ਨਾ ਘਬਰਾਏ ਤੇ :-

**ਖੜਗ ਕੇਤ ਮੈ ਸਰਨਿ ਤਿਹਾਰੀ ॥**
**ਆਪੁ ਹਾਥ ਦੈ ਲੇਹੁ ਉਬਾਰੀ ॥** *(ਕਬਯੋਬਾਚ, ਬੇਨਤੀ ਚੌਪਈ ਪਾ: ੧੦)*

ਦਾ ਹਰਦਮ ਅਭਿਆਸ, ਤੁਕ ਦੇ ਅਰਥਾਂ ਵਿਚ ਮਨ ਜੋੜ ਕਰ ਕਰੋ। ''ਖੜਗਕੇਤ'' ਦਾ ਅਰਥ ਹੈ ਕਿ ਜਿਸ ਦੇ ਨਿਸ਼ਾਨ ਸਾਹਿਬ ਵਿਚ ਤਲਵਾਰ ਦਾ ਚਿਨ੍ਹ ਹੈ। ਉਹ ਹੈ ਕਿ ਜਿਸ ਦੇ ਹੱਥ ਵਿਚ ਸੰਸਾਰ ਨੂੰ ਨਾਸ਼ ਕਰਨ ਵਾਲੀ ਸ੍ਰੀ ਸਾਹਿਬ ਹੈ-

ਭਾਵ ਅਕਾਲ ਪੁਰਖ। ਤਾਂ ਤੇ ਉਸ ਅਕਾਲ ਪੁਰਖ ਅੱਗੇ ਹੀ ਬੇਨਤੀ ਕਰਨੀ ਹੈ ਕਿ ਹੇ ਰੱਬ ਜੀ, ਤੁਹਾਡੀ ਸ਼ਰਨ ਆਈ ਹਾਂ, ਮੈਨੂੰ ਆਪਣਾ ਹੱਥ ਦੇ ਕਰ ਰੱਖ ਲੈ **ਹਉ ਪਾਪੀ ਵਡ ਗੁਨਹਾਗਾਰ ॥** *(ਪੰਨਾ ੧੪੧੬)* ਮੈਂ ਪਾਪਨ ਬਹੁਤ ਗੁਨਹਾਗਾਰ ਅਪਰਾਧਨ ਹਾਂ।

ਜੇ ਬੀਬਾ ਜੀ ਦਿਲੋਂ ਹੋ ਕੇ ਇਹ ਅਭਿਆਸ ਕਰੇ ਤਾਂ ਮਨ ਟਿਕ ਜਾਇਗਾ। ਇਹਨੂੰ ਤੋਤਾ ਰਟਨ ਨਾ ਕਰੋ। ਮਸ਼ੀਨ ਦੀ ਨਿਆਈ ਨਾ ਆਖਦੀ ਰਹੇ। ਇਸ ਤਰ੍ਹਾਂ ਕਰਨ ਨਾਲ ਉੱਕਾ ਕੋਈ ਲਾਭ ਨਹੀਂ ਹੁੰਦਾ। ਇਸ ਨੂੰ ਤੋਤਾ ਰਟਨ ਆਖਦੇ ਨੇ। ਤਾਂ ਤੇ ਮੁੜ ਤਾਕੀਦ ਹੈ ਕਿ ਤੁਕ ਦੇ ਅਰਥ ਵਿਚ ਸੁਰਤਿ, ਭਾਵ ਮਨ ਜੋੜ ਕਰ ਅਭਿਆਸ ਕਰੋ। ਮਹਾਰਾਜ ਜੀ ਬਖਸ਼ਿਸ਼ ਕਰਨ। ਅਵਸ਼ ਬਖਸ਼ਿਸ਼ ਹੋਸੀ। ਅਰਦਾਸਿ ਰੂਪ ਹੋ ਕਰ ਹੀ ਅਰਦਾਸਿ ਕਰਨੀ ਏ। ਵਲਵਲੇ ਭਰਪੂਰ ਹੋ ਕਰ ਅਰਦਾਸਿ ਕਰਨੀ ਏ। ਹਾਜ਼ਰ ਨਾਜ਼ਰ ਜਾਣ ਕਰ ਅਰਦਾਸਿ ਕਰਨੀ ਏ।

ਨਾਮ ਬਾਣੀ ਦਾ ਲੜ ਕਦੇ ਨਹੀਂ ਛੱਡਣਾ। ਆਪਣੀ ਸੁਰਤਿ ਕੇਵਲ ਗੁਰਬਾਣੀ ਦੇ ਅਧੀਨ ਰੱਖਣੀ ਏ। ਹੋਰ ਕਿਸੇ ਦੇ ਹੇਠਾਂ ਦਬੇਲ ਨਹੀਂ ਕਰਨੀ। ਭਾਵੇਂ ਮੈਂ ਕਿਉਂ ਨਾ ਹੋਵਾਂ।

ਬੀਬਾ ਸੁਖਮਨੀ ਸਾਹਿਬ ਦਾ ਪਾਠ ਮਨ ਜੋੜ ਕਰ ਕਰਿਆ ਕਰੇ, ਮਨ ਨੂੰ ਸੁਖ ਮਿਲਸੀ। ਝੋਰੇ, ਦਲਗੀਰਿਆਂ, ਤੌਖਲੇ, ਚਿੰਤਾ, ਕਾੜ੍ਹੇ, ਕਲੇਸ਼, ਢਹਿੰਦੀਆਂ ਕਲਾਂ ਤੇ ਫਿਕਰ ਦੂਰ ਹੋਸਨ।

**ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ ॥**

*(ਪੰਨਾ ੬੧)*

ਸਦਾ ਨਾਮ ਬਾਣੀ ਨਾਲ ਜੁੜੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 13.6.77*

ਸੜੇ ਦੋਹਾਂ ਦੇ ਨਾਮ ਲਿਖੀ ਚਿੱਠੀ ਮਿਲੀ। ਜਦ ਮਨ ਅੰਦਰ ਅਸ਼ਾਂਤੀ ਹੋਵੇ ਤਾਂ ਮਨ ਨਹੀਂ ਟਿਕਦਾ। ਤਾਂ ਤੇ ਅਸ਼ਾਂਤੀ ਦਾ ਜੋ ਕਾਰਨ ਹੈ, ਉਸ ਨੂੰ ਦੂਰ ਕਰੋ। ਕਾਰਣ ਦੂਰ ਕਰਨ ਦਾ ਪਹਿਲਾ ਕਦਮ ਇਹ ਹੈ ਕਿ ਉਸ Cause (ਕਾਰਣ) ਦੀ ਨਵਿਰਤੀ ਲਈ ਉਸ ਨੂੰ ਬੁੱਧੀ ਦੀ ਕਸੱਵਟੀ ਤੇ ਪਰਖ ਕੇ ਦੂਰ ਕਰੋ। ਜੇ ਉਸ ਕਾਰਣ ਦੀ

ਬੁਨਿਆਦ ਥੋਥੀ ਹੈ ਤੇ ਦੁਖਦਾਇਕ ਹੈ ਤਾਂ ਫੌਰਨ ਦਲੀਲ ਦੀ ਕਸੱਵਟੀ ਤੇ ਲਾ ਕੇ ਰੱਦ (Reject) ਕਰੋ। ਜੇ ਕਾਰਣ ਦੁਨੀਆਵੀ ਹੈ ਤਾਂ ਇਸ ਤੁਕ ਨਾਲ ਦੂਰ ਕਰੋ :–

**ਜੋ ਦੀਸੈ ਸੋ ਚਾਲਨਹਾਰੁ ॥**
**ਲਪਟਿ ਰਹਿਓ ਤਹ ਅੰਧ ਅੰਧਾਰੁ ॥** *(ਪੰਨਾ ੨੬੮)*

ਯਥਾ :–

**ਦ੍ਰਿਸ਼ਟਿਮਾਨ ਹੈ ਸਗਲ ਮਿਥੇਨਾ ॥** *(ਪੰਨਾ ੧੦੮੩)*

**ਕੋ ਕਾਹੂ ਕੋ ਨਾਹੀ ॥** *(ਪੰਨਾ ੬੩੪)*

ਇਹ ਉਪਦੇਸ਼ ਮੰਨਣ ਨਾਲ ਕਾਰਨ ਦੂਰ ਹੋ ਜਾਂਦਾ ਏ ਤੇ ਸ਼ਾਂਤੀ ਪ੍ਰਾਪਤ ਹੁੰਦੀ ਏ। ਸਿਵਾਏ ਇਕ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦੇ ਹੋਰ ਕੋਈ ਵੀ ਤਕਲੀਫ ਵੇਲੇ ਕਦੇ ਸਹਾਇਕ ਨਹੀਂ ਹੁੰਦਾ। ਸਭ ਨਸ ਜਾਂਦੇ ਹਨ। ਭਾਵੇਂ ਪਤੀ ਹੈ, ਪਤਨੀ ਹੈ, ਭਾਵੇਂ ਮਿੱਤਰ ਹੈ, ਭਾਵੇਂ ਕੋਈ ਸਾਕ ਹੋਵੇ, ਤਾਂ ਹੀ ਤਾ ਗੁਰਬਾਣੀ ਫੁਰਮਾਉਂਦੀ ਹੈ ਕਿ :–

**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥**
**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥**

*(ਪੰਨਾ ੬੩੪)*

ਤਾਂ ਤੇ ਬੰਦੇ ਦੀ ਪਕੜ ਤੇ ਮੋਹ (attachments) ਹੀ ਦੁੱਖ ਦਾ ਕਾਰਣ ਹੁੰਦਾ ਹੈ, ਸੋ ਇਸ ਨੂੰ ਗੁਰਬਾਣੀ ਦੇ ਉਪਦੇਸ਼ ਨਾਲ ਦੂਰ ਕਰੋ । ਗੁਰਬਾਣੀ ਦੀ ਕਮਾਈ ਹੀ ਨਾਮ ਦੀ ਕਮਾਈ ਹੈ । ਮਨ ਨੇ ਅਸ਼ਾਂਤੀ ਆਪ ਚਮੋੜੀ ਹੈ ਤੇ ਦੂਰ ਵੀ ਮਨ ਨੇ ਹੀ ਕਰਨੀ ਏ। ਜੇ ਇਸ ਤੋ ਵੱਖਰਾ ਕੋਈ ਕਾਰਣ ਹੋਵੇ ਤਾਂ ਲਿਖਣਾ। ਅਸੀ ਅਰਦਾਸਿ ਕਰਾਂਗੇ ਤੇ ਸਾਧਨ ਵੀ ਲਿਖਾਂਗੇ।

**ਜੇ ਕੋ ਆਪੁਨਾ ਦੂਖੁ ਮਿਟਾਵੈ ॥**

**ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥** *(ਪੰਨਾ ੨੬੬)*

✦ ✦ ✦

੧ੴ ਸਤਿਗੁਰ ਪ੍ਰਸਾਦਿ।। ਸਪਰੂਨ : *18.7.77*

........................ All Problems and difficulties are removed if a desirous person prays before the Almighty, All Prevading, Immortal Entity. The results are achieved very soon. It is, therefore, suggested to please pray to Merciful and Graceful God. I hereby write the Shabad.

**ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥**
**ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥**

*(ਪੰਨਾ ੨੬੩-੬੪)*

Oh, the destroyer of all pains and worries of pained persons, Oh, All Prevading, Oh, the Lord of destitutes, I have come to take your shelter. You are the companion of Nanak and mine. One thing must be kept in mind and that is, that during the recitation of Shabad (prayer), it should be done with the presence of mind in the meaning of the Shabad. If the mind is absent during that prayer time, no tengible results will be achieved. The prayer must not be less than one hour in the morning and one hour before sleeping.

Please have the unshakable faith in Him and start praying immediately. Waheguru Ji will bless you.

May the Almighty destroy your worries.

✦ ✦ ✦

੧ੴ ਸਤਿਗੁਰ ਪ੍ਰਸਾਦਿ।। ਸਪਰੂਨ : *10.8.77*

ਪਾਤੀ ਪੁਜੀ, ਪਿਆਰੇ ਗੁਰਮੁਖਿ ਡਾਕਟਰ ਸਾਹਿਬ ਆਪਣੀ ਜੀਵਨ ਯਾਤਰਾ ਕਰਕੇ ਪਰਲੋਕ ਸਿਧਾਰ ਗਏ। ਜਾਣਾ ਤਾਂ ਸਭ ਨੇ ਹੈ। ਪਰ ਗੁਰਮੁਖਿ ਦਾ ਜਾਣਾ ਸਫਲ ਹੁੰਦਾ ਏ। ਸਾਡੀ ਅਰਦਾਸਿ ਹੈ ਕਿ ਨਿਰੰਕਾਰ, ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਸਾਰੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਪਰਦਾਨ ਕਰਨ। ਡਾਕਟਰ ਸਾਹਿਬ ਜੀ ਨੂੰ ਆਪਣੇ

ਚਰਨਾਂ ਵਿਚ ਨਿਵਾਸ ਬਖਸ਼ਣ, ਜਿਵੇਂ ਕਿ ਹੁਣ ਹੈ। ਆਪ ਜੀ ਨੇ ਲਿਖਿਆ ਹੈ ਕਿ ਆਪ ਸਪਰੂਨ ਆ ਰਹੇ ਹੋ। ਸੋ ਜਰੂਰ ਦਰਸ਼ਨ ਦੇਣੇ। ਲਾਭ ਹੋਸੀ।

✦ ✦ ✦

ੴ ਸਤਿਗੁਰ ਪ੍ਰਸਾਦਿ।। *17.8.77*

ਪ੍ਰੇਮ-ਪਾਤੀ ਕਲ ਮਿੱਲੀ। ਕਮਜ਼ੋਰੀ ਛੇਤੀ ਹੀ ਦੂਰ ਹੋ ਵੈਸੀ। ਮਹਾਰਾਜ ਜੀ ਦੀ ਕ੍ਰਿਪਾ ਹੋਸੀ। ਚਿੰਤਾ ਦੀ ਲੋੜ ਨਹੀਂ। ਇਹ ਬੀਮਾਰੀ ਇਹ ਸਿੱਖਿਆ ਦੇਂਦੀ ਏ ਕਿ ਮਨੁੱਖ ਦੇ ਆਪਣੇ ਵੱਸ ਕੁਝ ਨਹੀਂ ਹੈ। ਸਾਰੀਆਂ ਮਿਥੀਆਂ ਗੱਲਾਂ ਤੇ ਪ੍ਰੋਗਰਾਮ ਰਹਿ ਜਾਂਦੇ ਹਨ। ਫਿਰ ਕਿਉਂ ਨਾ ਸਦਾ ਉਸ ਦੇ ਉੱਤੇ ਵਾਗ ਡੋਰ ਰੱਖੀਏ ਤੇ ਸਹਜ ਸੁਭਾ ਜੋ ਹੁੰਦਾ ਏ, ਹੋਣ ਦੇਈਏ ? ਇਹ ਦ੍ਰਿੜਤਾ ਤਦ ਆਉਂਦੀ ਏ ਜੇ ਨਾਮ ਬਾਣੀ ਦੇ ਉਪਦੇਸ਼ ਨੂੰ ਜੀਵਨ ਵਿਚ ਘਟਾਈਏ ਤੇ ਇਸ ਉਪਦੇਸ਼ ਤੇ ਅਮਲ ਕਰੀਏ :-

**ਸਹਜ ਸੁਭਾਇ ਹੋਵੈ ਸੋ ਹੋਇ ॥**
**ਕਰਣੈਹਾਰੁ ਪਛਾਣੈ ਸੋਇ ॥**
**ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥**
**ਜੈਸਾ ਸਾ ਤੈਸਾ ਦ੍ਰਿਸਟਾਨਾ ॥** *(ਪੰਨਾ ੨੮੨)*

ਇੰਜ ਅਮਲ ਕਰਨ ਨਾਲ ਫਿਰ ਖਿਚੋਤਾਣ ਮਨ ਦੀ ਨਹੀਂ ਰਹਿੰਦੀ। ਪਰ ਇਸ ਲਈ ਸੰਘਰਸ਼ ਕਰਨਾ ਪੈਂਦਾ ਹੈ। ਰੋਜ਼ਾਨਾ ਜਿੰਦਗੀ ਵਿਚ ਇਸ ਉਪਦੇਸ਼ ਨੂੰ ਕਮਾਣਾ ਪੈਂਦਾ ਏ। ਜਿਹੜਾ ਵੀ ਕਮਾਏਗਾ, ਉਹ ਸਦਾ ਦਾ ਸੁਖ, ਸਦਾ ਦਾ ਖੇੜਾ, ਸਦਾ ਦੀ ਸ਼ਾਂਤੀ, ਸਦਾ ਦਾ ਆਨੰਦ ਮਾਣੇਗਾ।

ਸਾਰੇ ਖੇੜੇ ਵਿਚ ਰਸ ਭਰਪੂਰ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 31.8.77*

ਪਾਤੀ ਪੁਜੀ। ਜੋ ਸਮਾਚਾਰ ਲਿਖੇ ਸੋ ਇਨ੍ਹਾਂ ਬਾਰੇ ਚਿੰਤਾ ਕਰਨ ਦੀ ਲੋੜ ਨਹੀਂ। ਇਹ ਥੋੜ੍ਹੇ ਵਿਚ ਹੀ ਲੇਖਾ ਪੱਤਾ ਨਿਬੜ ਗਿਆ ਹੈ। ਤਾਂ ਤੇ ਸ਼ੁਕਰਾਨੇ ਵਿਚ ਹੀ ਰਹੀਏ।

**ਜਿਸ ਕੀ ਬਸਤੁ ਤਿਸੁ ਆਗੈ ਰਾਖੈ ॥**
**ਪ੍ਰਭ ਕੀ ਆਗਿਆ ਮਾਨੈ ਮਾਥੈ ॥**
**ਉਸ ਤੇ ਚਉਗੁਨ ਕਰੈ ਨਿਹਾਲੁ ॥**
**ਨਾਨਕ ਸਾਹਿਬੁ ਸਦਾ ਦਇਆਲੁ ॥** *(ਪੰਨਾ ੨੬੮)*

ਆਪ ਜੀ ਨੇ ਬੰਗਲੌਰ ਆਉਣ ਲਈ ਆਖਿਆ ਹੈ, ਸੋ ਜਦ ਸਮਾਗਮ ਤੇ ਪ੍ਰੋਗਰਾਮ ਬਣਨਗੇ ਤਾਂ ਬੰਗਲੌਰ ਦਾ ਵੀ ਨਾਲ ਰੱਖਣ ਦਾ ਵੀਚਾਰ ਹੈ। ਅੱਗੋਂ :-

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)*

ਸਾਧ ਸੰਗਤਿ ਵਿਚ ਨਾਮ ਅਭਿਆਸ ਕਮਾਈ ਬਹੁਤ ਜਿਆਦਾ ਲਾਭ ਦਿੰਦੀ ਏ। ਪਰ ਆਪ ਜੀ ਹੁਣ ਮੁੜ ਬੰਗਲੌਰ ਜਾ ਰਹੇ ਹੋ, ਸੋ ਭਾਣੇ ਅੰਦਰ ਹੀ ਸਭ ਕੁਝ ਹੁੰਦਾ ਏ ਤੇ ਹੋ ਰਿਹਾ ਹੈ।

ਆਪ ਜੀ ਦੇ ਮਨ ਤੇ ਵਿਛੋੜੇ ਦੀ ਸੱਟ ਕਾਫੀ ਲੱਗੀ ਏ, ਪਰ ਅਸੀ ਜੀਵ ਕਰ ਵੀ ਕੀ ਸਕਦੇ ਹਾਂ ? ਹਰ ਇਕ ਨੇ ਆਪਣੀ ਵਾਰੀ ਪੁੱਗਣ ਤੇ ਚਲੇ ਜਾਣਾ ਹੈ। ਤਾਂ ਤੇ ਭਾਣੇ ਅੰਦਰ ਹੀ ਰਹੀਏ, ਪਰ ਭਾਣੇ ਅੰਦਰ ਰਹਿਣਾ ਵੀ ਆਪਣੇ ਹੱਥ ਨਹੀਂ। ਤਾਂ ਤੇ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਜੀ ਅੱਗੇ ਜੋਦੜੀਆਂ ਹੀ ਕਰੀਏ ਤੇ ਉਹ ਵਾਹਿਗੁਰੂ ਜੀ ਆਪ ਮਿਹਰ ਕਰਕੇ ਆਪਣੇ ਭਾਣੇ ਅੰਦਰ ਰੱਖਣ। ਸੋ ਅਰਦਾਸਿ ਕਰਿਆ ਕਰੋ। ਮਨ ਦਾ ਕਸ਼ਟ ਘਟੇਗਾ ਤੇ ਸ਼ਾਂਤੀ ਹੋਸੀ।

ਸਦਾ ਚੜ੍ਹਦੀਆਂ ਕਲਾਂ ਵਿਚ ਖੇਡੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 6.12.77*

ਦੁਨਿਆਵੀ ਕੰਮਾਂ ਵਿਚ, ਬੰਦਾਂ ਰੁਝਿਆ ਪਿਆ ਏ। ਰੱਬ ਵੱਲ ਰੁਚੀ ਹੀ ਨਹੀਂ ਰੱਖਦਾ। ਮਾਇਆ ਦਾ ਥਪੇੜਾ ਖਾਂਦਾ ਹੋਇਆ ਵੀ ਫਿਰ ਚਿੰਬੜੀ ਬੈਠਾ ਹੈ। ਇਸ ਦੁੱਖ ਰੂਪ ਮਾਇਆ ਦਾ ਸੰਗ ਛੱਡ ਕੇ, ਨਾਮ ਨਹੀਂ ਜਪਦਾ। ਆਪ ਜੀ ਦੇ ਸਾਰੇ ਪਰਵਾਰ ਤੇ ਬਖਸ਼ਿਸ਼ ਹੈ। ਰਾਹੀ ਬਣ ਕਰ ਟੁਰ ਪਏ ਹੋ। Positive results ਲੈ ਰਹੇ ਹੋ, ਤਾਂ ਤੇ

ਟੁਰੀ ਜਾਣਾ ਏ। ਨਾਲ ਕੇਵਲ ਨਾਮ ਹੀ ਜਾਸੀ। ਕੋਈ ਖਿਆਲ ਵੀ, ਮਨ ਵਿਚ ਨਾ ਲਿਆਇਆ ਕਰੋ।

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥** *(ਪੰਨਾ ੬੬੦)*

ਉਪਰਲੀ ਅਰਦਾਸਿ ਹੀ ਕਰਿਆ ਕਰੋ। ਛੱਡੋ ਦੁਨੀਆਂ ਦੇ ਝੰਬੇਲੇ। ਦੁਨੀਆਂ ਆਤਸ਼ (ਅੱਗ) ਹੈ। ਖੁਨਕ (ਠੰਡਾ) ਨਾਮ ਖੁਦਾ ਦਾ ਏ। ਗੁਰਵਾਕ :-

**ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥** *(ਪੰਨਾ ੧੨੯੧)*

ਆਤਸ਼ ਵਿਚ ਜੀਵ ਆਤਮਾ ਸੜ ਜਾਂਦੀ ਏ, ਤਾਂ ਤੇ ਨਾਮ ਦੀ ਟੇਕ, ਨਾਮ ਦਾ ਆਸਰਾ, ਨਾਮ ਲਈ ਦਾਨ, ਮੰਗਦੇ ਰਹਿਣਾ ਚਾਹੀਦਾ ਏ। ਇਸੇ ਵਿਚ ਸੁਖ ਹੈ। ਤੁਸੀਂ ਤਜਰਬਾ ਕਰਕੇ ਵੇਖ ਹੀ ਲਿਆ ਹੈ।

ਤਾਂ ਤੇ :-

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥** *(ਪੰਨਾ ੬੬੦)*

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥** *(ਪੰਨਾ ੯੫੮)*

ਸਦਾ ਖੇੜੇ ਵਿਚ ਵਸੋ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : *10.12.77*

ਨਾਮ ਬਾਣੀ ਦਾ ਲੜ ਕਦੇ ਨਹੀਂ ਛੱਡਣਾ। ਇਹ ਹੀ ਇਕ ਜੀਵਨ ਦਾ ਆਸਰਾ ਹੈ। ਹੋਰ ਸਭ ਧੰਧੇ ਪਿਟਨੇ ਹਨ। ਪਸ਼ੂ ਵੀ ਪੇਟ ਭਰ ਲੈਂਦਾ ਏ। ਇਵੇਂ ਹੀ ਉਹ ਬੰਦੇ ਹਨ, ਜੋ ਪੇਟ ਭਰਕੇ ਅਜਾਂਈ ਜਾ ਰਹੇ ਹਨ। ਆਪਨਾ ਰੋਜ਼ਾਨਾ ਦਾ ਨਿਤਨੇਮ ਨਹੀਂ ਛੱਡਣਾ। ਕਾਰੋਬਾਰ ਵਿਚ ਹੋਰ ਵਾਧਾ ਹੋਸੀ।

+ + +

ੴ ਸਤਿਗੁਰ ਪ੍ਰਸਾਦਿ।। *ਮਿਤੀ : 20.12.77 ਵਿਚੋਂ*

ਮਹਾਰਾਜ-ਜੋ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ, ਘੱਟ ਘੱਟ ਵਾਸੀ, ਸਰਬ ਨਿਵਾਸੀ, ਸਰਬ ਸਮਰੱਥ, ਪਿਆਰ ਸਰੂਪ, ਦੁੱਖ ਭੰਜਨ, ਕ੍ਰਿਪਾਲੂ ਤੇ ਦਿਆਲੂ ਹੈ, ਦਾ ਆਸਰਾ ਰੱਖੋ।

**ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ**
**ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥**

*(ਪੰਨਾ ੭੩੫)*

ਦਿਲੋ ਕੀਤੀ ਅਰਦਾਸਿ ਜ਼ਰੂਰ ਕਬੂਲ ਹੁੰਦੀ ਏ।

ਬੀਬਾ ਨੂੰ ਵੀ ਇਹ ਗੱਲ ਦਾਸ ਵਲੋਂ ਆਖਣੀ ਤੇ ਉਹ ਵੀ ਉਤਲੀ ਤੁਕ ਦਾ ਅਭਿਆਸ ਦਿਲ ਜੋੜ ਕਰ ਕਰਨ। ਬਖਸ਼ੰਦ ਪਿਤਾ ਬਖਸ਼ਿਸ਼ ਕਰਨਗੇ। ਸਿਰ ਤੇ ਬਖਸ਼ਿਸ਼ ਦਾ ਹੱਥ ਰੱਖ ਕੇ ਆਪ ਦੁੱਖ ਤੋਂ ਬਚਾਉਂਣਗੇ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ *: 20.12.77 ਵਿਚੋਂ*

**ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ॥**
**ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥**

*(ਪੰਨਾ ੯੬੧)*

**ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥**
**ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥**

*(ਪੰਨਾ ੭੫੦)*

**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥**

*(ਪੰਨਾ ੨੯੬)*

+ + +

ੴ ਸਤਿਗੁਰ ਪ੍ਰਸਾਦਿ।। *17.1.78*

ਬੜੀ ਖੁਸ਼ੀ ਹੋਈ ਜੋ ਆਪ ਨੇ ਕਾਰ ਦਾ ਸੌਦਾ ਕਰ ਲਿੱਤਾ ਹੈ। ਇਹ ਵੀ ਜਾਣ ਕਰ ਪ੍ਰਸੰਨਤਾ ਹੋਈ ਕਿ Business ਠੀਕ ਚਲ ਰਿਹਾ ਹੈ। ਤਾਂ ਤੇ ਸ਼ੁਕਰ ਵਿਚ ਰਹੋ ਤੇ ਸਦਾ ਸ਼ੁਕਰ ਕਰਦੇ ਰਹੋ। ਜਦ ਤਾਂਈ ਨਾਮ ਬਾਣੀ ਦਾ ਲੜ ਫੜੀ ਰੱਖੋਗੇ, ਤਦ ਤਾਈ ਕੋਈ ਤੋਟ ਨਹੀਂ ਹੋਵੇਗੀ। ਅਸਲ ਸ਼ੈ ਤਾਂ ਨਾਮ ਹੀ ਹੈ। ਮਾਇਆ ਦਾ ਖੇਲ ਚਾਰ ਦਿਹਾੜੇ ਦਾ ਹੈ। ਇਸ ਨੇ ਨਾਲ ਨਹੀਂ ਜਾਣਾ। ਕੇਵਲ ਨਾਮ ਹੀ ਨਾਲ ਜਾਸੀ। ਤਾਂ ਤੇ ਨਾਮ ਨੂੰ ਕਦੇ ਨਾ ਛੱਡਣਾ। ਮਾਇਆ ਦੇ ਪ੍ਰਭਾਵ ਹੇਠਾਂ ਕਦੇ ਨਾ ਆਉਣਾ।

ਸਦਾ ਨਾਮ ਬਾਣੀ ਨਾਲ ਜੁੜੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : *7.2.78*

ਬੀਬਾ ਬਾਰੇ ਹਸਪਤਾਲ ਵਾਲਿਆਂ ਨੇ ਕੀ ਰਿਪੋਰਟ ਦਿੱਤੀ ਏ ? ਲਿਖਣਾ।

**ਪ੍ਰਭ ਸਿਮਰਤ ਕਛੁ ਬਿਘਨੁ ਨ ਲਾਗੈ ॥**
**ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥**
**ਪ੍ਰਭ ਕਾ ਸਿਮਰਨੁ ਸਾਧ ਕੈ ਸੰਗਿ ॥**

*(ਪੰਨਾ ੨੬੨)*

**ਹਰਿ ਜਨ ਸਿਮਰਹੁ ਹਿਰਦੈ ਰਾਮ ॥**
**ਹਰਿ ਜਨ ਕਉ ਅਪਦਾ ਨਿਕਟਿ ਨ ਆਵੈ ਪੂਰਨ ਦਾਸ ਕੇ ਕਾਮ ॥੧॥ਰਹਾਉ॥**

*(ਪੰਨਾ ੨੦੨)*

ਸਦਾ ਉਸ ਦੀ ਯਾਦ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਜਲੰਧਰ : 20.2.78*

**ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥**

*(ਪੰਨਾ ੨੫੦)*

ਗੁਰਬਾਣੀ ਇੱਥੇ ਇਸ ਤੁਕ ਵਿਚ, ਪਦ 'ਸਗਲ' ਵਰਤ ਰਹੀ ਹੈ। ਭਾਵ ਹਰ ਇਕ ਮਨੋਰਥ ਭਾਵੇਂ ਪਰਮਾਰਥ ਹੈ, ਭਾਵੇਂ ਭਾਈਚਾਰਕ ਹੈ, ਭਾਵੇਂ ਹੋਰ ਦੁਨਿਆਵੀ ਹੈ-ਪੂਰੇ ਹੋ ਜਾਂਦੇ ਹਨ। ਪਰ ਸ਼ਰਤ ਇਹ ਹੈ ਕਿ ਇਕ ਪਾਰਬ੍ਰਹਮ, ਪਰਮੇਸ਼ਰ, ਸਰਬ ਵਿਆਪਕ, ਸਰਬ ਸਮਰੱਥ, ਅੰਤਰਜਾਮੀ, ਹਰ ਗਲੋਂ ਪੂਰਨ, ਜਗਤ ਪਿਤਾ ਦੀ ਸੇਵਾ ਕਰਨ ਵਾਲਿਆਂ ਦੇ, ਪਾਤਰ ਬਣਨ ਨਾਲ ਹੀ, ਸਗਲ ਮਨੋਰਥ ਪੂਰੇ ਹੋਣਗੇ। ਉਹ ਪ੍ਰਭੂ ਹਰ ਸ਼ੈ ਦਾ ਭੰਡਾਰ ਹੈ। ਧੰਨ ਹਨ ਉਹ, ਜੋ ਇਸ ਹੁਕਮ ਦੀ ਕਮਾਈ ਕਰਦੇ ਹਨ। ਪੂਜਨ ਜੋਗ ਹਨ ਉਹ, ਜਿਨ੍ਹਾਂ ਦਾ ਵਿਸ਼ਵਾਸ ਗੁਰਬਾਣੀ ਤੇ ਹੈ। ਉਨ੍ਹਾਂ ਦੇ ਦਰਸ਼ਨਾਂ ਨਾਲ, ਕਮਜ਼ੋਰ ਮਨ ਬਲਵਾਨ ਬਣਦਾ ਏ। ਮਨ ਵਿਚ ਦ੍ਰਿੜਤਾ ਬੱਝਦੀ ਏ। ਡੋਲਾਇਮਾਨਤਾ ਦੂਰ ਹੁੰਦੀ ਏ ਵਿਸ਼ਵਾਸ ਦੇ ਘਰ ਅਪੜੀਦਾ ਹੈ। ਨਾਮ ਦ੍ਰਿੜ ਹੁੰਦਾ ਏ।

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 4.5.78*

ਪ੍ਰੇਮ ਪਾਤੀ ਪੁੱਜੀ। ਮਕਾਨ ਬਣਾ ਲਵੋ। ਮਹਾਰਾਜ ਜੀ ਸਹਾਇਕ ਹਨ। ਤੁਸੀਂ ਚਿਤ ਬ੍ਰਿਤੀ-ਇਸ ਕੰਮ ਵਿਚ ਗਡਣੀ ਨਹੀਂ, ਇਸ ਨੂੰ ਸਹਜ ਸੁਭਾਇ ਹੋਣ ਦੇਣਾ ਏ। ਕਰਜ਼ੇ ਉਤਰਨ ਦੀ ਜ਼ਿਮੇਵਾਰੀ ਬੱਚਿਆਂ ਤੇ ਛੱਡਣੀ ਹੈ। ਕਾਕੇ, ਆਪ ਹੀ ਕਮਾ ਕੇ, ਕਰਜ਼ਾ ਉਤਾਰਦੇ ਰਹਿਣਗੇ। ਤੁਸੀਂ ਆਪਣੀ ਡਿਊਟੀ ਪੂਰੀ ਕਰ ਦੇਵੋ ਤੇ ਅਟੰਕ (Unattached) ਰਹੋ। ਜੇ ਇੰਜ ਨਾ ਕੀਤਾ ਤਾਂ ਪਰਮਾਰਥ ਵਿਚ ਵਿਘਨਕਾਰੀ ਪੈ ਜਾਣ ਦੀ ਸੰਭਾਵਨਾ ਹੈ। ਤਾਂ ਤੇ ਅਰਦਾਸਿ ਕਰਕੇ, ਕਾਰਜ ਨੂੰ ਪ੍ਰਾਰੰਭ ਕਰ ਦਿਉ। ਆਪਣੇ ਆਪ ਨੂੰ ਡਿਊਟੀ ਤਾਈਂ ਸੀਮਤ ਰੱਖਦੇ ਹੋਏ, ਆਪ ਨਿਰਲੇਪ ਰਹੋ। ਮਹਾਰਾਜ ਜੀ ਦੀ ਟੇਕ ਰੱਖੋ। ਰੋਜਾਨਾ ਅਰਦਾਸਿ ਵੀ ਕਰਨੀ ਏ ਕਿ ਸੱਚੇ ਪਾਤਸ਼ਾਹ ਬ੍ਰਿਤੀ ਨੂੰ ਅਟੰਕ ਰੱਖਣ। ਬ੍ਰਿਤੀ ਇਸ ਕੰਮ ਵਿਚ ਉਲਝੇ ਨਾ ਤੇ ਚੜ੍ਹਦੀਆਂ ਕਲਾਂ ਵਿਚ ਵਿਚਰਦੀ ਰਹੇ। ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ, ਸਰਬ ਸਮਰੱਥ ਦੀਆਂ ਬਖਸ਼ਿਸ਼ਾਂ ਹੋ ਰਹੀਆਂ ਹਨ।

**ਤਾ ਕਉ ਬਿਘਨੁ ਨ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ॥** *(ਪੰਨਾ ੭੧੪)*

ਸਦਾ ਚੜ੍ਹਦਿਆਂ ਕਲਾਂ ਵਿਚ ਵਿਚਰੋ।

✦ ✦ ✦

Dear Daughter Bonnie,

I am in receipt of your letter. The letter shows feeling of nervousness and also lack of confidence. There is no doubt that you will pass your final examinations with good position, may be on merit. So, please do not worry and do not take your mind in any kind of frustration; The All powerful, Supreme Creator , All Pervading and All Merciful is standing on your head :-

**ਸਿਰ ਊਪਰਿ ਠਾਢਾ ਗੁਰੁ ਸੂਰਾ ॥** *(ਪੰਨਾ ੨੯੩)*

So, what should you do now ?

Pray to Him daily.

During examintaion when you go to do your papers, you must start after praying to THAT MERCIFUL. You will be blessed and will get strength.

Whenever any thought of weakness comes to mind, please remember this :-

**ਸਿਰ ਊਪਰਿ ਠਾਢਾ ਗੁਰੁ ਸੂਰਾ ॥**
**ਨਾਨਕ ਤਾ ਕੇ ਕਾਰਜ ਪੂਰਾ ॥** *(ਪੰਨਾ ੨੯੩)*

Oh mind ! Why do you fear ? Why do you worry ? You will be protected by that All powerful Protector ! This will bring the mind in balance. For Daily prayer, please do this prayer :-

**ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥**
**ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥** *(ਪੰਨਾ ੬੭੪)*

Oh my father, I have taken your shelter, you alone, are my hope and are my helper friend, please protect me, my Merciful Protector ! I am your slave (Servant)".

Surely you will be protected. Dispel the anxiety from your mind.

✦ ✦ ✦

ੴ ਸਤਿਗੁਰ ਪ੍ਰਸਾਦਿ।। *2.6.78*

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

*(ਪੰਨਾ ੫੪੪)*

ਮਾਲਕ ਦਾ ਇਹ ਸੁਭਾਉ ਹੈ, ਜੋ ਉਸਦੀ ਸ਼ਰਨ ਆਉਂਦਾ ਹੈ, ਉਸ ਨੂੰ ਮਾਲਕ ਆਪਣੇ ਗਲੇ ਲਾਊਂਦਾ ਏ। ਇਹ ਮਾਲਕ ਦਾ ਸੁਭਾਉ ਹੈ। ਕਿੰਨੀ ਵੱਡੀ ਗਾਰੰਟੀ ਏ। ਸੋ ਸਦਾ ਹੀ ਉਸ ਦੀ ਸ਼ਰਨ ਵਿਚ ਰਹੀਏ। ਸਾਰੇ ਕਾਰਜ ਰਾਸ ਹੋਣਗੇ। ਮਨ ਵੀ ਕਦੇ ਡੋਲਾਇਮਾਨ ਨਹੀਂ ਹੋਸੀ।

ਸਦਾ ਨਾਮ ਜਪਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 17.7.78*

ਪਾਤੀ ਪੁਜੀ। ਅਰਦਾਸਿ ਕਰੀਏ। ਕਬੂਲ ਹੋਸੀ।

**ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ ॥**
**ਨਾਨਕ ਗਰੀਬ ਰਾਖਹੁ ਹਰਿ ਮੇਰੇ ॥**

*(ਪੰਨਾ ੫੬੧)*

**ਨਾਨਕੁ ਗਰੀਬੁ ਬੰਦਾ ਜਨੁ ਤੇਰਾ ॥**
**ਰਾਖਿ ਲੇਇ ਸਾਹਿਬੁ ਪ੍ਰਭੁ ਮੇਰਾ ॥** *(ਪੰਨਾ ੬੭੬)*

**ਨਾਨਕੁ ਗਰੀਬੁ ਢਹਿ ਪਇਆ ਦੁਆਰੈ ਹਰਿ ਮੇਲਿ ਲੈਹੁ ਵਡਿਆਈ ॥**

*(ਪੰਨਾ ੭੫੭)*

**ਹਮ ਤੇ ਕਿਛੂ ਨ ਹੋਇ ਮੇਰੇ ਸ੍ਵਾਮੀ ਕਰਿ ਕਿਰਪਾ ਅਪੁਨਾ ਨਾਮੁ ਦੇਹੁ ॥**

*(ਪੰਨਾ ੬੭੫)*

**ਕੁਚਿਲ ਕਠੋਰ ਕਪਟ ਕਾਮੀ ॥**
**ਜਿਉ ਜਾਨਹਿ ਤਿਉ ਤਾਰਿ ਸੁਆਮੀ ॥** *(ਪੰਨਾ ੧੩੦੧)*

**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥**

*(ਪੰਨਾ ੭੩੬)*

ਮਾਇਆ ਦੇ ਫਰਾਟੇ ਪੈ ਹੀ ਜਾਂਦੇ ਨੇ। ਚਿੰਤਾ ਦੀ ਲੋੜ ਨਹੀਂ। ਉਤਲੇ ਸਾਧਨ ਦੂਰ ਕਰ ਦੇਂਦੇ ਨੇ।

ਸਦਾ ਚੜ੍ਹਦੀਆਂ ਕਲਾਂ ਵਿਚ ਰਹਿਣਾ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਬੰਗਲੌਰ : 3.11.78*

ਤੁਹਾਡਾ ਖਤ ਕਲ ਸ਼ਾਮੀ ਮਿਲਿਆ। ਤੁਹਾਡੀ ਅੰਦਰ ਦੀ ਪ੍ਰਬਲ ਇੱਛਾ ਪੂਰੀ ਹੋ ਗਈ ਏ। ਹੁਣ ਤੁਸੀ ਦੋਵੇਂ ਤੇ ਭੈਣ ਜੀ, ਪੰਦਰਾਂ ਦਿਨ ਆਤਮਕ ਆਨੰਦ ਮਾਣਨਾ। ਗੁਰੂ ਪਾਤਸ਼ਾਹ ਦੋਵੇਂ ਪਾਸੇ-ਪਰਮਾਰਥ ਤੇ ਵਿਹਾਰਕ ਬਖਸ਼ਿਸ਼ ਕਰਨ। ਜਿਆਦਾ ਧਿਆਨ, ਆਤਮਕ ਉੱਨਤੀ ਵਲ ਰੱਖਣਾ ਚਾਹੀਦਾ ਏ। Business ਵਿਚ ਸੁਤੇ ਸਿਧ ਹੀ ਸਫਲਤਾ ਹੁੰਦੀ ਜਾਂਦੀ ਏ। ਇਹ ਵਾਹਿਗੁਰੂ ਜੀ ਦਾ ਅੱਟਲ ਨਿਯਮ ਹੈ। ਜੇ ਰੁੱਚੀ ਹਰ ਵੇਲੇ ਦੁਨਿਆਵੀ ਕਾਰ ਵਿਹਾਰ ਦੀ ਰਖੀਏ ਤੇ ਪਰਮਾਰਥ ਵੱਲ ਘੱਟ ਤਾਂ ਉਲਟ ਚੱਕਰ ਚਲ ਪੈਂਦਾ ਏ। ਤਾਂ ਤੇ ਇਹ ਅਰਦਾਸਿ ਕਰਦੇ ਰਹੋ :

**ਨਿਮਖ ਨ ਬਿਸਰਹਿ ਹਰਿ ਚਰਣ ਤੁਮ੍ਹਾਰੇ ॥**
**ਨਾਨਕ ਮਾਗੈ ਦਾਨੁ ਪਿਆਰੇ ॥** *(ਪੰਨਾ ੭੪੩)*

**ਕ੍ਰਿਪਾ ਨਿਧਾਨ ਨਾਨਕ ਕਉ ਕਰਹੁ ਦਾਤਿ ॥**
**ਨਾਮੁ ਤੇਰਾ ਜਪੀ ਦਿਨੁ ਰਾਤਿ ॥** *(ਪੰਨਾ ੭੪੦)*

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**
**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥** *(ਪੰਨਾ ੭੬੨)*

**ਸਾਧਸੰਗਿ ਪ੍ਰਭ ਦੇਹੁ ਨਿਵਾਸ ॥**
**ਸਰਬ ਸੂਖ ਨਾਨਕ ਪਰਗਾਸ ॥** *(ਪੰਨਾ ੨੯੦)*

ਤੇ ਇਹ ਵੀ ਰੋਜ਼ ਅਰਦਾਸਿ ਕਰਿਆ ਕਰੋ ਕਿ 'ਹੇ ਵਾਹਿਗੁਰੂ ਜੀ' ਹਉਮੈ ਤੋਂ ਬਚਾ ਕੇ ਰੱਖਣਾ ਜੀ। ਧਨ (Wealth) ਹਉਮੈ ਲਿਆ ਦਿੰਦਾ ਹੈ। ਇਸ ਤੋਂ ਸਦਾ ਸਾਵਧਾਨ ਰਹਿਣਾ।

ਸਤਿਸੰਗ ਦੀ ਵਾੜ ਵਿਚ ਸਦਾ ਰਹਿਣਾ। ਫਿਰ ਕੋਈ ਸ਼ੈ ਹਮਲਾ ਨਹੀਂ ਕਰ ਸਕਦੀ।

+ + +

ੴ ਸਤਿਗੁਰ ਪ੍ਰਸਾਦਿ।। *7.12.78*

ਪਾਤੀ ਮਿਲੀ। ਪ੍ਰਸੰਨਤਾ ਹੋਈ।

**ਪ੍ਰਭ ਕੈ ਸਿਮਰਨਿ ਦੂਖੁ ਜਮੁ ਨਸੈ ॥**

..................................

**ਪ੍ਰਭ ਕੈ ਸਿਮਰਨਿ ਦੁਸਮਨੁ ਟਰੈ ॥**
**ਪ੍ਰਭ ਸਿਮਰਤੁ ਸਛੁ ਬਿਘਨੁ ਨ ਲਾਗੈ ॥**

.....................................

**ਪ੍ਰਭ ਕੈ ਸਿਮਰਨਿ ਭਉ ਨ ਬਿਆਪੈ ॥**
**ਪ੍ਰਭ ਕੈ ਸਿਮਰਨਿ ਦੁਖੁ ਨ ਸੰਤਾਪੈ ॥**

*(ਪੰਨਾ ੨੬੨)*

ਕਿੰਨੀਆਂ ਸਪੱਸ਼ਟ ਗਾਰੰਟੀਆਂ ਹਨ। ਅਸੀਂ ਕਿਸ ਭੁਲੇਖਿਆਂ ਵਿਚ ਪੈ ਗਏ ਹਾਂ। ਗੁਰੂ ਸਾਹਿਬਾਂ ਦੇ ਪਵਿੱਤ੍ਰ ਹਿਰਦੇ ਵਿਚ, ਧੁਰੋਂ ਉਤਰੀ ਬਾਣੀ ਨੂੰ ਕੇਵਲ ਪੜ੍ਹ ਛੱਡਦੇ ਹਾਂ, ਪਰ ਜੀਵਨ ਵਿਚ ਨਹੀਂ ਘਟਾਉਂਦੇ। ਇਹ ਸਾਡੀ ਆਪਣੀ ਭੁੱਲ ਏ। ਜ਼ਰਾ ਕੁ ਔਕੜ ਪੈਣ ਤੇ ਖੋਤੇ ਨੂੰ ਪਿਉ ਬਣਾ ਲੈਂਦੇ ਹਾਂ। ਪੜ੍ਹੀ ਸੁਣੀ ਬਾਣੀ ਨੂੰ ਛਿੱਕੇ ਤੇ ਟੰਗ ਸੁਟਦੇ ਆਂ। ਇੰਜ ਕਰਨ ਨਾਲ ਸਦਾ ਦਾ ਖੇੜਾ, ਸਦਾ ਦੀ ਸ਼ਾਂਤੀ, ਸਦਾ ਦਾ ਰਹਸ, ਸਦਾ ਦੀਆਂ ਚੜ੍ਹਦੀਆਂ ਕਲਾਂ, ਸਦਾ ਦਾ ਹੁਲਾਸ, ਸਦਾ ਦੀ ਸਹਜ ਅਵਸਥਾ ਨਹੀਂ ਪ੍ਰਾਪਤ ਹੋ ਸਕਦੀ ਏ। ਤਾਂ ਤੇ ਸਾਨੂੰ ਚਾਹੀਦਾ ਹੈ ਕਿ ਗੁਰਬਾਣੀ ਅਨੁਸਾਰ ਜੀਵੀਏ। ਗੁਰਬਾਣੀ ਤੇ

ਵਿਸ਼ਵਾਸ ਰੱਖ ਕਰ ਗੁਰਬਾਣੀ ਨੂੰ ਜੀਵਨ ਵਿਚ ਘਟਾਈਏ। ਧੰਨ ਹਨ ਉਹ ਜੋ ਇਸ ਬਾਣੀ ਤੇ ਟੁਰਦੇ ਹਨ। ਤੁਸਾਂ application ਦੇ ਛੱਡੀ ਏ। ਫਲ ਦੀ ਆਸ ਨਹੀਂ ਰੱਖਣੀ। ਨਿਰੰਕਾਰ ਤੇ ਡੋਰੀ ਛੱਡਣੀ ਏ। ਅਰਦਾਸਿ ਇਹ ਹੀ ਕਰਨੀ ਏ :-

**ਸਾ ਵਡਿਆਈ ਦੇਹਿ ਜਿਤੁ ਨਾਮਿ ਤੇਰੇ ਲਾਗਿ ਰਹਾਂ ॥** *(ਪੰਨਾ ੬੬੦)*

ਸੰਸਾਰਕ ਮੰਗਾਂ ਮੰਗਦੇ ਮੰਗਦੇ ਜੀਵਨ ਬੀਤ ਜਾਂਦਾ ਏ, ਪਰ ਮੰਗਾਂ ਪੂਰੀਆਂ ਨਹੀ ਹੁੰਦੀਆਂ। ਤਾਂ ਤੇ ਪ੍ਰਭੂ ਤੇ, **ਪ੍ਰਭ ਡੋਰੀ ਹਾਥਿ ਤੁਮਾਰੇ ॥** *(ਪੰਨਾ ੬੨੭)* ਛਡਣੀ ਏ।

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : *14.12.78*

ਆਪ ਜੀ ਦੀ ਪਾਤੀ ਮਿਲੀ। ਇਸ ਵਿਚ ਸੰਦੇਹ ਨਾ ਸਮਝਣਾ। ਆਪ ਕਾ ਕੁਝ ਵੀ ਵਾਲ ਵਿੰਗਾ ਨਹੀਂ ਹੋਸੀ। ਵਾਹਿਗੁਰੂ ਜੀ ਦੀ ਬਖਸ਼ਿਸ਼ ਹੈ। ਉਸ ਤੋਂ ਵੱਡਾ ਕੌਣ ਹੈ, ਜੋ ਉਸ ਦੀ ਬਖਸ਼ਿਸ਼ ਟਾਲ ਸਕੇ ? ਨਿਸ਼ਚਿੰਤ ਨਾਮ ਬਾਣੀ ਦਾ ਅਭਿਆਸ ਕਰਦੇ ਰਹੋ। ਗੁਰੂ ਅੰਗ ਸੰਗ ਹਨ।

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥** *(ਪੰਨਾ ੩੯੪)*

**ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥** *(ਜਾਪੁ ਸਾਹਿਬ ਪੰਨਾ ੧੦)*

ਦਸਮ ਪਾਤਸ਼ਾਹ ਜੀ ਦਾ ਉਤਲਾ ਫੁਰਮਾਨ ਹੈ। ਅਰਥ ਹਨ ਹੇ ਅਭੰਗ (ਨਾ ਨਾਸ਼ ਹੋਣ ਵਾਲੇ) ਬਿਭੂਤੇ (ਸਾਰੇ ਐਸ੍ਵਰਜ, ਸੰਪਤੀਆਂ ਦੇਣ ਵਾਲੇ) ਆਪ ਸਦਾ ਅੰਗ ਸੰਗ ਹੋ।

ਹੁਣ ਮਨ ਨੂੰ ਉਤਲੇ ਪ੍ਰਮਾਨ ਨਾਲ ਹੋੜ ਕੇ ਰੱਖਣਾ। ਡਾਵਾਂ ਡੋਲ ਨਾ ਹੋਣ ਦੇਣਾ। ਸੁਖ ਮਿਲਸੀ।

ਸਦਾ ਖੇੜੇ ਵਿਚ ਵੱਸੋ।

✦ ✦ ✦

ਆਪ ਦੀ ਦਿੱਲੀ ਭੇਜੀ ਪੱਤ੍ਰਕਾ ਮਿਲ ਗਈ ਸੀ। ਹੁਣ ਦੂਜੀ ਪੱਤ੍ਰਕਾ 16 ਦਸੰਬਰ ਦੀ ਮਿਲ ਗਈ ਏ। ਅਸੀ 11-11 ਨੂੰ ਦਿੱਲੀ ਪੁੱਜ ਗਏ ਸਾਂ। ਤੇ ਉਸ ਰਾਤ ਤੋਂ ਪ੍ਰੋਗਰਾਮ ਸ਼ੁਰੂ ਹੋ ਗਏ ਤੇ 7-12 ਤਾਈਂ ਹੁੰਦੇ ਰਹੇ। ਪੰਦਰਾਂ ਦਿਨਾਂ ਲਈ ਸਵੇਰੇ ਤੇ ਸ਼ਾਮ ਬੰਗਲਾ ਸਾਹਿਬ ਹੁੰਦੇ ਰਹੇ। ਬਾਕੀ ਦਿਨ ਭਿੰਨ ਭਿੰਨ ਕਲੋਨੀਆਂ ਵਿਚ ਹੁੰਦੇ ਰਹੇ। ਸਾਰੇ ਪ੍ਰੋਗਰਾਮ ਪ੍ਰਭਾਵਸ਼ਾਲੀ ਰਹੇ। ਬਹੁਤ ਸੁੰਦਰ ਪਰਚਾਰ ਹੋਇਆ। 8-12 ਨੂੰ ਸਪਰੂਨ ਆ ਗਏ। ਹੁਣ ਏਥੇ ਫਰਵਰੀ ਦੇ ਅਖੀਰ ਤਾਈ ਆਰਾਮ ਕਰਾਂਗੇ ਤੇ ਫਿਰ ਅਗਲੇਰੇ ਪ੍ਰੋਗਰਾਮ ਨਿਭਾਵਾਂਗੇ। ਅੱਗੋ **ਜੋ ਤੁਧੁ ਭਾਵੈ ਸਾਈ ਭਲੀ ਕਾਰ॥ (ਪੰਨਾ ੩)** ਬੱਚੀ ਤੇ ਮਹਾਰਾਜ ਜੀ ਦੀ ਕ੍ਰਿਪਾ ਹੈ। ਹੋਰ ਹੋਸੀ। ਉਸਦੇ ਸਦਕੇ ਕਾਕੇ ਦਾ ਵੀ ਉਧਾਰ ਹੋ ਜਾਸੀ। ਕਾਕੇ ......... ਸਿੰਘ ਨੇ ਸੰਗਤਿ ਨਾਮ ਬਾਣੀ ਦੀ ਕੀਤੀ ਤੇ ਲਾਭ ਹੋਇਆ । Confirm ਹੋ ਗਿਆ ਏ। ਇਹ ਸਭ ਨਾਮ ਦੀ ਬਖਸ਼ਿਸ਼ ਹੈ। ਤੁਹਾਡੇ ਦੋਹਾਂ ਤੇ ਮਹਾਰਾਜ ਜੀ ਦੀ ਬਖਸ਼ਿਸ਼ ਹੈ। ਨਾਮ ਵੱਲ ਲੱਗੇ ਰਹੋ। ਹੋਰ ਬਖਸ਼ਿਸ਼ਾਂ ਹੋਸਨ। ਇਸ ਵਿਚ ਸੰਦੇਹ ਨਹੀਂ ਹੈ। ਉਤੋਂ ਹੁਕਮ ਹੈ। ਕਾਕਾ ........ ਨੂੰ ਵੀ ਲਿਖਣਾ ਕਿ ਨਾਮ ਬਾਣੀ ਦਾ ਲੜ ਕਦੇ ਨਾ ਛੱਡੇ। ਖੁਸ਼ੀਆਂ ਹੋਸਨ। ਪਰਮਾਰਥ ਤੇ ਵਿਹਾਰਕ ਸੁਖ ਮਿਲਸੀ।

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥**
**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥** *(ਪੰਨਾ ੧੩੬੬)*

**ਜਿਸੁ ਵਖਰ ਕਉ ਲੈਨਿ ਤੂ ਆਇਆ ॥**
**ਰਾਮ ਨਾਮੁ ਸੰਤਨ ਘਰਿ ਪਾਇਆ ॥** *(ਪੰਨਾ ੨੮੩)*

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

**ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥**
*(ਪੰਨਾ ੭੯੬)*

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥** *(ਪੰਨਾ ੩੨੨)*

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**
**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥** *(ਪੰਨਾ ੨੫੭)*

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : *1.1.79*

ਇਹ ਚਿੱਠੀ ਪੜ੍ਹ ਕਰ ਬੜੀ ਖੁਸ਼ੀ ਹੋਈ। ਮਹਾਰਾਜ ਜੀ ਦਾ ਕੋਟਾਨ ਕੋਟ ਸ਼ੁਕਰ ਹੈ। ਸ਼ੁਕਰ ਹੈ। ਤੁਹਾਡੀ ਭਾਵਨਾ ਪੂਰੀ ਹੋਈ। ਜੋ ਤੁਸੀ ਚਾਹੁੰਦੇ ਸੀ ਕਿ ਕਾਕਾ ............ ਵੀ ਇਸ ਪਾਸੇ ਲੱਗੇ।

ਭੈਣ ਜੀ ਨੂੰ, ਸਾਡੇ ਦੋਹਾਂ ਵਲੋਂ ਵਧਾਈ ਦੇਣਾ ਕਿ ਵਾਹਿਗੁਰੂ ਜੀ ਦੀ ਬਖਸ਼ਿਸ਼ ਹੋ ਰਹੀ ਹੈ। ਲੋਕ ਤਾਂ ਵਿਆਹ ਸ਼ਾਦੀਆਂ, ਮੁੰਡੇ ਦੇ ਜਨਮ ਦੀਆਂ ਵਧਾਈਆਂ ਦਿੰਦੇ ਹਨ। ਪਰ ਸਾਡੀ ਦਿਲੋਂ ਵਧਾਈ ਪਰਮਾਰਥ ਵਲ ਵਧਣ ਲਈ ਹੁੰਦੀ ਏ। ਇਸ ਵਧਾਈ ਵਿਚ ਤੁਸੀਂ ਦੋਵੇਂ ਸ਼ਾਮਲ ਹੋ। ਸੋ ਤਹਾਨੂੰ ਵੀ ਵਧਾਈ।

ਸਾਰੇ ਨਾਮ ਬਾਣੀ ਦਾ ਅਭਿਆਸ ਕਰਦੇ ਚਲੋ। ਗੁਰੂ ਮਿਹਰ ਕਰਸਨ।

**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**

*(ਪੰਨਾ ੪੯੬)*

ਸਦਾ ਨਾਮ ਜਪਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : *1.1.79*

ਬੜੀ ਚੰਗੀ ਗੱਲ ਹੈ ਜੋ ਆਪ ਜੀ ਨੂੰ ਹੁਣ ਪ੍ਰਤੀਤੀ ਹੋ ਰਹੀ ਹੈ ਕਿ ਜਦ ਤਾਈ ਗੁਰਬਾਣੀ ਨੂੰ ਜੀਵਨ ਵਿਚ ਨ ਘਟਾਟੀਏ ਤਦ ਤਾਈ ਮਨ ਬਲਵਾਨ ਨਹੀਂ ਹੋ ਸਕਦਾ। ਪਰਚਾ ਪੈਣ ਤੇ ਹੀ ਪਤਾ ਲੱਗਦਾ ਏ ਕਿ ਵਿਦਿਆਰਥੀ ਪਾਸ ਹੈ ਜਾਂ ਫੇਲ। ਬੁੱਧੀ ਦੀ ਪੱਧਰ ਤੇ ਜਾਣਿਆ ਗਿਆਨ ਬੇਅਰਥ ਹੈ, ਗੁਰਬਾਣੀ ਦੀ ਕਮਾਈ ਕਰਨੀ ਹੈ। ਤਾਂ ਤੇ ਪੂਰਾ ਬਲ-ਗੁਰਬਾਣੀ ਅਨੁਸਾਰ ਜੀਵਨ ਢਾਲਨ ਤੇ ਲਾਉਣਾ ਚਾਹੀਦਾ ਹੈ। ਘੰਟਾਂ ਜਾਂ ਦੋ ਘੰਟੇ ਹਰੀ ਜਸ ਸੁਣਨ ਜਾਂ ਕਰਨ ਨਾਲ ਤਾਂ ਹੀ ਲਾਭ ਹੈ ਕਿ ਜੇ ਅਸੀ ਦਿਨ ਵਿਚ, ਉਸ ਉਪਦੇਸ਼ ਨੂੰ ਜੀਵਨ ਵਿਚ ਘਟਾਈਏ।

**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥** *(ਪੰਨਾ ੯੮੨)*

**ਸਾਚੀ ਬਾਣੀ ਮੀਠੀ ਅਮ੍ਰਿਤ ਧਾਰ ॥**
**ਜਿਨਿ ਪੀਤੀ ਤਿਸੁ ਮੋਖ ਦੁਆਰ ॥** *(ਪੰਨਾ ੧੨੭੫)*

ਇਸ ਵਿਚ ਰਤਾ ਜਿੰਨਾਂ ਸੰਸਾ ਨਹੀਂ ਕਿ ਤੁਹਾਡੇ ਤੇ ਦਾਤੇ ਦੀ ਮਿਹਰ ਹੈ। ਤੁਹਾਡਾ ਵਾਲ ਵਿੰਗਾ ਨਹੀਂ ਹੋ ਸਕਦਾ। ਫਿਰ ਕਿਉਂ ਨਹੀਂ ਦ੍ਰਿੜਦਾ ਦੇ ਘਰ ਆਉਂਦੇ ? ਕਿਉਂ ਸਿਦਕ ਤੇ ਭਰੋਸੇ ਦੀ ਗੋਦ ਵਿਚ ਨਹੀਂ ਟਿਕਦੇ ? ਕਿਉਂ ਡੋਲਾਇਮਾਨ ਹੁੰਦੇ ਹੋ ? ਜਿਸ ਦੇ ਸਿਰ ਉੱਤੇ ਸਰਬ ਸ਼ਕਤੀਮਾਨ ਹੋਵੇ, ਉਸ ਨੂੰ ਕਾਹਦਾ ਡਰ ? ਐਵੇਂ ਦਿਲ ਨਾ ਛਡਿਆ ਕਰੋ। ਤੁਹਾਡੇ ਤੋਂ ਜਿਆਦਾ ਤਾਂ ਬੀਬਾ ਜੀ ਹਨ। ਉਨ੍ਹਾਂ ਨੂੰ ਵੇਖ ਕੇ ਹੀ ਮਨ ਨੂੰ ਲਾਹਨਤ ਪਾਇਆ ਕਰੋ। ਸੁਖ ਮਿਲਸੀ। ਬੰਦਾ ਖਤਮ ਹੋ ਜਾਂਦਾ ਏ ਪਰ ਉਹਦੀਆਂ ਬਗਰਲ;ਕਠਤ ਖਤਮ ਨਹੀ ਹੁੰਦੀਆਂ। ਕੀ ਗੱਲ ਠੀਕ ਨਹੀਂ ?

ਸਦਾ ਚੜ੍ਹਦੀਆਂ ਕਲਾਂ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਯੂ. ਐਸ. ਏ. 17.8.79*

ਆਪ ਦੀ ਪ੍ਰੇਮ ਪਾਤੀ ਪੁੱਜੀ। ਆਪ ਦੇ ਕੁਝ ਢਿੱਲੇ ਰਹਿਣ ਦੀ ਸੂਚਨਾ ਵੀ ਪੜ੍ਹੀ। ਵਾਸਤਵ ਵਿਚ ਆਪ ਨੂੰ Real Heart Attack ਨਹੀਂ ਸੀ। Gas ਕਰਕੇ ਦਿੱਲ ਉੱਤੇ Presssure ਨਾਲ ਦਰਦ ਤੇ ਤਕਲੀਫ ਸੀ। ਮਹਾਰਾਜ ਜੀ ਦੀ ਆਪ ਤੇ ਬਖਸ਼ਿਸ਼ ਹੈ। ਆਪ ਨਾਮ ਬਾਣੀ ਨਾਲ ਜੁੜੇ ਰਹੋ। Routine ਵਿਚ ਸਮਾਂ ਅਭਿਆਸ ਲਈ ਨਹੀਂ ਜ਼ਿਆਦਾ ਨਿਕਲਦਾ ਹੈ। ਸੋ ਇਸੇ ਬਹਾਨੇ ਆਪ ਜੀ ਦੀ ਸੁਰਤਿ ਪੱਕ ਰਹੀ ਹੈ। ਸ਼ੁਕਰ ਹੈ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ ਜੀ ਦਾ। ਸ਼ੁਕਰ ! ਸ਼ੁਕਰ !! ਸ਼ੁਕਰ !!!

ਸਤੰਬਰ ਦੇ ਪਹਿਲੇ ਹਫ਼ਤੇ ਦਿੱਲੀ ਪੁੱਜ ਜਾਂਵਗੇ। ਫਿਰ ਸਮਾਗਮ ਲਈ ਸਪੂਰਨ ਜਾਵਾਂਗੇ। ਸਮਾਗਮ 23.9. ਤੋਂ 7.10 ਤਾਈ ਹੈ। ਜਿਵੇਂ ਪਹਿਲੇ ਲਿਖਿਆ ਸੀ ਆਪ ਜੀ ਜਰੂਰ 2 ਦਿਨ ਪਹਿਲਾਂ ਸੋਲਨ ਪੁਜਣਾ ਜੀ। ਲਾਭ ਹੋਸੀ, ਦੁੱਖ ਕੱਟੇ ਜਾਸਨ। ਆਤਮਕ ਉੱਨਤੀ ਹੋਸੀ।

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥ *(ਪੰਨਾ ੬੪੨)*

ਮੁੜ ਜ਼ੋਰਦਾਰ ਸੁਝਾਵ ਭਰੀ ਬੇਨਤੀ ਹੈ ਕਿ ਜਰੂਰ ਸ਼ਾਮਲ ਹੋ ਕਰ ਲਾਭ ਉਠਾਓ।

ਸਦਾ ਖੇੜੇ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਪੱਤਰ ਮਿਤੀ 10.12.79 ਵਿਚੋਂ*

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥**

*(ਪੰਨਾ ੩)*

ਵਿਚ ਰਹਿਆ ਕਰੋ, ਸੁਖ ਹੋਸੀ।

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

ਇਸ ਤਰ੍ਹਾਂ ਨਾਮ ਜਪਿਆਂ ਵਿਘਨ ਨਹੀਂ ਹੁੰਦਾ। ਸਦਾ ਨਾਮ ਬਣੀ ਦੇ ਆਸਰੇ ਟਿਕੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 21.1.80*

ਪ੍ਰੇਮ ਪਾਤੀ ਪੁਜੀ।

ਹੁਣ ਇਨ੍ਹਾਂ ਦੀ ਸਿਹਤ ਅੱਗੇ ਨਾਲੋ ਚੰਗੀ ਹੋ ਰਹੀ ਹੈ। ਮਹਾਰਾਜ ਜੀ ਦੀ ਕਿਰਪਾ ਨਾਲ ਠੀਕ ਹੋ ਜਾਸਨ।

**ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥**

*(ਪੰਨਾ ੪੬੯)*

ਅਰਥ ਇਸ ਦਾ ਇਹ ਹੈ ਕਿ ਦੁਖ ਵਿਚ ਰੱਬ ਚੇਤੇ ਆਉਣ ਕਰਕੇ ਦੁਖ ਦੂਰ ਹੋ ਵੈਂਦਾ ਹੈ। ਪਰ ਸੁਖ ਵਿਚ ਰੱਬ ਭੁੱਲ ਜਾਂਦਾ ਏ, ਫਿਰ ਰੱਬ ਚੇਤੇ ਨਹੀਂ ਆਉਂਦਾ ਤੇ ਦੁੱਖ ਹੀ ਦੁੱਖ ਹੁੰਦਾ ਏ, ਤਾਂ ਤੇ ਹਰ ਹਾਲਤ ਵਿਚ ਵਾਹਿਗੁਰੂ ਜੀ ਦੀ ਯਾਦ ਵਿਚ ਦਮ-ਬ-ਦਮ ਦੀ ਯਾਦ ਵਿਚ ਰਹੀਏ। ਇਸ ਤੋਂ ਸਦਾ ਦਾ ਸੁਖ ਮਿਲਦਾ ਏ। ਕੋਈ ਵਿਘਨ ਨਹੀਂ ਪੈਦਾ । ਰੋਜ਼ਾਨਾ ਜ਼ਿੰਦਗੀ ਦੇ ਕੰਮ ਸੁਤੇ ਸਿਧ ਹੁੰਦੇ ਰਹਿੰਦੇ ਹਨ। ਭਾਣਾ ਮੰਨਣ ਦੀ ਸ਼ਕਤੀ ਪੈਦਾ ਹੋ ਵੈਦੀ ਹੈ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥**

*(ਪੰਨਾ ੩੨੨)*

ਸਦਾ ਖੇੜੇ ਵਿਚ ਵਸੋ।

✦ ✦ ✦

# (5)

# ਮਾਨਸਿਕ ਅਵਸਥਾ

ੴ ਸਤਿਗੁਰ ਪ੍ਰਸਾਦਿ।। *ਬਾੜੀ (ਧੌਲਪੁਰ) ਰਾਜਸਥਾਨ : 10.12.68*

ਪਾਤੀ ਪੁਜੀ। ਜੋ ਸੁਪਨੇ ਵਿਚ ਦਰਸ਼ਨ ਹੋਏ ਹਨ ਤੇ ਜਿਹੜੀ ਗੱਲ ਇਹ ਆਖੀ ਹੈ ਕਿ ''ਹਾਲਾਂ ਤਾਈ ਦਰਦ ਮੈਨੂੰ ਹੋ ਰਿਹਾ ਹੈ'' ਤੇ ਫਿਰ ਉਨ੍ਹਾਂ ਕੋਈ ਮਿੱਠੀ ਚੀਜ ਖਾਣ ਨੂੰ ਮੰਗੀ। ਇਹ ਚੀਜ ਤਾਂ ਨਾਮ ਰੂਪੀ ਮਿਠਾਈ ਹੈ। ਦਾਸ ਨੂੰ ਖੇਦ ਭਰੇ ਸ਼ਬਦਾਂ ਨਾਲ ਲਿਖਣਾ ਪੈਂਦਾ ਹੈ ਕਿ ਬੀਬੀ ........ ਕੌਰ ਨੇ ਜਿਹੜੇ ਵਾਇਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਤੇ ਸਨ, ਉਹ ਪੂਰੇ ਨਹੀਂ ਕਰ ਰਹੇ ਹਨ। ਇਕ ਦੋ ਦਿਨ ਪਹਿਲਾਂ ਪੂਰੇ ਕਰਦੇ ਰਹੇ ਤੇ ਮਨ ਨੂੰ ਸ਼ਾਂਤੀ ਵੀ ਆਈ ਤੇ ਮੋਹ ਦਾ ਜਾਲ ਵੀ ਕੁਝ ਟੁੱਟਿਆ ਪਰ ਹੁਣ ਉਹ ਸ਼ਬਦ ਦੀ ਅਰਾਧਨਾ ਤੋਤੇ ਰਟਨ ਵਾਂਗ ਕਰ ਰਹੇ ਹਨ। ਸ਼ਬਦ ਦੇ ਅਰਥ ਵਿਚ, ਮਨ ਨੂੰ ਨਹੀਂ ਜੋੜਦੇ। ਇਹ ਹੁਣ ਉਨਾਂ ਦੀ ਆਪਣੀ ਕਸਰ ਹੈ। ਇਸ ਨੂੰ ਪੂਰੀ ਕਰ ਲੈਣ ਤੇ ਬਚਨਾਂ ਉੱਤੇ ਪਹਿਰਾ ਦੇਣ ਤਾਂ ਸ਼ਾਂਤੀ ਹੋ ਸਕਦੀ ਹੈ। ਬੱਚਿਆਂ ਦੇ ਭਵਿੱਖ ਦੀ ਗੱਲ ਵੀ ਸੋਚਣ ਲੱਗ ਪਏ ਹਨ। ਇਹ ਬਚਨਾਂ ਦੀ ਉਲੰਘਣਾ ਹੈ। ਆਤਮਾ ਦਾ ਕੋਈ ਸਥੂਲ ਸਰੂਪ ਨਹੀਂ ਹੈ। ਦੇਹ ਵਿਚ ਹੀ ਆ ਕੇ ਦੱਸੇਗੀ ਤੇ ਜਾਗਰਤ ਅਵਸਥਾ ਵਿਚ ਬਿਨਾ ਦੇਹ ਬੋਲੇਗੀ।

ਆਪ ਜੀ ਦਾ ਮਨ ਹੁਣ ਐਨਾ ਨਹੀਂ ਦੌੜਦਾ, ਇਹ ਕ੍ਰਿਪਾ ਹੈ। ਹੋਰ ਮਿਹਰ ਹੋਸੀ। ......... ਸਿੰਘ ਦਾ ਸਮਾਂ ਵੀ ਨੌਕਰੀ ਬਾਰੇ ਨੇੜੇ ਹੀ ਪੁੱਜ ਰਿਹਾ ਹੈ। ਇਸ ਦੀ ਚਿੰਤਾ ਨਹੀਂ ਕਰਨੀ ਜੀ। ਰੋਜ਼ੀ ਦਾਤਾ ਪ੍ਰਭੂ ਜੀ ਆਪ ਹੀ ਹਨ।

ਸਦਾ ਨਾਮ ਬਾਣੀ ਨਾਲ ਬਣ ਆਏ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਬਾੜੀ (ਧੌਲਪੁਰ) ਰਾਜਸਥਾਨ : 25.1.70*

ਇਕ ਮਹੀਨੇ ਦੀ ਪ੍ਰਚਾਰ ਸੇਵਾ ਮਗਰੋਂ 20.1.70 ਨੂੰ ਪੁੱਜੇ। ਆਪ ਦੀਆਂ ਬਾੜੀ ਪਤੇ ਤੇ ਭੇਜੀਆਂ ਪਾਤੀਆਂ ਪੜ੍ਹੀਆਂ।

ਬੀਬੀ ਜੀ ਨੂੰ ਆਖਣਾ ਕਿ ਕੋਈ ਚਿੰਤਾ ਨਾ ਕਰਨ। ਹੁਣ ਆਤਮਾ ਅੱਗੇ ਨਾਲੋਂ ਸੁਖੀ ਹੈ। ਜਿਵੇਂ ਬੀਬੀ ਜੀ ਰਜ਼ਾ ਵਿਚ ਰਹਿਣਗੇ, ਉਹਨਾਂ ਦੀ ਆਤਮਾ ਸੁਖੀ ਹੋਸੀ।

ਭਾਣੇ ਅੰਦਰ ਵਿਚਰਨ ਤੇ ਨਿਰੰਕਾਰ ਜੀ ਖੁਸ਼ ਹੁਦੇ ਹਨ। ਆਪ ਜੀ, ਆਪਣੇ ਮਨ ਦਾ ਮੁਕਾਬਲਾ ਪਹਿਲੇ ਮਨ ਨਾਲ ਕਰੋ ਤਾਂ ਆਪ ਜੀ ਨੂੰ ਵਿਦਤ ਹੋ ਜਾਸੀ ਕਿ ਆਪ ਤਰੱਕੀ ਤੇ ਹੋ ਜਾ ਤਨੰਜਲੀ ਤੇ। ਆਪ ਦਾ ਪੰਜਾਂ ਮਹਾ ਬਲੀਆਂ ਉਤੇ ਹੁਣ Control ਬਹੁਤ ਹੋ ਗਿਆ ਹੈ। ਅੰਤਰ ਆਤਮੇ, ਰਸ ਭਰਪੂਰ ਹੈ। ਫਿਰ ਦਿਲਗੀਰੀ ਕਾਹਦੀ ? ਨਾਮ ਆਪ ਜੀ ਦੇ ਅੰਦਰ ਪ੍ਰਗਟ ਹੈ।

ਸਾਡੇ ਦੋਹਾਂ ਵਲੋਂ ਗੁਰ ਫਤਹਿ।।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 12.4.73*

ਪਾਤੀ ਪੁਜੀ। ...........

**ਤੁਮਰੀ ਸਰਣਿ ਤੁਮਾਰੀ ਆਸਾ ਤੁਮ ਹੀ ਸਜਨ ਸੁਹੇਲੇ ॥**
**ਰਾਖਹੁ ਰਾਖਨਹਾਰ ਦਇਆਲਾ ਨਾਨਕ ਘਰ ਕੇ ਗੋਲੇ ॥**

*(ਪੰਨਾ ੬੭੪)*

ਉਪਰਲੇ ਸ਼ਬਦ ਦੀ ਅਰਾਧਨਾ ਕਰੋ, ਮਨ ਟਿਕ ਜਾਸੀ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਨਿਯੂਯਾਰਕ : 21.8.73*

ਤੁਸੀ ਆਤਮਕ ਉੱਨਤੀ ਦੇ ਰਾਹ ਤੇ ਟੁਰਦੇ ਰਹੋ। ਇਹੀ ਅਰਦਾਸਿ ਹੈ। ਜਦ ਮਨ ਢਹਿੰਦੀਆਂ ਕਲਾਂ ਵਿਚ ਆ ਕੇ ਡੋਲੇ ਤਾਂ ਇਸ ਸ਼ਬਦ ਦਾ ਅਭਿਆਸ ਕਰਿਆ ਕਰੋ।

**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥**

*(ਪੰਨਾ ੨੫੬)*

ਫੇਰ ਮਨ ਚੜ੍ਹਦੀਆਂ ਕਲਾਂ ਵਿਚ ਆ ਜਾਊ। ਰਾਹ ਤਾਂ ਆਪ ਜੀ ਨੇ ਸਮਝ ਹੀ ਲਿਆ ਹੈ ਕਿ :-

**ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥**

*(ਪੰਨਾ ੫੧੫)*

ਤਾਂ ਤੇ ਇਸ ਦਾ ਅਭਿਆਸ ਕਰੀ ਚਲੋ, ਕੋਈ ਤੌਖਲਾ, ਕੋਈ ਫਿਕਰ, ਕੋਈ ਚਿੰਤਾ, ਕੋਈ ਕਾੜ੍ਹਾ, ਕੋਈ ਡਰ, ਕੋਈ ਵਹਿਮ, ਕੋਈ ਭਰਮ ਭਰਾਂਤੀ ਨਹੀਂ ਰਹੂ। ਫਿਰ ਇਸ ਰਾਹ ਨੂੰ ਕਿਉਂ ਛਡੀਏ ? ਜਿਸ ਰਾਹ ਤੇ ਟੁਰਿਆ ਸਦਾ ਦਾ ਖੇੜਾ, ਸਦਾ ਦੀ ਖੁਸ਼ੀ, ਸਦਾ ਦਾ ਆਨੰਦ, ਸੰਪੂਰਨ ਸ਼ਾਂਤੀ, ਸੰਪੂਰਨ ਹੁਲਾਸ, ਚਿਤ ਬਿਰਤੀ ਦਾ ਵਿਗਾਸ ਮਿਲਦਾ ਹੋਵੇ। ਤਾਂ ਤੇ ਮੁੜ ਸੁਝਾਵ ਭਰੀ ਬੇਨਤੀ ਹੈ ਕਿ ਨਾਮ ਬਾਣੀ ਦਾ ਅਭਿਆਸ ਨਾ ਛੱਡਣਾ ਜੀ।

ਤੁਸੀ ਹੁਕਮ ਅੰਦਰ ਰਹੋ। ਉਦਾਸ ਨਹੀਂ ਹੋਣਾ।

+ + +

ੴ ਸਤਿਗੁਰ ਪ੍ਰਸਾਦਿ।। *ਨਿਯੂਯਾਰਕ : 22.8.73*

ਆਪ ਦੀ ਪ੍ਰੇਮ ਪਾਤੀ ਪੁੱਜੀ। ਪ੍ਰਸੰਨਤਾ ਹੋਈ। **ਕਰਮਿ ਮਿਲੈ ਨਾਹੀ ਠਾਕਿ ਰਹਾਈਆ॥** *(ਪੰਨਾ ੯)* ਉਸ ਦੀ ਬਖਸ਼ਿਸ਼ ਨੂੰ ਕੋਈ ਮੇਟ ਨਹੀਂ ਸਕਦਾ।

**ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ ॥** *(ਪੰਨਾ ੭੫੦)*

ਬੰਦੇ ਦੀ ਕੀਤੀ ਮੇਹਰਬਾਨੀ ਦੂਜਾ ਬੰਦਾ ਭਾਵ ਉਸ ਤੋਂ ਵੱਡਾ ਬੰਦਾ ਮੇਟ ਸਕਦਾ ਹੈ, ਜਿਵੇਂ ਹੇਠਲੀਆਂ ਅਦਾਲਤਾਂ ਦੇ ਫੈਸਲੇ, ਉਤਲੀਆਂ ਰੱਦ ਕਰ ਦਿੰਦੀਆਂ ਹਨ। ਪਰ ਸੁਪਰੀਮ ਕੋਰਟ ਦੇ ਫੈਸਲੇ ਕੋਈ ਰੱਦ ਨਹੀਂ ਕਰ ਸਕਦਾ। ਇਵੇਂ ਹੀ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ ਦੀ ਬਖਸ਼ਿਸ਼, ਫਜ਼ਲ, ਕਰਮ, ਮਿਹਰ, ਕ੍ਰਿਪਾ, ਦੁਨੀਆਂ ਦੀ ਕੋਈ ਤਾਕਤ ਨਹੀਂ ਮੇਟ ਸਕਦੀ। ਫਿਰ ਦਲਗੀਰੀ ਦੇ ਢਹਿੰਦੀਆਂ ਕਲਾਂ ਕਿਉਂ ? ਫਿਰ ਇਹ ਚਿੰਤਾ, ਫਿਕਰ, ਤੌਖਲੇ ਤੇ ਡਰ ਕਿਉਂ ? ਜਦ ਮਨ ਇਨ੍ਹਾਂ ਗਲਾਂ ਵਲ ਜਾਏ ਤਾ ਇਹ ਅਰਦਾਸਿ ਸਫਲ ਹੁੰਦੀ ਹੈ। **ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥** *(ਪੰਨਾ ੨੫੬)* ਜਦ ਵੀ ਢੁਚਰੀ ਆਲਸੀ ਤੇ ਮਾਇਆ ਅਧੀਨ ਆਇਆ ਮਨ ਏਹੁ ਜਿਹੀਆਂ ਗਲਾਂ ਸੋਚੇ ਤਾਂ ਉਤਲੀ ਅਰਦਾਸਿ ਕਾਰਗਰ ਹੁੰਦੀ ਹੈ। ਲੋੜ ਪਏ ਤਾਂ ਵਰਤ ਲੈਣੀ ਜੀ। ਤਤਕਾਲ ਮਨ ਸਹਿਜ ਅਵਸਥਾ ਵਿਚ ਆ ਜਾਏਗਾ। ਆਪ ਜੀ ਤੇ ਬਖਸ਼ਿਸ਼

ਹੋ ਰਹੀ ਹੈ। ਤਾਂ ਤੇ ਸਦਾ ਸ਼ੁਕਰਾਨੇ ਵਿਚ ਮਨ ਨੂੰ ਰੱਖੀਏ ਤੇ ਜੋਦੜੀਆਂ ਤਰਲੇ, ਮਿੰਨਤਾਂ, ਬੇਨਤੀਆਂ ਤੇ ਅਰਦਾਸਾਂ ਕਰਦੇ ਰਹੀਏ। ਬਖਸ਼ਿਸ਼ ਲੈਣ ਦਾ ਰਾਹ ਹੀ ਇਹ ਹੈ। ਰਿਹਾ ਸਰੀਰ, ਇਹ ਬਿਨਸਨਹਾਰ ਹੈ, ਸਦਾ ਸਥਿਰ ਨਹੀਂ, ਜਰਜਰਾ ਹੈ। ਇਸ ਵਿਚ ਧਿਆਨ ਦੇਣ ਦੀ ਲੋੜ ਨਹੀਂ। ਜਿਨ੍ਹਾ ਵੀ ਸਰੀਰ, ਅਭਿਆਸ ਝੱਲੇ ਉਨ੍ਹਾਂ ਹੀ ਕਰੋ।

**ਏਕ ਚਿਤ ਜਿਹ ਇਕ ਛਿਨ ਧਿਆਇਓ ॥**
**ਕਾਲ ਫਾਸ ਕੇ ਬੀਚ ਨ ਆਇਓ ॥** *(ਪਾ: ੧੦ ਚੌਪਈ)*

ਆਪ ਜੀ ਤਾਂ ਸੈਕੜੇ ਛਿਨ ਧਿਆਉਂਦੇ ਹੋ। ਕੀ ਕਾਲ ਫਾਸ ਨਹੀਂ ਕਟਿਆ ਜਾਊ ? ਜਰੂਰ ਕਟਿਆ ਜਾਊ ਤੇ ਜਾ ਰਿਹਾ ਹੈ। ਅਭਿਆਸ ਦੇ ਲੰਬੇ ਸਮੇ ਵਾਸਤੇ ਵਿਆਕੁਲਤਾ ਨਹੀਂ ਕਰਨੀ। ਹੱਠ ਨਹੀਂ ਧਾਰਨਾ। ਸਹਿਜ ਵਿਚ ਜਿਨ੍ਹਾਂ ਅਭਿਆਸ ਨਾਮ ਬਾਣੀ ਦਾ ਹੋ ਸਕੇ ਕਰਦੇ ਜਾਉ। ਸਦਾ ਰੰਗ ਮਾਣੋ ਤੇ ਦਿਨ ਦੂਨੀ ਰਾਤ ਚੌਗਨੀ ਤਰਕੀ ਕਰਦੇ ਰਹੋ। ਇਹ ਹੀ ਅਸੀਸੜੀਆਂ ਹਨ।

ਸਦਾ ਚੜ੍ਹਦੀਆਂ ਕਲਾਂ ਵਿਚ ਵਿਚਰੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਨਿਯੂਯਾਰਕ : 22.8.73*

ਪ੍ਰੇਮ ਪਾਤੀ ਪੜ੍ਹੀ। ਵਿਆਕੁਲਤਾ ਵਿਚ ਜਾਣ ਦੀ ਲੋੜ ਨਹੀਂ। ਜਦ ਮਨ ਢਹਿੰਦੀਆਂ ਕਲਾਂ ਵਿਚ ਜਾਵੇ ਤਾਂ ਇਹ ਅਰਦਾਸਿ ਕਰਨੀ ਚਾਹੀਦੀ ਹੈ।

**ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥** *(ਪੰਨਾ ੨੫੬)*

ਚੜ੍ਹਦੀਆਂ ਕਲਾਂ ਮੁੜ ਆਉਂਣਗੀਆਂ। ਸੁਰਤਿ ਜੁੜ ਜਾਊ। ਸਤਿਸੰਗ ਇਸੇ ਲਈ ਹੈ, ਕਿ ਜਦ ਮਨ ਦੁੱਲਤੀਆਂ ਮਾਰੇ ਤਾਂ ਉਸ ਨੂੰ ਸਤਿਸੰਗ ਵਿਚ ਲੈ ਜਾਈਏ। ਤਾਂ ਤੇ ਨਾਮ ਕਮਾਈ ਸਮਾਗਮ ਰੱਖੇ ਜਾਂਦੇ ਨੇ। ਦਾਸ ਦੀਆਂ ਸ਼ੁੱਭ ਅਸੀਸੜੀਆਂ ਹਨ ਕਿ

**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**
*(ਪੰਨਾ ੪੯੬)*

ਤੁਸੀਂ ਲੱਗੇ ਰਹੋ, ਮਹਾਰਾਜ ਬਖਸ਼ਿਸ਼ ਕਰਦੇ ਰਹਿਣਗੇ। ਅਸੀ ਹਾਲਾਂ ਤਾਈ ਨਿਊਯਾਰਕ ਆਦਿ ਸ਼ਹਿਰਾਂ ਦੀ ਸੇਵਾ ਨਿਭਾਈ ਹੈ ਤੇ Washington ਵਿਚ ਸੇਵਾ ਨਿਭਾਉਣੀ ਹੈ।

**ਸੇਵਕ ਕਉ ਸੇਵਾ ਬਨਿ ਆਈ ॥** *(ਪੰਨਾ ੨੯੨)*

**ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)*

ਬੀਬੀਆਂ ਦੇ ਸਵੱਸਥ ਹੋਣ ਦੀ ਸੂਚਨਾ ਪ੍ਰਸੰਨਤਾ ਭਰੀ ਹੈ। ਉਹ ਨਾਮ ਜਪਦੀਆਂ ਰਹਿਣ, ਛੱਡਣ ਨਾ। ਸਦਾ ਚੜ੍ਹਦੀਆਂ ਕਲਾਂ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਵਾਸ਼ਿੰਗਟਨ : 18.1.74*

ਪਹਿਲੀਆਂ ਸਟੇਜਾਂ ਵਿਜ ਮਨ ਜਰੂਰ ਦੁਲੱਤੀਆਂ ਮਾਰਦਾ ਏ ਤੇ ਕਦੇ ਕਦੇ ਰੱਬ ਜੀ ਤੋਂ ਬੜੇ ਦੁਰਾਡੇ ਲੈ ਜਾਂਦਾ ਏ, ਤਾਂ ਤੇ ਇਸ ਤੋਂ ਸਾਵਧਾਨ ਰਹਿਣਾ ਹੀ ਚਾਹੀਦਾ ਹੈ। ਐਸੇ ਵੇਲੇ ਹੀ ਸਹੀ type ਦੀ ਸਤ ਸੰਗਤਿ ਦੀ ਲੋੜ ਹੈ। ਉਥੇ ਜਾ ਕਰ ਮਨ ਰੂਪੀ Discharged ਬੈਟਰੀ ਮੁੜ Charge ਹੋ ਜਾਂਦੀ ਹੈ। ਤੇ ਫਿਰ ਚੜ੍ਹਦੀਆਂ ਕਲਾਂ ਵਿਚ ਮਨ ਖੇਡਣ ਲਗ ਪੈਦਾ ਏ। ਤਾਂ ਤੇ **ਗੁਰ ਕੇ ਸ਼ਬਦ ਬਨਾਵਹੁ ਇਹੁ ਮਨੁ ॥** *(ਪੰਨਾ-੩੨੨)* ਇਸ ਤੇ ਹਰ ਸਮੇਂ ਪਹਿਰਾ ਦੇਣਾ ਹੀ ਇਸ ਮਨ ਨਾਲ Struggle ਹੈ। ਪਰ ਇਸ Struggle ਵਿਚ, ਮਨ ਜੇਤੂ ਪਹਿਲੀਆਂ ਸਟੇਜਾਂ ਤੇ ਹੋ ਜਾਂਦਾ ਏ, ਪਰ ਜੇ ਇਸ ਨੂੰ ਉਸੀ ਵੇਲੇ ਪੂਰਨ ਸਹੀ type ਦੀ ਸਤਸੰਗਤਿ ਵਿਚ ਲੈ ਜਾਈਏ। ਨਹੀਂ ਤਾਂ ਕਮਜ਼ੋਰ ਤੇ ਨਿਢਾਲ ਬਣ ਜਾਂਦਾ ਏ।

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥**

*(ਪੰਨਾ ੪੬੯)*

**ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥**

*(ਪੰਨਾ ੫੧੫)*

✦ ✦ ✦

ਗੁਰਬਾਣੀ ਦੋਵੇ ਪੱਖ ਦਰਸਾਂਦੀ ਏ ਕਿ :-

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥**

*(ਪੰਨਾ ੯੫੮)*

ਦੂਜਾ ਪੱਖ ਹੈ :-

**ਜੋ ਚਾਹਹਿ ਸੋਈ ਮਿਲੈ ਨਾਨਕ ਹਰਿ ਗੁਨ ਗਾਇ ॥** *(ਪੰਨਾ ੨੯੬)*

ਦੂਜੇ ਪੱਖ ਦੀ ਮੰਗ ਵਿਚ ਦੁਖ ਹੈ, ਤੇ ਪਹਿਲੀ ਮੰਗ ਵਿਚ ਸੁਖ। ਤਾਂ ਸੁਖ ਛੱਡ ਕੇ ਦੁੱਖ ਦੀ ਮੰਗ ਕਿਉਂ ਕਰੀਏ ? ਦੁਨੀਆਵੀ ਮੰਗ ਪੂਰੀ ਤਾਂ ਜਰੂਰ ਹੈ ਵੈਸੀ ਪਰ ਉਸ ਵਿਚੋਂ ਦੁਖ ਨਿਕਲੇਗਾ। ਉਸ ਦਾ ਜਿੰਮੇਵਾਰ, ਮੰਗ ਕਰਨ ਵਾਲਾ ਹੀ ਹੋਸੀ। ਨਿਰੰਕਾਰ ਜੀ ਨੂੰ ਫਿਰ ਦੋਸ਼ ਦੇਂਦਾ ਹੈ ਕਿ ਇੰਜ ਕਿਉਂ ਹੋਇਆ ? ਇਸ ਸ਼ਬਦ ਦਾ ਕੀਰਤਨ ਰੋਜ ਕਰਿਆ ਕਰੋ। ਮਨ ਜੁੜੇਗਾ, ਸੁਖ ਮਿਲਸੀ। ਸ਼ਬਦ ਇਹ ਹੈ :-

**ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥**
**ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ ॥ ਰਹਾਉ ॥**
**ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥**
**ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥ ੧ ॥**
**ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥**
**ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥ ੨ ॥**
**ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥**
**ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ ੩ ॥**
**ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥**
**ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥ ੪ ॥** *(ਪੰਨਾ ੭੧੨-੧੩)*

ਸਾਧ ਸੰਗਤਿ ਵਿਚ ਮਨ ਰੂਪੀ discharged ਬੈਟਰੀ charge ਹੁੰਦੀ ਹੈ। ਤਾਂ ਤੇ ਜਦ ਮਨ ਦੁਲੱਤੀਆਂ ਮਾਰੇ ਤੇ ਟਾਟਰਾ ਬਣ ਜਾਏ ਤਾਂ ਸਹੀ type ਦੀ ਸਾਧਸੰਗਤਿ

ਵਿਚ ਮਨ ਮੁੜ ਨਾਮ ਬਾਣੀ ਵਲ ਜਾਂਦਾ ਏ। ਤਾਂ ਤੇ ਇਹ ਗਲ ਸਦਾ ਚੇਤੇ ਰਖੀਏ। ਆਪ ਜੀ ਤੇ ਮਿਹਰ ਹੈ, ਕੀਰਤਨ ਵਿਚ ਜੁੜਿਆ ਕਰੋ, ਰਾਹ ਇਹੀ ਹੈ ਕਿ :-

**ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥**

*(ਪੰਨਾ ੫੫੭)*

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 13.11.74*

ਚਿੱਠੀ ਪੜ੍ਹੀ ਤੇ ਪ੍ਰਸੰਨਤਾ ਹੋਈ ਕਿ ਮਨ ਚੜ੍ਹਦੀਆਂ ਕਲਾਂ ਵਿਚ ਹੈ। ਲੱਖ ਲੱਖ ਸ਼ੁਕਰ ਹੈ। ਸਦਾ ਹੀ ਸ਼ੁਕਰਾਨੇ ਵਿਚ ਰਹੀਏ। ਹੋਰ ਵੀ ਵੱਧ ਸਮਾਂ ਮਿਲਿਆ ਕਰੂ। ਮਿਹਰਾਂ ਹਨ।

ਸਦਾ ਨਾਮ ਬਾਣੀ ਦੀ ਗੋਦ ਵਿਚ ਖੇਡੋ ਤੇ ਰੰਗ ਰਲੀਆਂ ਮਾਣੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 19.9.75*

**ਦੀਨ ਦਰਦ ਦੁਖ ਭੰਜਨਾ ਘਟਿ ਘਟਿ ਨਾਥ ਅਨਾਥ ॥**
**ਸਰਣਿ ਤੁਮ੍ਾਰੀ ਆਇਓ ਨਾਨਕ ਕੇ ਪ੍ਰਭ ਸਾਥ ॥**

*(ਪੰਨਾ ੨੬੩)*

ਦੇ ਸ਼ਬਦ ਦੀ ਅਰਾਧਨਾ ਕਰੋ, ਪਰ ਇਸ ਦਾ ਅਭਿਆਸ ਇਸ ਉਪਰਲੀ ਤੁਕ ਦੇ ਅਰਥਾਂ ਵਿਚ ਮਨ ਨੂੰ ਜੋੜ ਕਰ ਕਰਨਾ ਏ। ਭਾਵ Mechanical Repitition ਨਹੀਂ ਕਰਨੀ। ਅਰਥ ਇਹ ਹਨ-ਦੁਖੀਆਂ ਦੇ ਦੁਖਾਂ ਨੂੰ ਨਾਸ ਕਰਨ ਵਾਲੇ, ਹੇ ਘਟ ਘਟ ਵਾਸੀ, ਹੇ ਅਨਾਥਾਂ ਦੇ ਨਾਥ, ਅਸੀਂ ਆਪ ਦੀ ਸਰਣ ਆਏ ਹਾਂ। ਆਪ ਜੀ ਨੇ ਦੁਖ ਨਾਸ਼ ਕਰਨੇ, ਹੇ ਨਾਨਕ ਦੇ ਸੰਗੀ ਸਾਥੀ ਪ੍ਰਭੂ ! Depression ਠੀਕ ਹੋ ਜਾਸੀ। ਚਿੰਤਾ ਕਰਨ ਦੀ ਲੋੜ ਨਹੀਂ। ਅਭਿਆਸ ਲਈ ਸਮਾਂ ਵੱਧ ਤੋਂ ਵੱਧ ਦੇਣਾ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : *13.3.76*

ਅਸੀਂ ਇੱਥੇ ਮਹਾਰਾਜ ਜੀ ਦੀ ਕ੍ਰਿਪਾ ਦੁਆਰਾ ਰਾਜੀ ਖੁਸ਼ੀ ਪੁੱਜ ਗਏ ਹਾਂ ਹੁਣ 19 ਮਾਰਚ ਨੂੰ ਚੰਡੀਗੜ੍ਹ 15 ਦਿਨ ਦੀ ਸੇਵਾ ਨਿਭਾਉਣ ਲਈ ਜਾ ਰਹੇ ਹਾਂ। ਇਸ ਉਪਰੰਤ ਫਰੀਦਕੋਟ ਦੇ ਪ੍ਰੋਗਰਾਮ ਜਿਵੇਂ ਵੀ ਜਿਆਦਾ ਗਰਮੀ ਪੈਣ ਤਕ ਨਿਭਾਵਾਂਗੇ, ਅੱਗੇ **ਜੋ ਤੁਧੁ ਭਾਵੈ ਸਾਈ ਭਲੀ ਕਾਰ ॥** *(ਪੰਨਾ ੩)* ਜਿਵੇਂ ਕਿ ਹੁਣ ਮਨ ਮਹਾਰਾਜ ਜੀ ਦੀ ਬਖਸ਼ਿਸ਼ ਨਾਲ ਰਸ ਮਾਣ ਰਿਹਾ ਹੈ, ਏਵੇਂ ਹੀ ਸਦਾ ਰਸ ਮਾਣਦੇ ਰਹੋ। ਇਹ ਹੀ ਅਰਦਾਸਿ ਹੈ। ਸਾਰੇ ਪਰਿਵਾਰ ਨੇ 18 ਦਿਨ ਜੋ ਅਭਿਆਸ ਕੀਤਾ ਏ, ਇਹ ਨਿਸਫਲ ਨਹੀਂ ਜਾਸੀ ਤੇ ਰੰਗ ਲਗਿਆ ਰਹਿਸੀ। ਵੱਧ ਖੁਸ਼ੀ ਇਸ ਗੱਲ ਦੀ ਏ ਕਿ ਕਾਕਾ ਤੇ ਕਾਕੀ ਨੂੰ ਵੀ ਇਸ ਪਾਸੇ ਦੀ ਰੁਚੀ ਉਪਜ ਪਈ। ਉਨ੍ਹਾਂ ਨੂੰ ਆਖਣਾ ਕਿ ਇਹੀ ਪਾਸਾ ਸਦਾ ਸੁਖ ਦਾ ਹੈ ਤੇ ਹੋਰ ਸਾਰੇ ਪਾਸੇ ਦੁਖਦਾਈ ਨੇ।

ਸਦਾ ਰਸ ਭਰਪੂਰ ਰਹੋ ਤੇ ਕਦੀ ਵੀ ਨਾਮ ਬਾਣੀ ਦਾ ਲੜ ਨਾ ਛੱਡੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਡੇਹਰਾਦੂਨ :8.2.77*

ਮਨ ਰੂਪੀ ਤੰਦੂਰ ਵਿਚ ਜੇ ਨਾਮ ਰੂਪੀ ਬਾਲਨ ਦਾ ਝੋਕਾ ਨਾ ਪਾਈਏ ਤਾਂ ਨਾਮ ਰੂਪੀ ਰੋਟੀਆਂ ਨਹੀਂ ਉਤਰਦੀਆਂ। ਤੰਦੂਰ ਨਾਲ ਹੀ ਚਿੰਬੜੀਆਂ ਰਹਿੰਦੀਆਂ ਹਨ। ਤਾਂ ਤੇ ਰੋਟੀਆਂ ਲਾਹੁਣ ਲਈ, ਝੋਕਾ ਪਾਉਣਾ ਅਵੱਸ਼ ਹੈ। ਤੁਹਾਡੇ ਰੁਝੇਵੇ ਵਾਲੇ ਮਨ ਨੂੰ ਝੋਕੇ ਦੀ ਬਹੁਤ ਲੋੜ ਹੈ :-

**ਤੇਰਾ ਕੀਆ ਮੀਠਾ ਲਾਗੈ ॥**
**ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥** *(ਪੰਨਾ ੩੯੪)*

ਤਾਂ ਤੇ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦੇ ਭਾਣੇ ਅੰਦਰ ਰਹੀਏ ਤੇ ਸੁਖ ਮਾਣੀਏ। ਹੇ ਪ੍ਰਭੂ ! ਸਾਨੂੰ ਭਾਣੇ ਅੰਦਰ ਰਹਿਣ ਦਾ ਬਲ ਬਖਸ਼ ਤੇ ਸਾਡਾ ਮਨ ਕਦੇ ਡੋਲਾਇਮਾਨ ਨਾ ਹੋਵੇ। ਇਹ ਹੀ ਦਾਤ ਪ੍ਰਦਾਨ ਕਰ। ਦਾਤ ਪ੍ਰਦਾਨ ਕਰ। ਦਾਤ ਪ੍ਰਦਾਨ ਕਰ। ਤੇਰੀ ਸ਼ਰਨ ਵਿਚ ਸਦਾ ਟਿਕੇ ਰਹੀਏ ਭਾਵੇਂ ਮਾਰ ਭਾਵੇਂ ਜਿਵਾਲ।

ਸਦਾ ਚੜ੍ਹਦੀਆਂ ਕਲਾਂ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 24.8.77*

ਪਾਤੀ ਮਿਲੀ। ਮਨ ਨੂੰ ਦੁਖੀ ਕਰਨ ਦੀ ਲੋੜ ਨਹੀਂ। ਇਹ ਘਟਨਾ ਏਵੇਂ ਹੀ ਹੋਣੀ ਸੀ। ਪਾਪੀਆਂ ਨੂੰ ਅੱਵਸ਼ ਹੀ ਦੰਡ ਮਿਲੇਗਾ। ਇੱਥੇ ਵੀ ਤੇ ਪਰਲੋਕ ਵਿਚ ਵੀ। ਇਹ ਵਾਹਿਗੁਰੂ ਜੀ ਦਾ ਅੱਟਲ ਨੇਮ ਹੈ। ਕ੍ਰੋਧ ਕਰਨ ਤੇ ਆਪਣੇ ਹੀ ਮਨ ਦੀ ਸ਼ਾਂਤੀ ਖੋਈ ਜਾਂਦੀ ਏ, ਤੇ ਕ੍ਰੋਧ ਕਰੀਏ ਵੀ ਕਿਉਂ ? ਕ੍ਰੋਧ ਕਰਨ ਨਾਲ ਪਾਪੀਆਂ ਦੇ ਉੱਤੇ ਕੋਈ ਅਸਰ ਨਹੀਂ ਹੁੰਦਾ। ਕ੍ਰੋਧ ਕਾਇਆ ਨੂੰ ਗਾਲਦਾ ਏ। ਇਹ ਚਿੰਨ੍ਹ ਕਮਜ਼ੋਰੀ ਦਾ ਏ। ਤਾਂ ਤੇ ਇਸ ਤੋਂ ਬਚਣਾ ਹੀ ਚਾਹੀਦਾ ਏ। ਤਾਂ ਕਿ ਮਨ ਦਾ ਖੇੜਾ ਇਕ ਰਸ ਬਣਿਆ ਰਹੇ। ਵਾਹਿਗੁਰੂ ਜੀ ਦਾ ਅਟਲ ਕਾਨੂੰਨ ਆਪਣੇ ਆਪ ਪਾਪੀਆਂ ਦੀ ਖਬਰ ਲੈਂਦਾ ਏ। ਬੀਬਾ ਜੀ ਨੂੰ ਪ੍ਰਭੂ ਸ਼ਾਂਤੀ ਬਖਸ਼ਣ। ਤਾਂ ਤੇ ਅਰਦਾਸਿ ਦੇ ਸ਼ਬਦ ਪੜ੍ਹੋ, ਗਈ ਬ੍ਰਿਤੀ ਨੂੰ ਹੋੜ ਕੇ ਸ਼ਬਦ ਵਿਚ ਲਿਆਉ। **ਸ਼ਾਂਤਿ ਪਈ ਗੁਰਿ ਸਤਿਗੁਰਿ ਪੂਰੇ ॥** *(ਪੰਨਾ ੮੦੬)*

+ + +

ੴ ਸਤਿਗੁਰ ਪ੍ਰਸਾਦਿ।। *ਅੰਮ੍ਰਿਤਸਰ : 14.4.78*

ਹਾਲਾਂ ਆਪ ਜੀ ਦਾ ਮਨ ਕੱਚਾ ਹੈ। ਅੱਗੇ ਨਾਲੋ ਬਹੁਤ ਫਰਕ ਹੈ। ਪਰ ਵਿਚ ਵਿਚ ਫਰਾਟੇ ਮਾਰ ਜਾਂਦਾ ਏ। ਢਹਿੰਦੀਆਂ ਕਲਾਂ ਵਿਚ ਜਾਣ ਦੀ ਲੋੜ ਨਹੀਂ। ਤੁਰੰਤ ਬਾਣੀ ਨਾਲ ਮਨ ਨੂੰ ਸਮਝਾਉ ਤੇ ਆਖੋ ਕਿ ਮੇਰਾ ਕੁਝ ਵੀ ਕੋਈ ਵਿਗਾੜ ਨਹੀਂ ਸਕਦਾ। ਮੇਰੇ ਸਿਰ ਉੱਤੇ ਸਤਿਗੁਰੂ ਨਾਨਕ ਜੀ ਦਾ ਪਵਿੱਤਰ ਹੱਥ ਹੈ। **ਤਤੀ ਵਾਉ ਨ ਲਗਈ ਸਤਿਗੁਰਿ ਰਖੇ ਆਪਿ ॥** *(ਪੰਨਾ ੨੧੮)* ਇਹ ਤਾਂ ਨਿਸ਼ਚਿਤ ਜਾਣੋ ਕਿ ਤੁਹਾਡਾ ਕੋਈ ਕੁਝ ਨਹੀਂ ਵਿਗਾੜ ਸਕਦਾ। ਤਾਂ ਤੇ ਫੌਰਨ ਸਾਵਧਾਨ ਹੋ ਜਾਇਆ ਕਰੋ। ਰੋਜਾਨਾ ਕੀਰਤਨ ਸੁਣਨ ਦਾ ਅਭਿਆਸ ਨਹੀਂ ਛੱਡਣਾ।

ਸਦਾ ਖੇੜੇ ਵਿਚ ਵਸੋ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ *2.6.78*

ਪ੍ਰੇਮ ਪਾਤੀ ਪੁੱਜੀ।

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥** *(ਪੰਨਾ ੫੪੪)*

ਕਿੰਨੀ ਵਡੀ ਗਾਰੰਟੀ ਏ। ਇਸ ਸੱਚਾਈ ਨੂੰ ਕੋਈ ਵੀ ਪਰਖ ਕੇ ਵੇਖ ਸਕਦਾ ਏ। ਤਾਂ ਤੇ ਮਨ ਨੂੰ ਸਦਾ ਹੀ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ, ਸਦਾ ਸਥਿਰ, ਸਰਬ ਵਿਆਪਕ, ਨਿਰਭਉ, ਨਿਰਵੈਰ, ਅਮਰ ਹੋਂਦ (ਅਕਾਲ ਮੂਰਤਿ) ਅਜੂਨੀ, ਸੁਤੇ ਪ੍ਰਕਾਸ਼ ਦੀ ਸ਼ਰਨ ਵਿਚ ਰਖੀਏ।

ਇਹ ਫਰਾਟੇ ਤਦ ਹੀ ਲੱਗਦੇ ਹਨ, ਜਦ ਕਿ ਮਨ ਅਵੇਸਲਾ ਹੋ ਵੈਂਦਾ ਏ।

**ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥**
**ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥**

*(ਪੰਨਾ ੨੩)*

ਗੁਰੂ ਦੇ ਸ਼ਬਦ ਦਵਾਰਾ ਮਨ ਨੂੰ ਸਮਝਾਓ। ਰਾਮ ਦੇ ਨਾਮ ਵਿਚ ਪਿਆਰ ਨਾਲ ਰਤਿਆਂ, ਕਦੇ ਡਰ (ਭਾਰ) ਤੇ ਭਰਮ ਨਹੀਂ ਹੁੰਦਾ। **ਸਤਿਗੁਰਿ ਤੁਮਰੇ ਕਾਜ ਸਵਾਰੇ ॥** *(ਪੰਨਾ ੨੦੧)* ਮਹਾਰਾਜ ਜੀ ਕ੍ਰਿਪਾ ਕਰਨਗੇ। ਮਨ ਦਾ ਝੁਕਾਓ ਤੁਰੰਤ ਉਸ ਵਲ ਕਰ ਲਿਆ ਕਰੋ।

**ਖੜਗ ਕੇਤ ਮੈ ਸਰਣਿ ਤਿਹਾਰੀ ॥**
**ਆਪ ਹਾਥ ਦੈ ਲੇਹੁ ਉਬਾਰੀ ॥**
**ਸਰਬ ਠੌਰ ਮੋ ਹੋਹੁ ਸਹਾਈ ॥**
**ਦੁਸਟ ਦੋਖ ਤੇ ਲੇਹੁ ਬਚਾਈ ॥** *(ਪਾ: ੧੦, ਚੌਪਈ)*

ਸਦਾ ਖੇੜੇ ਵਿਚ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : *12.6.78*

ਪਾਤੀ ਪੁੱਜੀ।

**ਨਾਨਕ ਮਨੁ ਸਮਝਾਈਐ ਗੁਰ ਕੈ ਸਬਦਿ ਸਾਲਾਹ ॥**
**ਰਾਮ ਨਾਮ ਰੰਗਿ ਰਤਿਆ ਭਾਰੁ ਨ ਭਰਮੁ ਤਿਨਾਹ ॥** *(ਪੰਨਾ ੨੩)*

**ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥**

*(ਪੰਨਾ ੯੦੮)*

**ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥** *(ਪੰਨਾ ੬੮੮)*

ਤਾਂ ਤੇ ਸ਼ਬਦ ਦੀ ਓਟ ਲਵੋ ਤੇ ਉਤਲੀਆਂ ਪੰਗਤੀਆਂ ਨੂੰ ਵਰਤੋਂ ਵਿਚ ਲਿਆਓ। ਮਨ ਟਿਕ ਵੈਸੀ। ਅਰਦਾਸਿ, ਤਰਲੇ, ਬੇਨਤੀਆਂ, ਨਿਹੋਰੇ ਕੱਢਦੇ ਰਹੋ, ਇਸ ਨਾਲ ਬਖਸ਼ਿਸ਼ ਹੁੰਦੀ ਏ। ਹੋ ਵੈਸੀ।

ਹੋਰ ਸਭ ਡੋਰੀ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ, ਨਿਰੰਕਾਰ, ਸਰਬ ਸਮਰੱਥ, ਸਰਬ ਵਿਆਪਕ, ਦੁਖ ਭੰਜਨ, ਡਰ ਤੇ ਵੈਰ ਰਹਿਤ, ਅਮਰ ਤੇ ਅਜੂਨੀ ਦੇ ਹੱਥ ਛੱਡ ਦੇਵੋ। ਦੁੱਖ ਕਲੇਸ਼ ਦੂਰ ਹੋ ਵੈਸਨ **ਪ੍ਰਭ ਡੋਰੀ ਹਾਥਿ ਤੁਮਾਰੇ ॥** *(ਪੰਨਾ ੬੨੭)*।

ਸਦਾ ਨਾਮ ਬਾਣੀ ਨਾਲ ਰੰਗੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸੋਲਨ : 27.2.79*

ਮਨ ਦਾ ਲਗਾਤਾਰੀ ਪਰਵਾਹ, ਨਾਮ ਬਾਣੀ ਵਲ ਤਦੇ ਹੀ ਰਹਿ ਸਕਦਾ ਏ, ਜੇ ਰੁਝੇਵੇ ਐਨਾ ਦਬਾ ਨਾ ਪਾਉਣ ਕਿ ਇਹ ਅਸਲੀ ਕੰਮ ਤਾਂ ਰਹਿੰਦਾ ਜਾਏ ਤੇ ਮਨ ਦਲਗੀਰੀਆਂ ਵਿਚ ਔਖਾ ਪਇਆ ਹੋਵੇ। ਮਨ ਦੀ ਪਕੜ, ਇਨ੍ਹਾਂ ਵਿਚੋਂ ਤਦ ਹੀ ਹੱਟਦੀ ਏ ਜੇ ਸਭ ਕੁਝ, ਪ੍ਰਭੂ ਦੇ ਹੱਥ ਦੇ ਦੇਈਏ। ਆਪਹੁ ਕੁਝ ਨਾ ਬਣੀਏ। ਸਹਿਜ ਸੁਭਾਵ ਜੋ ਹੋ ਰਿਹਾ ਹੈ, ਉਸ ਨੂੰ ਹੋਣ ਦੇਈਏ। ਪਰ ਮਨ ਰੁਝੇਵਿਆਂ ਵਿਚ ਐਨਾ ਦਬੇਲ ਹੋਇਆ ਪਇਆ ਏ ਕਿ ਨਿਕਲਦਾ ਹੀ ਨਹੀਂ। ਇਸ ਨੂੰ ਕੱਢਣ ਦਾ ਉਪਾਵ ਕੇਵਲ ਇਹ ਹੀ ਹੈ ਕਿ ਗੁਰਬਾਣੀ ਤੇ ਅਮਲ ਕਰੀਏ। ਗੁਰਬਾਣੀ ਫੁਰਮਾਉਂਦੀ ਏ ਕਿ ਸਭ ਦ੍ਰਿਸ਼ਟਮਾਨ ਮਿਥਿਆ ਏ, ਕੂੜ ਏ, ਇਸ ਨਾਲ ਮੋਹ ਨਾ ਪਾ।

**ਦ੍ਰਿਸ਼ਟਿਮਾਨ ਹੈ ਸਗਲ ਮਿਥੇਨਾ ॥**

*(ਪੰਨਾ ੧੦੮੩)*

**ਜੋ ਦੀਸੈ ਸੋ ਚਾਲਨਹਾਰੁ ॥**
**ਲਪਟਿ ਰਹਿਓ ਤਹ ਅੰਧ ਅੰਧਾਰੁ ॥** *(ਪੰਨਾ ੨੬੮)*

ਜੇ ਤੁਸੀਂ ..... ਦੀ ਪੋਸਟ ਵੀ ਲੈ ਲਵੋਗੇ ਤਾਂ ਤੁਹਾਡਾ ਮਨ ਫਿਰ ਦੁਲਤੀਆਂ ਮਾਰੇਗਾ ਕਿ ........... ਦੀ ਛੱਡੀ ਕਿਉਂ ? ਮਨ ਨੇ ਚੈਨ ਕਰਕੇ ਨਹੀਂ ਬਹਿਣਾ।

ਤੁਸੀਂ ਕੇਵਲ ਆਪਣੀ ਡਿਊਟੀ ਤਾਈਂ, ਆਪਣੇ ਆਪ ਨੂੰ ਸੀਮਤ ਰੱਖੋ, ਬਸ ਇਸ ਤੋਂ ਵੱਧ ਨਹੀਂ। ਇਹ ਹੈ ਸੁਖ ਦਾ ਰਾਹ। ਨਹੀਂ ਤਾਂ ਹਉਮੈ ਦੀਆਂ ਖੇਡਾਂ ਹਨ। ਇਸ ਖੇਡ ਤੋਂ ਮਨ ਨੂੰ ਤੁਸੀਂ ਹੀ ਬਚਾਉਣਾ ਹੈ। ਉਹ ਹੈ ਗੁਰਬਾਣੀ ਤੇ ਅਮਲ। ਅਮਲ, ਤੁਸੀਂ ਕਰਨਾ ਏ।

ਸਦਾ ਖੇੜੇ ਵਿਚ ਵਸੋ।

\+ + +

ੴ ਸਤਿਗੁਰ ਪ੍ਰਸਾਦਿ।। *ਟੋਰੰਟੋ : 14.6.79*

ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਏ ਕਿ ਆਪ ਜੀ ਡੋਲਿਆ ਨਾ ਕਰੋ। ਜਦੋਂ ਮਨ ਡੋਲਦਾ ਏ ਤਾਂ ਇਸ ਤੁਕ ਦਾ ਅਭਿਆਸ ਕਰੋ :-

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥**

*(ਪੰਨਾ ੨੨੪)*

ਜੇ ਸਾਡੀ ਪੂਰਨ ਦ੍ਰਿੜ੍ਹਤਾ ਇਸ ਗੱਲ ਤੇ ਬੱਝ ਜਾਏ ਤੇ ਪੂਰਨ ਵਿਸ਼ਵਾਸ ਦੇ ਘਰ ਟਿਕੀਏ, ਤਾਂ ਹੀ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਹੁੰਦੀਆਂ ਨੇ, ਨਹੀਂ ਤਾਂ ਗੁਰੂ ਨਾਨਕ ਨਾਲ ਠਠਾ ਕਰਨਾ ਏ। ਗੁਰੂ ਤਾ ਅੰਤਰਜਾਮੀ ਏ। ਉਹ ਤਾਂ ਦਿਲਾਂ ਦੀਆਂ ਜਾਣਦਾ ਏ। ਤਾਂ ਤੇ ਸਿਦਕ ਤੇ ਭਰੋਸੇ ਵਿਚ ਰਹੀਏ, ਸਭ ਕਾਰਜ ਰਾਸ ਹੋ ਜਾਣਗੇ। ਬੀਬਾ ਨੂੰ ਆਖਣਾ ਕਿ ਨਾਮ ਬਾਣੀ ਦਾ ਲੜ ਨਾ ਛੱਡੇ। ਇਸ ਲੜ ਦੇ ਛੱਡਿਆ ਬਹੁਤ ਢਹਿੰਦੀਆਂ ਕਲਾਂ ਵਿਚ ਮਨ ਚਲਿਆ ਜਾਂਦਾ ਏ, ਐਸੀ ਅਵਸਥਾ ਵਿਚ ਅਰਦਾਸਿ ਵਿਚ ਜਾਣਾ ਚਾਹੀਦਾ ਏ। ਮਹਾਰਾਜ ਜੀ ਬਖਸ਼ਿਸ਼ਾਂ ਕਰ ਦੇਦੇ ਨੇ।

ਸਦਾ ਸਾਰੇ ਨਾਮ ਨਾਲ ਜੁੜੇ ਰਹੋ।

\+ + +

ੴ ਸਤਿਗੁਰ ਪ੍ਰਸਾਦਿ।। *ਵਾਸ਼ਿੰਗਟਨ : 17.8.79*

ਆਪ ਜੀ ਦੀ ਸਿਹਤ ਮਹਾਰਾਜ ਜੀ ਦੀ ਕ੍ਰਿਪਾ ਨਾਲ ਅੱਗੇ ਨਾਲੋਂ ਠੀਕ ਹੋਵੇਗੀ। ਸਰਬ ਰੋਗ ਕਾ ਅਉਖਧ ਨਾਮ ਹੈ। ਨਾਮ ਬਾਣੀ ਨਾਲ ਸਦਾ ਜੁੜੇ ਰਹੋ। ਇਹ ਹੀ ਇਕ ਅਧਾਰ ਹੈ। ਹੋਰ ਸਭ ਧੰਧੇ ਪਿਟਨੇ ਵਾਲੀ ਗੱਲ ਹੈ।

**ਧੰਧਾ ਪਿਟਿਹੁ ਭਾਈਹੋ ਤੁਮ੍ ਕੂੜੁ ਕਮਾਵਹੁ ॥**

*(ਪੰਨਾ ੪੧੮)*

ਆਸ ਹੈ .......... ਦੇ ਮਨ ਦੀ ਅਵਸਥਾ ਠੀਕ ਹੋਸੀ। ਜਦ ਮਨ ਢਹਿੰਦੀਆਂ ਕਲਾਂ ਵਿਚ ਜਾਏ ਤਾ ਅਰਦਾਸਿ ਬੜਾ ਕੰਮ ਕਰਦੀ ਏ। ਸੋ ਅਰਦਾਸਿ ਕਰਨੀ ਫਬਦੀ ਏ। ਹੋਰ ਕੋਈ ਚਾਰਾ ਨਹੀਂ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ *: 5.9.79*

**ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥**

*(ਪੰਨਾ ੭੨੪)*

**ਨਾ ਕਰਿ ਚਿੰਤ ਚਿੰਤਾ ਹੈ ਕਰਤੇ ॥**

*(ਪੰਨਾ ੧੦੭੦)*

**ਜੈ ਤਨਿ ਬਾਣੀ ਵਿਸਰਿ ਜਾਇ ॥**
**ਜਿਉ ਪਕਾ ਰੋਗੀ ਵਿਲਲਾਇ ॥** *(ਪੰਨਾ ੬੬੧)*

ਬੀਬਾ ਨੇ ਬਾਣੀ ਕਿਉਂ ਵਿਸਾਰ ਦਿੱਤੀ ਏ ? ਬਾਣੀ ਨੂੰ ਵਿਸਾਰਨ ਵਾਲਾ ਪੱਕੇ ਰੋਗੀ (ਜਿਸ ਦੇ ਰੋਗ ਦਾ ਇਲਾਜ ਨਾ ਹੋ ਸਕੇ) ਵਾਂਗ ਹੋ ਜਾਂਦਾ ਏ। ਤਾਂ ਤੇ ਸਾਵਧਾਨ ਹੋ ਕੇ ਗੁਰਬਾਣੀ ਨਾਲ ਜੁੜੋ। ਹੁਕਮ ਅਨੁਸਾਰ ਚੇਤਾਵਨੀ ਲਿਖੀ ਗਈ ਏ।

+ + +

ਅਸੀਂ ਕਲ ਸਵੇਰੇ ਸੋਲਨ ਜਾ ਰਹੇ ਹਾਂ, ਤੁਸੀਂ ਪਟਿਆਲੇ ਆਉਣ ਦੀ ਖੇਚਲ ਨਾ ਕਰਨੀ। ਜਨਵਰੀ ਤੇ ਫਰਵਰੀ ਸੋਲਨ ਹੀ ਰਹਾਂਗੇ। ਬੀਬਾ ਜੀ ਨੂੰ ਮੇਰੇ ਵਲੋਂ ਆਖਣਾ ਕਿ ਨਾਮ ਬਾਣੀ ਦਾ ਲੜ ਨਾ ਛੱਡੇ। ਜੋ ਸ਼ਬਦ ਮੈਂ ਦਸਿਆ ਸੀ, ਉਸ ਦਾ ਅਭਿਆਸ ਕਰੇ। ਮੁੜ ਉਹੀ ਅਵਸਥਾ ਹੋ ਜਾਸੀ, ਨਹੀਂ ਤਾਂ।

**ਪਉੜੀ ਛੁੜਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ ॥**

*(ਪੰਨਾ ੭੯੬)*

ਮੁੜ ਤਾਕੀਦ ਹੈ ਕਿ ਸ਼ਬਦ ਦੀ ਅਰਾਧਨਾ ਕਰੋ। ਮਨ ਠੀਕ ਹੋ ਜਾਸੀ।

\+ \+ \+

# (6)
# ਗੁਰਮੱਤਿ ਸਿਧਾਂਤ

ੴ ਸਤਿਗੁਰ ਪ੍ਰਸਾਦਿ।। *ਬਾੜੀ (ਧੌਲਪੁਰ) ਰਾਜਸਥਾਨ : 19.2.66*

ਪੱਤ੍ਰਕਾ ਪੁੱਜੀ। ਪ੍ਰਸੰਨਤਾ ਹੋਈ ਕਿ ਤੁਸੀਂ ਬਾਣੀ ਵੀਚਾਰ ਨਾਲ ਪੜ੍ਹਦੇ ਹੋ। ਭੱਟਾ ਦੇ ਸੱਵਈਏ, ਜੋ ਗਰੂ ਦਰਸ਼ਨ ਬਾਰੇ ਹਨ, ਉਹ ਵਿਰੋਧੀ ਭਾਵ ਰੱਖਣ ਵਾਲੇ ਨਹੀਂ ਹਨ।

**ਨਾਨਕ ਸੇ ਅਖੜੀਆ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥**

*(ਪੰਨਾ ੧੧੦੦)*

ਇਹ ਗਿਆਨ-ਅੱਖੀਆਂ ਹਨ। ਇਹ ਨੈਣ ਗੁਰੂ ਦੇ ਸ਼ਬਦ ਦੀ ਵੀਚਾਰ ਤੇ ਰਹਿਣੀ ਨਾਲ ਖੁਲ੍ਹਦੇ ਹਨ। ਇਨ੍ਹਾਂ ਗਿਆਨ ਚਖਸ਼ੂਆਂ ਨੂੰ ਖੋਲ੍ਹਣ ਲਈ ਗੁਰੂ ਦੇ ਸ਼ਬਦ ਨੂੰ ਜੀਵਨ ਵਿਚ ਘਟਾਉਣ ਦੀ ਲੋੜ ਹੈ। ਦੇਹ ਨੂੰ ਗੁਰਮੱਤਿ ਮਿਥਿਆ (ਝੂਠੀ) ਆਖ ਰਹੀ ਹੈ। ਇਸ ਵਿਚ ਜੋ ਰਾਮ ਵਸਦਾ ਹੈ, ਉਹਨੂੰ ਸੱਚਾ ਆਖ ਰਹੀ ਹੈ ਯਥਾ :-

**ਸਾਧੋ ਇਹੁ ਤਨੁ ਮਿਥਿਆ ਜਾਨਉ ॥**

**ਯਾ ਭੀਤਰਿ ਜੋ ਰਾਮ ਬਸਤੁ ਹੈ ਸਾਚੋ ਤਾਹਿ ਪਛਾਨੋ ॥ ੧ ॥ ਰਹਾਉ ॥**

*(ਪੰਨਾ ੧੧੮੬)*

ਮਿਥਿਆ ਦੀ ਪੂਜਾ ਨਾਲ ਮਿਥਿਆ ਵਸਤੂ ਹੀ ਪ੍ਰਾਪਤ ਹੋਸੀ। ਗੁਰੂ ਦੀ ਦੇਹ ਗੁਰੂ ਸ਼ਬਦ ਹੈ ਯਥਾ :-

**ਗੁਰੁ ਮੂਰਤਿ ਗੁਰ ਸ਼ਬਦ ਹੈ ॥**

*(ਭਾ: ਗੁਰਦਾਸ ਜੀ, ਵਾਰ ੨੪ ਪਉੜੀ ੨੫)*

ਸ਼ਬਦ ਦੀ ਵੀਚਾਰ ਦਰਸ਼ਨ ਹੈ। ਸ਼ਬਦ ਵਿਚ ਲੀਨ ਹੋ ਕਰ ਤਦ ਰੂਪ ਹੋ ਜਾਣਾ ਦਰਸ਼ਨ ਹੈ। ਦਸਾ ਪਾਤਸ਼ਾਹੀਆਂ ਨੂੰ ਸਾਰੇ ਜਗਤ ਨੇ ਵੇਖਿਆ। ਗੁਰੂ ਨਾਨਕ ਨੂੰ ਕੁਰਾਹੀਆ ਆਖਿਆ, ਮੁਕਤੀ ਨਹੀਂ ਮਿਲੀ। ਜਿਨ੍ਹਾਂ ਨੇ ਗੁਰ ਸ਼ਬਦ ਦੀ ਵੀਚਾਰ ਕੀਤੀ, ਉਨ੍ਹਾਂ ਨੂੰ ਮੁਕਤੀ ਮਿਲੀ ਹੈ। ਸਿਧਾਂਤ ਸਪੱਸ਼ਟ ਹੈ। ਗਿਆਨ ਦੀਆਂ ਅਖੀਆਂ ਖੁਲ੍ਹਣ ਤੇ

ਨਿਰੰਕਾਰ ਪ੍ਰਤੀਤ ਹੁੰਦਾ ਹੈ। ਵਾਹਿਗੁਰੂ ਜੀ Formless (ਨਿਰਆਕਾਰ) ਹਨ। ਗੁਰੂ ਜੋਤਿ ਹੈ ਦੇਹ ਨਹੀਂ।

**ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥**
**ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥**

*(ਪੰਨਾ ੧੪੦੯)*

ਜੋਤਿ ਕਰ ਕੇ ਗੁਰੂ ਅਰਜਨ ਪਰਤਖ ਹਰੀ ਰੂਪ ਹਨ। ਦੇਹ ਕਰਕੇ ਨਹੀਂ।

ਤੁਸੀਂ ਬਾਹਰ ਜਾਂਦੇ ਮਨ ਨੂੰ ਇਸ ਤੁਕ ਨਾਲ ਹੋੜਿਆ ਕਰੋ।

**ਹੇ ਕਾਮੰ ਨਰਕ ਬਿਸ੍ਰਾਮੰ ਬਹੁ ਜੋਨੀ ਭ੍ਰਮਾਵਣਹ ॥**
**ਚਿਤ ਹਰਣੰ ਤ੍ਰੈ ਲੋਕ ਗੰਮ੍ਯੰ ਜਪ ਤਪ ਸੀਲ ਬਿਦਾਰਣਹ ॥**

*(ਪੰਨਾ ੧੩੫੮)*

ਭਾਵ ਹੇ ਕਾਮ ! ਤੂੰ ਨਰਕ ਵਿਚ ਵਾਸਾ ਦੇਂਦਾ ਹੈ ਤੇ ਅਨੇਕ ਜੂਨੀਆਂ ਵਿਚ ਭਵਾਟੀਆਂ ਦੇਂਦਾ ਹੈ। ਬਦੋ ਬਦੀ ਚਿਤ ਨੂੰ ਹਿਰ ਲੈਂਦਾ ਹੈ। ਤੇਰਾ ਵਾਸਾ ਹਰ ਥਾਂ ਹੈ। ਜਪ, ਤਪ, ਕਰੈਕਟਰ ਨੂੰ ਮਿੰਟਾ ਸਕਿੰਟਾਂ ਵਿਚ ਨਾਸ ਕਰ ਦੇਂਦਾ ਹੈ। ਤਾਂ ਤੇ ਖਹਿੜਾ ਛੱਡ। ਫਿਰ ਦੱਸੀ ਹੋਈ ਬੇਨਤੀ ਕਰਿਆ ਕਰੋ।

ਸ਼ੁਭ ਅਸੀਸਾਂ ਤੇ ਪਿਆਰ। ਨਾਮ ਚਿਤ ਆਵੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ***28.6.66***

ਮਨ ਦੀ ਦਸ਼ਾ ਬਾਰੇ ਜੋ ਲਿਖਿਆ ਹੈ, ਉਸ ਦਾ ਕਾਰਣ ਜਿਆਦਾ ਸਮਾਂ ਦੂਜੇ ਪਾਸੇ ਲੱਗ ਜਾਣ ਕਰਕੇ ਹੈ।

ਗੁਰ ਸਿਧਾਂਤ ਫਿਰ ਨਿਰੂਪਣ ਕੀਤਾ ਜਾਂਦਾ ਹੈ।

**ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥** *(ਪੰਨਾ ੫੫੭)*

**ਬਿਨੁ ਉਪਮਾ ਜਗਦੀਸ ਕੀ ਬਿਨਸੈ ਨ ਅੰਧਿਆਰਾ ॥** *(ਪੰਨਾ ੨੨੮)*

ਤਾਂ ਤੇ ਇਸ ਸਿਧਾਂਤ ਨੂੰ ਸਦਾ ਚੇਤੇ ਰੱਖਦੇ ਹੋਏ ਤੇ ਇਸ ਦੀ back ground ਵਿਚ ਨਾਮ ਅਭਿਆਸ ਕਮਾਈ-ਮਨ, ਬਚ, ਕਰਮ ਕਰਕੇ ਕਰੀਏ। ਫਲ, ਮਨ ਦਾ ਟਿਕਾਓ ਹੋ ਕਰ, ਸਦਾ ਦਾ ਖੇੜਾ ਪ੍ਰਾਪਤ ਹੁੰਦਾ ਹੈ। ਕੁਝ ਸ਼ਬਦ ਹੇਠ ਅੰਕਤ ਹਨ :-

**ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ ॥**

*(ਪੰਨਾ ੮੦੨)*

**ਲਾਲ ਗੋਪਾਲ ਦਇਆਲ ਰੰਗੀਲੇ ॥**
**ਗਹਿਰ ਗੰਭੀਰ ਬੇਅੰਤ ਗੋਵਿੰਦੇ ॥** *(ਪੰਨਾ ੯੯)*

**ਨਾ ਕੋ ਮੂਰਖੁ ਨਾ ਕੋ ਸਿਆਣਾ ॥**
**ਵਰਤੈ ਸਭ ਕਿਛੁ ਤੇਰਾ ਭਾਣਾ ॥** *(ਪੰਨਾ ੯੮)*

**ਹੇ ਪ੍ਰਾਣ ਨਾਥ ਗੋਬਿੰਦਹ ਕ੍ਰਿਪਾ ਨਿਧਾਨ ਜਗਦ ਗੁਰੋ ॥**

*(ਪੰਨਾ ੧੩੫੮)*

**ਹੇ ਗੋਬਿੰਦ ਹੇ ਗੋਪਾਲ ਹੇ ਦਇਆਲ ਲਾਲ ॥**

*(ਪੰਨਾ ੧੨੭੩)*

**ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ ॥**

*(ਪੰਨਾ ੭੩੪)*

**ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥**

*(ਪੰਨਾ ੧੧੩੮)*

**ਮਿਠ ਬੋਲੜਾ ਜੀ ਹਰਿ ਸਜਣੁ ਸੁਆਮੀ ਮੋਰਾ ॥**

*(ਪੰਨਾ ੭੮੪)*

**ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ॥**

*(ਪੰਨਾ ੧੪)*

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥**
**ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥** *(ਪੰਨਾ ੧੦੩)*

**ਸੇਵਕ ਕੀ ਅਰਦਾਸਿ ਪਿਆਰੇ ॥**
**ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥ ੧ ॥ ਰਹਾਉ ॥** *(ਪੰਨਾ ੫੬੨-੫੬੩)*

ਸਦਾ ਨਾਮ ਚਿਤ ਰਹੇ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਬਾੜੀ (ਧੌਲਪੁਰ) : 14.11.68*

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥** *(ਪੰਨਾ੬੭੯)*

ਗੁਰਮੱਤਿ ਵਿਚ ਸੂਰੇ ਦੀ definition ਇਹ ਹੈ ਕਿ ਜਿਸ ਨੂੰ ਹਰੀ ਦਾ ਪ੍ਰੇਮ ਇਸ ਸੰਸਾਰ ਵਿਚ ਲੱਗ ਜਾਏ ਉਹ ਹੀ ਸੂਰਮਾ ਹੈ। ਰਣ ਭੂਮੀ ਵਿਚ ਲੜਾਕੂ ਸੂਰਮਾ ਨਹੀਂ।

**ਜਿਹ ਠਾਕੁਰ ਸੁਪ੍ਰਸੰਨੁ ਭਯੋ ਸਤਸੰਗਤਿ ਤਿਹ ਪਿਆਰੁ ॥** *(ਪੰਨਾ ੧੩੮੬)*

ਦੋਵੇ ਦ੍ਰਿਸ਼ਟੀਕੋਣਾਂ ਤੋਂ ਤੁਸੀਂ ਦੋਵੇਂ ਹੀ ਭਾਗਵਾਨ ਹੋ। ਮਿਹਰਾਂ ਦੇ ਸਾਂਈ ਹੋਰ ਮਿਹਰ ਕਰਨ।

**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**
*(ਪੰਨਾ ੪੯੬)*

✦ ✦ ✦

ੴ ਸਤਿਗੁਰ ਪ੍ਰਸਾਦਿ।। *ਬਾੜੀ (ਧੌਲਪੁਰ) : 10.12.69*

ਪ੍ਰੇਮ ਪਾਤੀ ਪੁੱਜੀ। Signal ਨਾ ਹੋਣ ਕਰਕੇ ਉੱਤਰ ਵਿਚ ਦੇਰੀ ਹੋ ਗਈ ਹੈ। ਹੁਣ ਉਤਰ ਹਾਜਰ ਹੈ। ਅਪ ਜੀ ਸਾਰਾ ਸ਼ਬਦ ਪੰਨਾ 685 ਤੋਂ ਵਿਚਾਰੋ :-

**ਗੁਰੁ ਸਾਗਰੁ ਰਤਨੀ ਭਰਪੂਰੇ ॥** *(ਪੰਨਾ ੬੮੫)*

ਇਨ੍ਹਾਂ ਉਤਲੀਆਂ ਪੰਗਤੀਆਂ ਨੂੰ Background (ਪਛੋਕੜਾ) ਬਣਾ ਕਰ ਵੀਚਾਰ ਧਾਰਾ ਕਾਇਮ ਕਰਦੇ ਹੋਏ :-

**ਜਤੁ ਸਤੁ ਸੰਜਮੁ ਰਿਦੈ ਸਮਾਏ ॥**
**ਚਉਥੇ ਪਦ ਕਉ ਜੇ ਮਨੁ ਪਤੀਆਏ ॥** *(ਪੰਨਾ ੬੮੬)*

ਦੇ ਅਰਥ ਕਰਨੇ ਹਨ। ਉਤਲੇ ਸ਼ਬਦ ਵਿਚ :-

**ਪ੍ਰੇਮ ਭਗਤਿ ਕਰਿ ਸਹਜਿ ਸਮਾਇ ॥**

*(ਪੰਨਾ ੬੮੫)*

ਦਾ ਸਿਧਾਂਤ ਹੈ। ਗੁਰਮੱਤਿ ਕੇਵਲ ਪ੍ਰੇਮਾ ਭਗਤੀ ਦ੍ਰਿੜਾਉਂਦੀ ਹੈ। ਕਰਮ ਕਾਂਡ, ਪੁੰਨ, ਦਾਨ, ਜਪ, ਤਪ, ਹੱਠ, ਨਿਗ੍ਰਹ, ਬਰਤ, ਨੇਮ, ਸੰਜਮ, ਤੀਰਥ, ਇਸ਼ਨਾਨ, ਮੋਨ, ਸਿਰ ਕਰਵਤ ਧਰਾਨੇ, ਪੂਜਾ, ਬੰਦਨ, ਡੰਡੋਉਤ, ਖਟ ਕਰਮ, ਜੋਗ, ਸਿਧ ਆਸਣ ਚਉਰਾਸੀਹ-ਇਤਿਆਦਿ, ਗੁਰਮੱਤਿ ਖੰਡਨ ਕਰਦੀ ਹੈ। ਤਾਂ ਤੇ ਇਨ੍ਹਾਂ ਦੀ ਗੁਰਮੱਤਿ ਵਿਚ ਕੋਈ ਥਾਂ ਨਹੀਂ। ਇਨ੍ਹਾਂ ਦਾ ਗੁਰਮੱਤਿ ਅੱਧੀ ਕਉਡੀ ਮੁਲ ਪਾਉਂਦੀ ਹੈ। ਕੇਵਲ ਰੱਬ ਜੀ ਦੀ ਪ੍ਰੇਮਾ ਭਗਤੀ ਹੀ ਨਿੱਜ ਸਰੂਪ ਦੀ ਲਖਤਾ ਕਰਾਊਂਦੀ ਹੈ। ਹੋਰ ਕੋਈ ਸਾਧਨ ਨਹੀਂ।

**ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕਿਓ ਤਿਨ ਹੀ ਪ੍ਰਭ ਪਾਇਓ ॥**

*(ਤਵ ਪ੍ਰਸਾਦਿ ਸਵੱਈਏ ਪਾ :੧੦)*

ਕਰਮ ਕਾਂਡ ਨੂੰ ਗੁਰਮੱਤਿ ਕੀਚੜ ਆਖਦੀ ਹੈ। ਇਸ ਮਲ ਰੂਪੀ ਹਉਮੈ ਦੇ ਕੀਚੜ ਵਿਚ ਲੋਕਾਈ ਡੁੱਬਦੀ ਪਈ ਹੈ। ਯਥਾ :-

**ਕੀਚੜਿ ਭੂਬੈ ਮੈਲੁ ਨ ਜਾਇ ॥**

*(ਪੰਨਾ ੬੮੫)*

ਇਸਦੇ ਉਲਟ ਗੁਰਮੁਖਿ ਆਪਣੇ ਜੀਵਨ ਨੂੰ ਗੁਰੂ ਆਸ਼ੇ ਬਣਾਉਂਦਾ ਹੋਇਆ ਹਰ ਇਕ ਪੈਰ, ਸੋਚ ਤੇ ਵੀਚਾਰ ਨਾਲ ਉਠਾਉਂਦਾ ਹੈ। ਤੇ ਕਾਰ ਵਿਹਾਰ ਕਰਦਾ ਹੈ। ਉਹ ਗੁਰਮੁਖਿ ਦਵੈਸ਼ ਬੁੱਧੀ ਨੂੰ ਤਿਆਗ ਕੇ, ਨਿਰੰਕਾਰੀ ਭਾਵ ਨਿਰੰਕਾਰ ਦੇ ਬਣਨ ਦੀਆਂ ਜੋਦੜੀਆਂ ਕਰਦਾ ਹੈ ਤੇ ਤਰਲੇ, ਮਿੰਨਤਾਂ ਕਰਦਾ ਹੋਇਆ ਸਦਾ ਅਰਦਾਸਿ ਵਿਚ ਜੁੜਿਆ ਰਹਿੰਦਾ ਹੈ। ਹੋਰ ਅਨੇਕ ਯਤਨ ਭਰੇ ਸਾਧਨ ਪਏ ਕਰੀਏ, ਪਰ ਇਨ੍ਹਾਂ ਨਾਲ ਜਨਮ ਮਰਨ ਨਹੀ ਕਟੀਜ ਸਕਦਾ।

**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਗਾਤੀ ਲੂਟੇ ॥** *(ਪੰਨਾ ੭੪੭)*

ਇਨ੍ਹਾਂ ਦੇ ਵਿਪਰੀਤ ਜੇ ਕੇਵਲ ਪ੍ਰੇਮਾ ਭਗਤੀ ਵਿਚ ਜੁੜੀਏ ਤਾਂ ਮਨ ਵਿਚ ਸਮਾਈ ਹੋ ਜਾਂਦੀ ਹੈ। ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦਾ ਨਾਮ ਜੇ ਹਿਰਦੇ ਵਿਚ ਸਮਾ ਜਾਏ ਤਾਂ ਸਾਰੇ ਜਤੁ, ਸਾਰੇ ਸਤ ਤੇ ਸਾਰੇ ਸੰਜਮ ਸਮਝੋ ਕਰ ਲਏ। ਇਹ ਹੀ ਹਿਰਦੇ ਵਿਚ ਉਸ ਨੂੰ ਵਸਾਉਣਾ ਜਪ, ਤਪ ਤੇ ਸੰਜਮ ਹਨ। ਹੋਰ ਕੋਈ ਨਹੀ। ਫਿਰ ਜਗਿਆਸੂ ਦਾ ਮਨ ਤ੍ਰੈਗੁਣ-ਰਜੋਗੁਣ, ਤਮੋਗੁਣ, ਸਤੋਗੁਣ ਤੋ ਉਠ ਕਰ ਚਉਥੈ ਪਦ ਸਹਜ ਵਿਚ ਜਾ ਟਿਕਦਾ ਹੈ। ਗੁਰੂ ਦੇ ਸ਼ਬਦ ਦਵਾਰਾ ਉਸਦੇ ਭਰਮ ਤੇ ਡਰ ਭੱਜ ਜਾਂਦੇ ਹਨ। ਜਿਵੇਂ ਕਿ ਆਪ ਜੀ ਦੇ ਨੱਠ ਗਏ ਹਨ। ਨਾਨਕ ਉਸ ਸੱਚੇ ਸਰੂਪ ਵਾਲੇ ਹਰੀ ਨੂੰ ਮੰਗਦਾ ਹੈ, ਜੋ ਸੁਹਣੇ ਰੂਪ ਵਾਲਾ ਹੈ ਤੇ ਸਭ ਤੋਂ ਮੁੱਢਲੀ ਹਸਤੀ ਤੇ ਉਪਮਾ ਤੋਂ ਪਰੇ ਹੈ।

**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥**

*(ਪੰਨਾ ੪੯੬)*

✦ ✦ ✦

**ੴ** ਸਤਿਗੁਰ ਪ੍ਰਸਾਦਿ।। *ਬਾੜੀ (ਧੌਲਪੁਰ) : 20.3.70*

ਜੋ ਨਿਤ ਦਾ ਪ੍ਰੋਗਰਾਮ ਲਿਖਿਆ ਹੈ, ਸੋ ਬਿਲਕੁਲ ਠੀਕ ਹੈ। ਕੋਈ ਸੰਸੋਧਨ ਨਹੀ ਕਰਨ ਦੀ ਲੋੜ। ਉਸ ਸਿਰਜਨਹਾਰ, ਪਾਲਣਹਾਰ, ਬਖਸ਼ਣਹਾਰ ਤੇ ਨਿਰੰਕਾਰ ਨੂੰ ਸਦਾ ਚੇਤੇ ਵਿਚ ਰੱਖਣਾ ਹੈ। ਵਿਸਾਰਣਾ ਨਹੀਂ। ਬਾਣੀ ਦੁਆਰਾ, ਕਰਮਾਂ ਦੁਆਰਾ, ਹਰ ਵੇਲੇ ਉਸ ਦੀ ਯਾਦ ਜਿਵੇਂ ਵੀ ਹਿਰਦੇ ਵਿਚ ਟਿਕੇ, ਟਿਕਾਉਣੀ ਹੈ। ਵਾਹੁ ਵਾਹੁ ਪਦ ਸਿਫਤਿ ਸਲਾਹ ਹੈ। ਇਸ ਵਾਹੁ ਵਾਹੁ ਪਦ ਦੇ ਜਾਪ ਨਾਲ ਮਨ ਨਿਰਮਲ ਹੋ ਜਾਂਦਾ ਹੈ ਤੇ ਹਉਮੈ ਦੂਰ ਹੋ ਜਾਂਦੀ ਹੈ। ਕੇਵਲ ਅਰਦਾਸਿ ਤੇ ਉਸ ਦੀ ਸਿਫਤਿ ਸਲਾਹ ਹੀ ਮਨ ਤੋ ਧੋਖਾ, ਜੋ ਮਾਇਆ ਕਰ ਕੇ ਪਇਆ ਹੋਇਆ ਹੈ, ਦੂਰ ਕਰਦੀ ਹੈ ਤੇ ਅੰਤਰ ਆਤਮੇ ਪ੍ਰਭੂ ਦਾ ਪਿਆਰ ਉਪਜ ਪੈਂਦਾ ਹੈ। ਇਕ ਅਲੌਕਿਕ ਅਕੱਥ ਰਸ ਨਿਰੰਤਰ ਪੈਣ ਲੱਗ ਜਾਂਦਾ ਹੈ। ਇਹ ਰਸ ਫਿਰ ਛੱਡਿਆ ਨਹੀਂ ਜਾਂਦਾ ਤੇ ਇਸ ਬਿਨਾਂ ਜਗਿਆਸੂ ਤੜਪ ਉਠਦਾ ਹੈ, ਬਿਲਲਾਹਟ ਕਰਦਾ ਹੈ, ਤਰਲੇ ਲੈਂਦਾ ਹੈ, ਜੋਦੜੀਆਂ ਕਰਦਾ ਹੈ, ਹਰ ਵੇਲੇ ਗੁਰਬਾਣੀ ਦਾ ਅਭਿਆਸ ਤੇ ਗੁਰਬਾਣੀ ਨਾਲ ਨਾਮ ਜਪਦਾ ਹੈ। ਗੁਰਬਾਣੀ ਹੀ ਨਾਮ ਹੈ।

**ਗੁਰਮੁਖਿ ਬਾਣੀ ਨਾਮੁ ਹੈ** *(ਪੰਨਾ ੧੨੩੯)*

ਗੁਰਬਾਣੀ ਹੀ ਬ੍ਰਹਮ ਹੈ।

**ਗੁਰਮੁਖਿ ਬਾਣੀ ਬ੍ਰਹਮੁ ਹੈ** *(ਪੰਨਾ ੩੯)*

ਗੁਰਬਾਣੀ ਹੀ ਨਿਰੰਕਾਰ ਹੈ।

**ਵਾਹੁ ਵਾਹੁ ਬਾਣੀ ਨਿਰੰਕਾਰ ਹੈ** *(ਪੰਨਾ ੫੧੫)*

ਗੁਰਬਾਣੀ ਹੀ ਸਤਿ ਸਰੂਪ ਹੈ।

**ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ** *(ਪੰਨਾ ੩੦੪)*

ਨਾਮੁ ਤੇ ਬਾਣੀ ਇਕ ਹਨ। ਕਦੇ ਭੁਲੇਖਾ ਨਾ ਖਾਣਾ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *(ਸ਼ਿਮਲਾ ਹਿਲਸ) : 13.11.72*

ਅਜ ਸਵੇਰੇ ਤੁਹਾਡੇ ਦਰਸ਼ਨ ਹੋਏ। ਮਨ ਦੀ ਦਯਾ ਦਾ ਕੀ ਹਾਲ ਹੈ ? ਅਜਮੇਰ ਵਿਖੇ ਕੁਝ ਦਿਨ ਵਿਘਨ ਪੈਣ ਲੱਗਾ ਸੀ, ਪਰ ਅਰਦਾਸਿ ਕਬੂਲੀ ਗਈ ਤੇ ਬਲਾ (ਮਾਇਆ ਦਾ ਪ੍ਰਭਾਵ) ਟਲ ਗਈ। ਚੜਦੀਆਂ ਕਲਾਂ ਹੋ ਗਈਆਂ।

**ਤਿਸ ਕੈ ਭਾਣੈ ਕੋਇ ਨ ਭੂਲਾ** *(ਪੰਨਾ ੬੧੦)*

ਜਦ ਇਹ ਅੰਤਰ ਆਤਮੇ ਦ੍ਰਿੜ੍ਹ ਹੋ ਜਾਏ ਤਾਂ ਸਦਾ ਹੀ ਸੁਖ ਬਣਿਆ ਰਹਿੰਦਾ ਹੈ। ਟੁਰੀ ਚੱਲਣ ਨਾਲ ਇਸੇ ਜਨਮ ਵਿਚ ਆਤਮਾ, ਪਰਮਾਤਮਾ ਵਿਚ ਲੀਨ ਹੋ ਜਾਂਦੀ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 21.11.72*

ਪਾਤੀ ਪੁਜੀ।

**ਜਿਸ ਕੇ ਸਿਰ ਉਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥** *(ਪੰਨਾ ੭੪੯)*

ਜੀਵ ਆਤਮਾ, ਸਰੀਰ ਨਹੀਂ। ਜੀਵ ਆਤਮਾ, ਪਰਮਾਤਮਾ ਦਾ ਅੰਸ਼ ਹੈ।

**ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥** *(ਪੰਨਾ ੪੨੧)*

ਤਾਂ ਤੇ :-

**ਆਤਮਾ ਪਰਾਤਮਾ ਏਕੋ ਕਰੈ ॥**
**ਅੰਤਰ ਕੀ ਦੁਬਿਧਾ ਅੰਤਰਿ ਮਰੈ ॥** *(ਪੰਨਾ ੬੬੧)*

ਜੀਵ ਆਤਮਾ ਰਾਮ ਕੀ ਅੰਸ਼ ਹੈ। ਰਾਮ ਨੂੰ ਦੁੱਖ ਕਾਹਦਾ ? ਕਾੜ੍ਹਾ ਕਾਹਦਾ ? ਤੌਖਲਾ ਤੇ ਚਿੰਤਾ ਕਾਹਦੀ ? ਹਾਡ ਮਾਸ ਨਾੜੀ ਦਾ ਪਿੰਜਰ ਨਾਸ਼ਵੰਦ ਹੈ। ਇਸ ਤੇ ਜ਼ੋਰ ਕਿਉਂ ? ਬਖਸ਼ਿਸ਼ਾਂ ਹੋ ਰਹੀਆਂ ਹਨ ਤੇ ਹੁੰਦੀਆਂ ਜਾਣਗੀਆਂ। ਫਿਰ ਦਿਲਗੀਰੀ ਤੇ ਡੋਲਾਇਮਾਨਤਾ ਕਾਹਦੀ ? ਚੜ੍ਹਦੀਆਂ ਕਲਾ ਵਿਚ ਰਹੋ। ਇਸ ਤੇ ਪਹਿਰਾ ਦੇਵੋ।

**ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ ॥**
**ਕਹੁ ਨਾਨਕ ਗੁਰਿ ਬੰਧਨ ਕਾਟੇ ਬਿਛੁਰਤ ਆਨਿ ਮਿਲਾਇਆ ॥ ੨ ॥**

*(ਪੰਨਾ ੧੨੧੮-੧੯)*

ਹਾਲੀ ਇਸ ਤੁਕ ਦਾ ਅਭਿਆਸ ਕਰੋ ਜੀ :-

**ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥**
**ਜਿਉ ਕੰਚਨ ਸੋਹਾਗਾ ਢਾਲੈ ॥** *(ਪੰਨਾ ੯੩੨)*

ਸਿਹਤ ਲਈ ਇਹ ਬਾਧਕ ਹਨ। ਤਾਂ ਤੇ ਇਸ ਦਾ ਅਭਿਆਸ ਬਾਧਕਤਾ ਦੂਰ ਕਰਸੀ।

✦ ✦ ✦

ੴ ਸਤਿਗੁਰ ਪ੍ਰਸਾਦਿ।। ਨਿਊਯਾਰਕ : 29.1.74

**ਜਿਸੁ ਜਨ ਕਉ ਪ੍ਰਭ ਦਰਸ ਪਿਆਸਾ ॥**
**ਨਾਨਕ ਤਾ ਕੈ ਬਲਿ ਬਲਿ ਜਾਸਾ ॥** *(ਪੰਨਾ ੨੯੬)*

ਜੋਤਿ ਰੂਪ ਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੀ ਅੰਦਰਲੀ ਰੀਝ ਤੇ ਸੱਧਰ ਕਿੰਨੇ ਕਮਾਲ ਦੀ ਹੈ। ਐਸੀ ਹਲੀਮਤਾ, ਐਨੀ ਗਰੀਬੀ, ਐਸਾ ਨਿਛਾਵਰਪਨ, ਐਸੀ ਅਧੀਨਗੀ ਕਿ ਕੇਵਲ ਦਰਸ ਪਿਆਸੜੇ ਉੱਤੇ ਬਲਿਹਾਰ ਜਾ ਰਹੇ ਹਨੇ। ਹਾਲਾਂ ਉਸ

ਜਗਿਆਸੂ ਨੂੰ ਪ੍ਰਾਪਤੀ ਨਹੀਂ ਹੋਈ। ਕੇਵਲ ਪ੍ਰਾਪਤੀ ਕਰਨ ਲਈ ਪਿਆਰ ਹੀ ਹੈ। ਗੁਰੂ ਅਰਜਨ ਦੇਵ ਸਾਹਿਬ ਦੇ ਕੁੱਤਿਆਂ ਦਾ ਕੁੱਤਾ ਤੁਹਾਡੇ ਵਰਗੇ ਮਰਜੀਵੜਿਆਂ ਤੇ, ਘੋਲ ਘੁਮਾਈ ਮੁੜ ਮੁੜ ਕਿਉਂ ਨਾ ਹੋਵੇ। ਸੋ ਦਾਸ ਤੁਹਾਡੇ ਸਾਰਿਆਂ ਤੋਂ ਬਲਿਹਾਰ ਹੈ। ਸਦਕੇ ਜਾਂਦਾ ਏ। ਉਹ ਸਮਾਂ ਕਿੰਨਾ ਭਾਗਾਂ ਵਾਲਾ ਹੋਸੀ, ਜਦ ਮਿਲ ਕੇ ਹਰੀ ਕੀਰਤਨ ਕਰਾਂਗੇ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 21.3.74

**ਸਹਜ ਸੁਭਾਇ ਹੋਵੈ ਸੋ ਹੋਇ ॥**
**ਕਰਣੈਹਾਰੁ ਪਛਾਣੈ ਸੋਇ ॥** *(ਪੰਨਾ ੨੮੨)*

ਲੱਗੇ ਰਹੋ ਤੇ ਟੁਰੇ ਚਲੋ। ਬਸ ਇਸ ਤੋਂ ਵੱਧ ਹੋਰ ਮਾਨੁਖ ਦੇ ਹੱਥ ਕੁਛ ਨਹੀਂ। ਆਪਣਾ ਧਰਮ (ਡਿਊਟੀ) ਨਿਭਾਨਾ ਹੈ। ਉਹ ਹੈ :-

ਬਿਨਾਂ ਕਿਸੇ ਸ਼ਰਤ ਦੇ ਅਪਨੇ ਆਪ ਨੂੰ ਉਸ ਦੇ ਹਵਾਲੇ ਕਰ ਦੇਣਾ। ਬਸ ਇਹ ਹੀ ਭਜਨ ਤੇ ਇਹ ਹੀ ਜਾਪ ਤੇ ਤਾਪ ਹੈ। ਉਸਦੇ ਪ੍ਰੇਮ ਵਿਚ ਟਿਕੇ ਰਹਿਣਾ ਹੀ ਅਸਲ ਭਗਤੀ ਹੈ। Feelings ਪੈਦਾ ਹੋ ਜਾਂਦੀਆਂ ਹਨ ਤਾਂ ਬੇੜਾ ਪਾਰ ਹੈ।

**ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ**
**ਸਦਾ ਭਜਹੁ ਜਗਦੀਸ ॥ ੧ ॥ ਰਹਾਉ ॥** *(ਪੰਨਾ ੪੯੬)*

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 3.1.75

ਰਸ ਤਾਂ ਸਿਗਰਟ ਪੀਣ ਵਾਲੇ ਨੂੰ ਵੀ, ਸਿਗਰਟ ਪੀ ਕੇ ਆ ਜਾਂਦਾ ਏ। ਹੋਰਾਂ ਨੂੰ ਵੀ ਹਰ ਸ਼ੈ ਦਾ ਰਸ ਆਉਂਦਾ ਏ। ਵੇਖਣਾ ਤਾਂ ਇਹ ਹੈ ਕਿ ਪੰਜਾਂ ਮਹਾਂਬਲੀਆਂ ਤੇ

ਕਾਬੂ ਪੈ ਰਿਹਾ ਹੈ ਕਿ ਨਹੀਂ ? ਇਸ ਵੱਲ ਕੋਈ ਧਿਆਨ ਨਹੀਂ ਦੇਂਦਾ ਤੇ ਰਸ ਰਸ ਕੂਕਦੇ ਪਏ ਹਨ। ਆਤਮਕ ਰਸ ਦੀ ਨਿਸ਼ਾਨੀ ਇਹ ਹੈ :-

**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥** *(ਪੰਨਾ ੧੧੮੬)*

ਇਹ ਕਸਵਟੀ ਉਸ ਰਸ ਦੀ ਹੈ। ਬਾਕੀ ਵਾਧੂ ਦੀ ਚਰਚਾ ਹੈ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ (ਸਿਮਲਾ ਹਿਲਜ਼) : 9.5.75

ਪਾਤੀ ਪੁਜੀ। ਪ੍ਰਸੰਨਤਾ ਹੋਈ। ਜੋ ਕੁਝ ਆਪ ਨੇ ਲਿਖਿਆ ਹੈ, ਇਹ ਗੁਰਮੱਤਿ ਅਨੁਸਾਰ ਹੈ।

**ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ ॥** *(ਪੰਨਾ ੨੭੬)*

ਇਹ ਪਰਮਾਤਮਾ ਦਾ ਗੁਣ ਹੈ। ਇਸ ਦੇ ਅਰਥ ਭਾਵ ਦੇ ਵਿਚ ਜੁੜ ਕਰ ਜੋ ਅਭਿਆਸ ਕੀਤਾ ਜਾਸੀ, ਉਸ ਦਾ ਅਸਰ ਅਵੱਸ਼ ਹੀ ਮਾਇਆ ਵੇਹੜੇ ਮਨ ਤੇ ਪਊ ਤੇ ਹਉਮੇ ਦੀ ਨਵਿਰਤੀ ਹੋਊ। ਪਰ ਸਦਾ ਇਹ ਗੱਲ ਚੇਤੇ ਰੱਖਣੀ ਚਾਹੀਦੀ ਏ ਕਿ ਇਸ ਦੀ ਆੜ ਵਿਚ ਨਾਮ ਅਭਿਆਸ ਕਮਾਈ ਨਾ ਛੱਡੇ। ਇਸ ਉਪਰੋਕਤ ਗੁਣ ਨੂੰ ਸਦਾ ਹੀ ਅਭਿਆਸ ਸਮੇਂ (ਧਿਆਨ ਵਿਚ ਰੱਖ ਕੇ) ਇਸ ਦਾ ਅਭਿਆਸ ਕਰੋ, ਸੋ ਗੱਲ ਉੱਥੇ ਹੀ ਆ ਜਾਂਦੀ ਹੈ ਕਿ :-

**ਮਨ ਤੇ ਧੋਖਾ ਤਾ ਲਹੈ ਜਾ ਸਿਫਤਿ ਕਰੀ ਅਰਦਾਸਿ ॥**

*(ਪੰਨਾ ੫੫੭)*

ਜੋ ਸੱਜਣ ਕੇਵਲ ਉਤਲੀ ਤੁਕ ਦੀ ਆੜ ਹੇਠਾਂ ਨਾਮ ਅਭਿਆਸ, ਸਿਫਤਿ ਸਾਲਾਹ ਤੇ ਅਰਦਾਸਿ ਨਹੀਂ ਕਰਦੇ ਤੇ ਪੱਜ ਲਾ ਕੇ ਉਦਮ ਨਹੀਂ ਕਰਦੇ, ਉਹ ਮਹਾ ਭੁਲੇਖੇ ਵਿਚ ਪੈ ਜਾਂਦੇ ਨੇ। ਜੋ ਪਰਮਾਤਮਾ ਦੇ ਅਨੇਕ ਗੁਣਾਂ ਵਿਚੋ ਇਸ ਗੁਣ ਨੂੰ ਕਿ - **ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ॥** *(ਪੰਨਾ ੨੭੬)* ਦਾ ਅਭਿਆਸ ਕਰਦੇ ਨੇ ਉਹ ਸਹੀ ਹਨ, ਇਸ ਵਿਚ ਸੰਦੇਹ ਨਹੀਂ। ਚੌਥੇ ਪਦ ਦਾ ਭਾਵ ਇਹ ਹੈ। ਮਾਇਆ ਵੇਹੜਿਆ ਮਨ ਨਾਮ ਲਈ ਉਦਮ ਨਹੀਂ ਕਰਦਾ ਤੇ ਹੋਰ ਕੰਮਾਂ ਲਈ ਰਾਤ ਦਿਨ ਉਦਮ ਕਰਦਾ ਏ, ਤੇ ਏਹੋ ਜੇਹਿਆਂ ਸਚਾਈ ਭਰਪੂਰ ਉਪਦੇਸ਼ਾਂ ਨੂੰ ਗ੍ਰਹਿਣ ਨਹੀਂ ਕਰਦਾ, ਉਹ ਜਰੂਰ ਭੁਲੇਖੇ ਵਿਚ ਹੈ। ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦੇ

ਅਨੇਕ ਗੁਣਾਂ ਵਿਚੋਂ ਉਤਲਾ ਗੁਣ ਵੀਚਾਰਨਾ ਤੇ ਅਭਿਆਸ ਕਰਨਾ, ਮਨ ਦੀ ਹਉਮੈ ਦੂਰ ਕਰਦਾ ਹੈ। No doubt at all.

ਜੇ ਉਤਲੀ ਤੁਕ ਤੇ ਜੀਵ ਆਤਮਾ ਅਮਲ ਕਰੇ ਤਾਂ ਫਿਰ ਜੀਵ ਆਤਮਾ ਹਉਮੈ ਦੇ ਸ਼ਬਦ ਨਹੀਂ ਆਖਦੀ ਤੇ ਸਦਾ ਉਸ ਪ੍ਰਭੂ ਅੰਦਰ ਲੀਨ ਰਹਿੰਦੀ ਏ। ਇਹ ਪੂਰਨ ਸਚਾਈ ਹੈ। ਤਬਦੀਲੀ ਲਈ ਤਾਂ ਇਹ ਤੁਕ ਹੈ। **ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥** (ਪੰਨਾ **653**) ਸੋ ਕੋਈ ਹਰਜ਼ ਨਹੀਂ । ਸਤਿਗੁਰ ਸੱਚੇ ਪਾਤਸ਼ਾਹ ਸਹਾਈ ਹੋਣਗੇ। ਚੜ੍ਹਦੀਆਂ ਕਲਾਂ ਹੋਣਗੀਆਂ। ਸਾਡੇ ਸਾਰੇ ਪਰਵਾਰ ਵਲੋ ਆਪ ਸਭ ਨੂੰ ਫਤਹਿ। ਸਦਾ ਰਸ ਭਰਪੂਰ ਰਹੋ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 7.7.75

ਅਖਬਾਰ ਦੀ ਕਟਿੰਗ ਤੇ ਪਾਤੀ ਪੁਜੀ ।

**ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥** *(ਪੰਨਾ ੪੬੭)*

**ਅਨਿਕ ਪ੍ਰਕਾਰ ਭੋਜਨ ਬਹੁ ਕੀਏ ਬਹੁ ਬਿੰਜਨ ਮਿਸਟਾਏ ॥**
**ਕਰੀ ਪਾਕਸਾਲ ਸੋਚ ਪਵਿਤ੍ਰਾ ਹੁਣਿ ਲਾਵਹੁ ਭੋਗੁ ਹਰਿ ਰਾਏ ॥** (*ਪੰਨਾ ੧੨੬੬*)

ਪਦ 'ਸੋਚ' ਦਾ ਅਰਥ ਹੈ 'ਵੀਚਾਰ', ਤਾਂ ਤੇ ਅਰਥ ਹੋਇਆ ਮਨ ਰੂਪੀ ਰਸੋਈ, ਵੀਚਾਰ ਦਵਾਰਾ ਪਵਿਤ੍ਰ ਕੀਤੀ ਏ। ਹੇ ਹਰੀ ਰਾਏ ਇਸ ਪਵਿੱਤ੍ਰ ਕੀਤੇ ਮਨ ਦੀ ਰਸੋਈ ਨੂੰ ਹੁਣ ਗ੍ਰਹਿਣ ਕਰੋ। ਭੋਗ ਦਾ ਅਰਥ ਕਈ ਅਰਥਾਂ ਵਿਚੋਂ ਗ੍ਰਹਿਣ ਕਰਨਾ ਵੀ ਹੈ। ਭਾਵ ਅਰਥ ਹੋਇਆ ਕਿ ਮੈਂ ਆਪਣੀ ਮਨ ਰੂਪੀ ਰਸੋਈ, ਗੁਰੂ ਦੀ ਬਾਣੀ ਦੀ ਵੀਚਾਰ ਦਵਾਰਾ, ਪਵਿੱਤ੍ਰ ਕਰ ਲਈ ਏ। ਤਾਂ ਤੇ ਇਸ ਨੂੰ ਗ੍ਰਹਿਣ ਕਰੋ ਤੇ ਆਪਣੇ ਵਿਚ ਮਿਲਾ ਲਵੋ। ਦੂਜਾ ਅਰਥ ਭੋਗ ਦਾ ਹੈ - ਭੋਗਣਾ।

**ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ ॥**
**ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ ॥**

*(ਪੰਨਾ ੬੫੯)*

ਅਰਥ : ਭਾਗਹੀਣ ਜੀਵ ਆਤਮਾ ਬੇਨਤੀ ਕਰਦੀ ਏ ਕਿ ਇਸ ਦੇ ਭੋਗਣ ਦੀ ਵਾਰੀ ਕਦ ਆਏਗੀ। ਸਾਰੀਆਂ ਅਨੁਭਵ ਦੇਸ਼ ਵਿਚ ਅਪੜੀਆਂ ਸੁਹਾਗਣਾਂ ਆਪ ਜੀ ਨਾਲ ਰਲੀਆਂ ਮਾਣ ਰਹੀਆਂ ਹਨ : ਤੇ ਮੁਰਾਰੀ ਜੀਓ ! ਇਸ ਜੀਵ ਆਤਮਾ ਦਾਸੀ ਨੂੰ ਵੀ, ਇਕ ਰਾਤ ਭੋਗਣ ਦੀ ਬਖਸ਼ੋ। ਨਾਨਕ ਬੇਨਤੀ ਕਰਦਾ ਏ। **ਹੁਣਿ ਲਾਵਹੁ ਭੋਗੁ ਹਰਿ ਰਾਏ ॥** ਦਾ ਅਰਥ ਹੋ ਗਿਆ ਕਿ ''ਮੈਂ ਅਪਨੀ ਆਤਮਾ ਰੂਪੀ ਰਸੋਈ ਨੂੰ, ਗੁਰਬਾਣੀ ਦਵਾਰਾ ਪਵਿੱਤ੍ਰ ਕਰ ਲਿਤਾ ਹੈ। ਹੁਣ ਇਸ ਨੂੰ ਭੋਗ ਲਾਵੋ ਭਾਵ ਭੋਗੋ। ਅਲੰਕਾਰ, ਇਸਤ੍ਰੀ ਤੇ ਪੁਰਸ਼ ਦਾ ਹੈ, ਇੱਥੇ ਇਸਤ੍ਰੀ ਜੀਵ ਆਤਮਾ ਹੈ ਤੇ ਪੁਰਸ਼ ਪਰਮਾਤਮਾ ਹੈ। ਪਰਮਾਤਮਾ ਆਚਾਰ ਹੀਣ ਆਤਮਾਵਾਂ ਨੂੰ ਆਪਣੇ ਵਿੱਚ ਨਹੀ ਮਿਲਾਉਂਦਾ ਏ, ਭਾਵ ਭੋਗ ਨਹੀਂ ਲਾਉਂਦਾ। ਕੇਵਲ ਸੁਹਾਗਣਾਂ ਨੂੰ ਮਿਲਾਉਂਦਾ ਹੈ ਭਾਵ ਭੋਗਦਾ ਹੈ। ਦੁਬਾਰਾ ਬੇਨਤੀ ਹੈ ਕਿ ਪਦ 'ਸੋਚ' ਦਾ ਅਰਥ ਜੋ ਗੁਰਬਾਣੀ ਦੀ ਵੀਚਾਰ ਹੈ, ਸਾਰੇ ਆਸ਼ੇ ਨੂੰ ਖੋਲਦਾ ਏ। ਦੂਜੀ ਵੀਚਾਰ ਹੈ ਕਿ ਪਰਮਾਤਮਾ ਦਾ ਆਕਾਰ ਕੋਈ ਨਹੀਂ ਇਹ ਤੁਕ ਕੜ੍ਹਾਹ ਪ੍ਰਸ਼ਾਦ ਰੱਖ ਕੇ ਪੜ੍ਹਨੀ, ਹਰਿ ਨੂੰ ਰੂਪਵਾਨ ਬਣਾ ਦਿੰਦੀ ਏ। ਸੋ ਗੱਲ ਉੱਥੇ ਆਈ ਕਿ ਮਨ ਰੂਪੀ ਰਸੋਈ, ਜੋ ਵੀਚਾਰ ਦਵਾਰਾ ਪਵਿਤ੍ਰ ਕੀਤੀ ਏ, ਇਸ ਨੂੰ ਭੋਗੋ।

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥**

*(ਪੰਨਾ ੯੧੭)*

ਸਾਡੇ ਆਪਣੇ ਕੀਤੇ ਕਰਮਾਂ ਅਨੁਸਾਰ ਹੁਕਮ ਦੀ ਕਲਮ ਵੱਗ ਰਹੀ ਏ। ਅੰਨ੍ਹੇ ਵਾਹ ਨਹੀਂ। ਸੋ ਜੋ ਸਾਡੇ ਕਰਮ ਹਨ, ਉਹਨਾਂ ਅਨੁਸਾਰ ਅਸੀਂ ਹਰੀ ਦੇ ਨਾਮ ਵਿਚ ਲੱਗਦੇ ਆਂ। ਆਪ ਜੀ ਤੇ ਬਖਸ਼ਿਸ਼ ਹੈ ਜੋ ਹਰੀ ਦੇ ਨਾਮ ਨਾਲ ਲੱਗੇ ਹੋ, ਪਰ ਪਿਛਲੇ ਕਰਮਾਂ ਅਨੁਸਾਰ ਇਹ ਗੱਲ ਹੁੰਦੀ ਏ।

**ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ ॥**

*(ਪੰਨਾ ੧੨੪੧)*

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : 1.12.75

ਪ੍ਰੇਮ ਪਾਤੀ ਪੁਜੀ।, ਪ੍ਰਸੰਨਤਾ ਹੋਈ।

**ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥**

*(ਸਲੋਕੁ ਮਃ ੧ ਪੰਨਾ ੬੫੩)*

ਨਾਮ ਬਾਣੀ ਦਾ ਅਭਿਆਸ ਕਰੀ ਚਲੋ। ਆਪ ਦਾ ਭਵਿੱਖ ਬਹੁਤ ਉੱਜਲ ਹੈ। ਰਾਹ ਠੀਕ ਫੜ ਲਿਹਾ ਹੈ, ਸੋ ਟੁਰੀ ਚਲੋ। ਦਿਨ ਦੂਨੀ ਤੇ ਰਾਤ ਚੌਣੀ ਤਰਕੀ ਹੁੰਦੀ ਜਾਸੀ। ਸਾਡੇ ਦੋਹਾਂ ਵਲੋਂ ਆਪ ਦੋਹਾਂ ਨੂੰ ਤੇ ਕਾਕਾ ਜੀ ਤੇ ਕਾਕੀ ਜੀ ਨੂੰ ਗੁਰ ਫਤਹਿ।

ਸਦਾ ਦੋਵੇਂ ਚੜ੍ਹਦੀਆਂ ਕਲਾ ਵਿਚ ਖੇਡੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਬੰਗਲੌਰ : **19.2.76**

ਆਪ ਦੀ 17-2 ਦੀ ਲਿਖੀ ਪਾਤੀ ਅਜ ਮਿਲੀ। ਬੜੀ ਪ੍ਰਸੰਨਤਾ ਹੋਈ। ਪੁੱਛ ਦਾ ਉੱਤਰ ਇਹ ਹੈ ਕਿ ਨਿਰਗੁਣ ਦਾ ਸਰੂਪ ਕੋਈ ਨਹੀਂ ਹੈ, ਨਿਰਗੁਣ ਨਿਰੰਕਾਰ, ਅਦ੍ਰਿਸ਼ਟ ਹੈ, ਅਗੋਚਰ ਹੈ, ਕੋਈ ਵੀ ਖਿਆਲ ਨਹੀਂ ਬਣ ਸਕਦਾ। ਤੇ ਜੋ ਕੋਈ ਆਪਣਾ ਖਿਆਲ ਉਸ ਪਰਥਾਏ ਬਣਾਉਂਦਾ ਹੈ ਤਾਂ ਉਹ ਕਲਪਤ ਹੈ, Self conceived idea ਹੈ। Reality ਨਹੀਂ। ਹਕੀਕਤ ਨਹੀਂ, ਕਲਪਤ ਖਿਆਲ ਹੈ। ਤਾਂ ਤੇ ਉਸ ਨੂੰ ਜੇ ਸਰਗੁਣ ਵਿਚ ਵੇਖਣਾ ਹੋਵੇ ਤਾਂ :-

**ਏਹੁ ਵਿਸੁ ਸੰਸਾਰੁ ਤੁਮ ਦੇਖਦੇ**
**ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥** *(ਪੰਨਾ ੯੨੨)*

ਇਕ ਤਾਂ ਇਹ ਸਰਗੁਣ ਦਰਸ਼ਨ ਹਨ, ਦੂਜੇ ਦਰਸ਼ਨ ਹਨ।

**ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥**
**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥** *(ਪੰਨਾ ੩੯੭)*

ਪੁਨਾ :-

**ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥** *(ਪੰਨਾ ੨੭੪)*

**ਜਬ ਇਸ ਤੇ ਸਭ ਬਿਨਸੇ ਭਰਮਾ ॥**
**ਭੇਦੁ ਨਾਹੀ ਹੈ ਪਾਰਬ੍ਰਹਮਾ ॥ ੪ ॥**

*(ਪੰਨਾ ੨੩੫)*

ਕਲਗੀਆਂ ਵਾਲੇ ਪਾਤਸ਼ਾਹ ਨੇ ਤਿੰਨ ਰੂਪ ਦਰਸਾਏ ਹਨ- ਇਕ ਨਿਰਗੁਣ, ਦੂਜਾ ਸ਼ਬਦ (ਬਾਣੀ), ਤੀਜਾ ਸਰਗੁਣ। ਜਿਹੜਾ ਸਰਗੁਣ ਦਰਸ਼ਨ ਚਾਹੇ, ਉਹ ਖਾਲਸਾ ਦੇ ਕਰੇ। ਪਰ ਇੱਥੇ ਬੜੀ ਜੋਖੋਂ ਹੈ- Great risk ਹੈ। ਸਰਗੁਣ ਦੇ ਦਰਸ਼ਨ ਕਰਨ ਵਾਲਾ ਅਭਿਲਾਸ਼ੀ, ਗਲਤੀ ਖਾ ਸਕਦਾ ਹੈ। ਤੇ ਜਿਸ ਨੂੰ ਉਹ ਪੂਰਾ ਸਾਧ, ਸੰਤ, ਗੁਰਸਿਖ ਮੰਨ ਬੈਠਾ ਹੋਵੇ ਤੇ ਉਹ ਪੂਰਾ ਨਾ ਹੋਵੇ ਤਾਂ ਪਿੱਛੇ ਪਛਤਾਵਾ ਤੇ frustation ਹੁੰਦੀ ਏ, ਤਾਂ ਤੇ ਸਦਾ ਟੇਕ ਬਾਣੀ ਦੇ ਦਰਸ਼ਨ ਦੀ ਰਖੇ ਤੇ ਅਰਦਾਸਿ ਕਰਦਾ ਰਹੇ ਕਿ 'ਹੇ ਸਚੇ ਪਾਤਸ਼ਾਹ ਆਪਣੇ ਅਸਲੀ ਜਨ, ਦਾਸ ਤੇ ਸੇਵਕ ਦੇ ਦਰਸ਼ਨ ਬਖਸ਼। ਫਿਰ ਜਦ ਅਰਦਾਸਿ ਕਬੂਲੀ ਜਾਂਦੀ ਏ ਤਾਂ, ਢੋਅ ਢੁਕ ਕੇ ਸਚੇ ਜਨ ਦੇ ਦਰਸ਼ਨ ਹੋ ਜਾਂਦੇ ਨੇ ਤੇ ਮੂੰਹ ਬਮੂੰਹ ਬਚਨ ਬਲਾਸ ਕਰ ਲਈਦਾ ਹੈ। ਪਰ ਐਸਾ ਦਾਸ ਉਸ ਨਿਰੰਕਾਰ, ਸਿਰਜਨਹਾਰ, ਪਾਲਨਹਾਰ ਤੇ ਬਖਸ਼ਨਹਾਰ ਦੇ ਹੁਕਮ ਅੰਦਰ ਹੀ ਕਾਰ ਕਮਾਉਂਦਾ ਹੈ ਤੇ ਉਸ ਦੇ ਬਣਾਏ ਹੋਏ ਨਿਯਮਾਂ ਤੋਂ ਬਾਹਰ ਨਹੀਂ ਜਾਂਦਾ, ਉਸਦੀ ਮਰਜ਼ੀ ਉਲਟ ਕੋਈ ਬਚਨ ਨਹੀ ਕੱਢਦਾ : ਭਾਣੇ ਅੰਦਰ ਵਿਚਰਦਾ ਏ। ਹਰਿ ਤੇ ਹਰਿਜਨ ਇਕ ਹੋਣ ਕਰਕੇ-ਹਰੀ ਤੋਂ ਉਲਟ, ਹਰਿਜਨ ਨਹੀ ਜਾਂਦਾ।

**ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥**
**ਸੋ ਜਨੁ ਸਰਬ ਥੋਕ ਕਾ ਦਾਤਾ ॥** *(ਪੰਨਾ ੨੮੬)*

**ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥**
**ਸਗਲ ਸੰਸਾਰੁ ਉਧਰੈ ਤਿਨ ਮੰਤ ॥** *(ਪੰਨਾ ੨੮੨)*

ਪਰ

**ਉਨ ਕੀ ਸੇਵਾ ਸੋਈ ਲਾਗੈ ॥**
**ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥** *(ਪੰਨਾ ੨੮੨)*

ਤਾਂ ਹੀ ਤਾਂ ਸਿਧਾਂਤ ਹੈ ਇਹ, ਕਿ :-

**ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ ॥** *(ਪੰਨਾ ੧੧੯੯)*

ਪੁਨਾ :-

**ਜਿਨ ਹਰਿ ਜਪਿਆ ਸੇ ਹਰਿ ਹੋਏ** *(ਪੰਨਾ ੬੬੭)*

**ਭੇਦੁ ਨ ਜਾਣਹੁ ਮਾਣਸ ਦੇਹਾ ॥** *(ਪੰਨਾ ੧੦੭੬)*

ਦਰਸ਼ਨ ਦੇਵੇ ਤੇ ਮਿਲ ਕਰ ਆਤਮਕ ਰਸ ਭੁੰਚੋ।

**ਆਉ ਜੀ ਤੂ ਆਉ ਹਮਾਰੈ**
**ਹਰਿ ਜਸੁ ਸ੍ਰਵਨ ਸੁਨਾਵਨਾ ॥ ੧ ॥ ਰਹਾਉ ॥**
**ਤੁਧੁ ਆਵਤ ਮੇਰਾ ਮਨੁ ਤਨੁ ਹਰਿਆ**
**ਹਰਿ ਜਸੁ ਤੁਮ ਸੰਗਿ ਗਾਵਨਾ ॥** *(ਪੰਨਾ ੧੦੧੮)*

✦ ✦ ✦

ੴ ਸਤਿਗੁਰ ਪ੍ਰਸਾਦਿ।। : 25.5.76

ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਤੇ ਨਿਰੰਕਾਰ ਦੀਆਂ ਮੇਹਰਾਂ ਹਨ ਜੋ ਨਿਸ਼ਕਾਮ ਸੇਵਾ ਲੈ ਰਹੇ ਹਨ।

**ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ**
**ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥** *(ਪੰਨਾ ੧੬੭)*

ਇਹ ਹੀ ਅਰਦਾਸਿ ਹੈ ਜੋ ਨਿਸ਼ਕਾਮ ਸੇਵਾ ਨਿਭਦੀ ਰਹੇ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

ਜਾਣਨਾ, ਕੇਵਲ ਗੁਰਬਾਣੀ ਦੀ ਕਮਾਈ ਕਰਾਂਦੀ ਏ। ਜਦ ਤਾਈ ਗੁਰਬਾਣੀ ਦੇ ਉਪਦੇਸ਼ ਨੂੰ ਜੀਵਨ ਵਿਚ ਨ ਘਟਾਈਏ ਤੇ ਇਸ ਅਨੁਸਾਰ ਜੀਵਣ ਨ ਢਾਲੀਏ, ਜਾਣਿਆ ਨਹੀ ਜਾਂਦਾ। ਤਾਂ ਤੇ ਸੁਝਾਵ ਹੈ ਕਿ :-

**ਸੁਨਿ ਉਪਦੇਸੁ ਹਿਰਦੈ ਬਸਾਵਹੁ ॥**
**ਮਨ ਇਛੇ ਨਾਨਕ ਫਲ ਪਾਵਹੁ ॥** *(ਪੰਨਾ ੨੯੩)*

ਹਿਰਦੈ ਵਿਚ ਉਹ ਗਲ ਵਸਦੀ ਏ, ਜਿਹੜੀ ਕਿ ਕਰਮ ਵਿਚ ਆਵੇ। ਗੁਰਬਾਣੀ ਨੂੰ ਜੀਵਨ ਵਿਚ ਘਟਾਉਣਾ, ਨਾਮ ਅਭਿਆਸ ਕਮਾਈ ਏ, ਹੋਰ ਕੋਈ ਸਾਧਨ ਨਹੀਂ ਜੋ ਹਉਮੈਂ ਦਾ ਧੋਖਾ ਦੂਰ ਕਰ ਸਕੇ।

**ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ ਹਉਮੈ ਵਿਚਹੁ ਜਾਇ ॥** *(ਪੰਨਾ ੫੧੫)*

ਮਨ ਨੂੰ ਚੜ੍ਹਦੀਆਂ ਕਲਾਂ ਵਿਚ ਰੱਖਿਆ ਕਰੋ। ਡਰਨ ਦੀ ਲੋੜ ਨਹੀ। ਤੌਖਲੇ ਵਿਚ ਪੈਣ ਦੀ ਲੋੜ ਨਹੀਂ। ਕੋਈ ਕੁਝ ਵਿਗਾੜ ਨਹੀਂ ਸਕਦਾ।

ਸਦਾ ਖੇੜੇ ਵਿਚ ਵਸੋ।

\+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 29.5.76

ਅਸੀਂ ਏਥੋਂ 18 ਮਾਰਚ ਨੂੰ ਪਰਚਾਰ ਸੇਵਾ ਲਈ ਗਏ ਸਾਂ ਤੇ 25.5.76 ਨੂੰ ਮੁੜ ਆਏ ਹਾਂ। ਸੇਵਾ ਚੰਡੀਗੜ੍ਹ ਤੇ ਜਲੰਧਰ ਨਿਭਾਈ। ਗੁਰੂ ਮਿਹਰ ਨਾਲ ਬੜੀ ਸਫਲਤਾ ਹੋਈ। ਇਹ ਬਖਸ਼ਿਸ਼ ਏ। ਅਨ-ਲਗੇ, ਨਾਮ ਬਾਣੀ ਨਾਲ ਲੱਗੇ, ਲੱਗੇ ਹੋਏ ਅੱਗੇ ਵਧੇ, ਅਟਕੇ ਹੋਏ ਅਟਕਾਂ ਦੂਰ ਕਰ ਕੇ ਟੁਰ ਪਏ। ਇਹ ਸਭ ਦਾਤੇ ਦੀ ਮਿਹਰ ਹੈ। ਇਹ ਹੀ ਅਰਦਾਸਿ ਹੈ ਕਿ ਨਿਸ਼ਕਾਮ ਸੇਵਾ-ਪ੍ਰਭੂ ਜੀ-ਲਈ ਜਾਣ। ਆਪ ਦੀ ਪਾਤੀ ਮਿਲੀ। ਪੁੱਛਾਂ ਦਾ ਉੱਤਰ ਲਿਖਿਆ ਜਾਂਦਾ ਏ :-

1) **ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥** *(ਪੰਨਾ ੪੬੯)*

ਤਾਮਿ ਪਦ ਦਾ ਅਰਥ ਹੈ 'ਤਾਂ' ''ਨ ਹੋਈ'' ਦਾ ਅਰਥ ਹੈ, ਨਹੀਂ ਹੁੰਦੀ 'ਤਾਮਿ ਨ ਹੋਈ' ਦਾ ਅਰਥ ਹੋਇਆ- ਤਾਂ ਨਹੀਂ ਹੁੰਦੀ। ਪ੍ਰਸ਼ਨ ਉੱਠਦਾ ਏ ਕੀ ਨਹੀਂ ਹੁੰਦੀ ? ਇਹ ਗੱਲ ਦੱਸੀ ਨਹੀਂ ਗਈ। ਇਸ ਲਈ ਅਰਥ ਕਰਨ ਵੇਲੇ, ਆਪਣੇ ਵਲੋਂ ਪਦ ਲਾਇਆ ਜਾਏਗਾ। ਇਸ ਪਦ ਲਾਨ ਨੂੰ '**ਅਧਯਾਹਾਰ**' ਕਹਿੰਦੇ ਹਨ ਤਾਂ ਤੇ ਇੱਛਾ ਜਾਂ ਰੁੱਚੀ ਅਧਯਾਹਾਰ ਲਾਨ ਨਾਲ ਸਪੱਸ਼ਟਤਾ ਹੋ ਜਾਂਦੀ ਏ। ਤੇ ਅਰਥ ਸਾਫ ਹੋ ਜਾਂਦਾ ਏ। ਜਦ ਜੀਵ ਆਤਮਾ ਨੂੰ ਦੁੱਖ ਹੁੰਦਾ ਏ ਤਾਂ ਜੀਵ ਆਤਮਾ ਸੁਖ ਲਈ ਨਾਮ ਜਪਦੀ ਏ ਤੇ ਜਦ ਜੀਵ ਆਤਮਾ ਨਾਮ ਜਪਦਿਆਂ ਸੁਖੀ ਹੁੰਦੀ ਏ ਤਾਂ ਉਹ ਦੁਖ ਸੁਖ ਵਿਚ ਪਲਟ ਜਾਂਦਾ ਏ। ਤਾਂ ਤੇ ਦੁਖ ਸੁੱਖ ਹੋ ਕੇ ਦਾਰੂ ਬਣ ਗਿਆ। ਪਰ ਜਦ ਜੀਵ ਆਤਮਾ ਸੁਖੀ ਹੁੰਦੀ ਏ ਤੇ ਨਾਮ ਵਿਸਾਰ ਦੇਂਦੀ ਏ, ਫਲਸਰੂਪ ਦੁੱਖ ਆ ਟਕਰਦੇ ਹਨ। ਯਥਾ :-

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥** *(ਪੰਨਾ ੩੨੨)*

ਤੇ ਪੁਨਾ :-

**ਦੂਖਾ ਤੇ ਸੁਖ ਊਪਜਹਿ ਸੂਖੀ ਹੋਵਹਿ ਦੂਖ ॥** *(ਪੰਨਾ ੧੩੨੮)*
**ਦੁਖੁ ਲਾਗੈ ਤਾ ਰਾਮੁ ਪੁਕਾਰਾ ਹੇ ॥** *(ਪੰਨਾ ੧੦੩੦)*

2) **ਪਾਕੀ ਨਾਈ ਪਾਕੁ ॥** *(ਪੰਨਾ ੪੬੪)*

ਪਾਕੀ ਨਾਈ ਦਾ ਅਰਥ 'ਪਵਿਤ੍ਰ ਵਡਿਆਈ' । ਪਾਕ ਫਾਰਸੀ ਪਦ ਹੈ, ਅਰਥ ਹੈ 'ਪਵਿੱਤਰ'। ਤੁਕ ਦਾ ਅਰਥ ਹੈ 'ਪਵਿੱਤ੍ਰ ਵਡਿਆਈ ਵਾਲੇ ਤੂੰ ਪਵਿੱਤ੍ਰ ਹੈ।' ਨਾਈ ਦਾ ਅਰਥ ਹੈ 'ਵਡਿਆਈ'।

3) **ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ॥** *(ਪੰਨਾ ੪੬੪)*

ਅਰਥ ਹੈ 'ਹੇ ਨਾਨਕ ਸਭ ਸ੍ਰਿਸ਼ਟੀ ਉਸਦੇ ਹੁਕਮ ਅੰਦਰ ਹੈ ਤੇ ਉਹ ਸਭ ਦੀ ਦੇਖ ਭਾਲ ਕਰ ਰਿਹਾ ਹੈ, ਪਰ ਫਿਰ ਵੀ ਉਹ ਇੱਕੋ ਇਕ ਵਰਤ ਰਿਹਾ ਹੈ। 'ਤਾਕ' ਅਰਬੀ ਪਦ ਹੈ, ਅਰਥ ਹੈ 'ਇਕ'। 'ਵਰਤੈ' ਪਦ ਸੰਸਕ੍ਰਿਤ ਪਦ 'ਵੇਹੜ੍ਹਨੇ' ਤੋਂ ਹੈ, ਅਰਥ ਹੈ- ਵਿਦਮਾਨ ਹੋਣਾ ਤੇ ਵਰਤਣਾ।

4) **ਭੈ ਵਿਚਿ ਆਡਾਣੇ ਆਕਾਸ ॥** *(ਪੰਨਾ ੪੬੪)*

ਆਡਾਣੇ ਦਾ ਅਰਥ ਫੈਲਿਆ ਆਕਾਸ਼ ਹੈ। ਤੁਕ ਦਾ ਅਰਥ ਹੈ ਕਿ ਹੁਕਮ ਰੂਪੀ ਡਰ ਵਿਚ ਸਾਰੇ ਫੈਲਿਆ ਹੋਇਆ ਆਕਾਸ਼ ਹੈ। ਭਾਵ ਹੁਕਮ ਤੋ ਬਾਹਰ ਕੁਝ ਨਹੀਂ ਹੈ।

5) **ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥** *(ਪੰਨਾ ੪੬੪)*

'ਇੰਦ' ਦਾ ਅਰਥ 'ਬੱਦਲ' ਹੈ। ਬੱਦਲ ਵੀ ਹੁਕਮ ਵਿਚ ਸਿਰ ਦੇ ਭਾਰ ਭੱਜਾ ਫਿਰਦਾ ਏ।

6) **ਸਗਲਿਆ ਭਉ ਲਿਖਿਆ ਸਿਰਿ ਲੇਖੁ ॥** *(ਪੰਨਾ ੪੬੪)*

ਅਰਥ - ਸਾਰਿਆਂ ਦੇ ਉੱਤੇ ਡਰ ਰੂਪੀ ਹੁਕਮ ਹੈ। ਆਪ ਹੁਦਰਾ ਕੋਈ ਨਹੀਂ। ਸਭ ਕੀਤੀ ਹੋਈ ਉਸ ਦੇ ਹੁਕਮ ਅੰਦਰ ਹੈ, ਪਰ ਹੇ ਨਾਨਕ ! ਭਉ ਤੋਂ ਰਹਿਤ ਕੇਵਲ ਉਹੀ ਨਿਰੰਕਾਰ ਸਦਾ ਏਕ ਹੈ।

ਨਾਮ ਅਭਿਆਸ ਕਮਾਈ ਸਮਾਗਮ - 15 ਦਿਨ ਲਈ - 15 ਅਗਸਤ ਤੋਂ 29 ਅਗਸਤ ਤਾਈਂ ਰੱਖਿਆ ਏ। ਆਪ ਦੋ ਚਾਰ ਦਿਨ ਪਹਿਲਾਂ ਮਏ ਸਾਰੇ ਪਰਿਵਾਰ ਏਥੇ ਪੁੱਜ ਜਾਣਾ। ਹਰ ਹਾਲਤ 14.8.76 ਨੂੰ ਤਾਂ ਜ਼ਰੂਰ ਪੁੱਜ ਜਾਣਾ, ਤਾਂ ਕਿ 15 ਤਾਰੀਖ ਦੀ ਆਰੰਭਕ ਅਰਦਾਸਿ ਵਿਚ ਸ਼ਾਮਲ ਹੋ ਸਕੋ। ਮਨ ਤਾਂ ਆਪ ਸਾਰਿਆਂ ਦਾ ਏਥੇ ਚੜ੍ਹਦੀਆਂ ਕਲਾਂ ਵਿਚ ਜਾਸੀ ਤੇ ਹੁਣ ਵੀ ਢਹਿੰਦੀਆਂ ਕਲਾਂ ਨਹੀਂ ਰਹਿਣਗੀਆਂ।

ਨਾਮ ਬਾਣੀ ਦਾ ਲੜ ਕਦੇ ਵੀ ਕਿਸੇ ਹਾਲਤ ਵਿਚ ਨਹੀਂ ਛੱਡਣਾ।

ਸਦਾ ਖੇੜੇ ਵਿਚ ਰਹੋ, ਹੱਸੋ ਤੇ ਵਸੋ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 1.9.76

ਅਪਾਰ ਬਖਸ਼ਿਸ਼ਾਂ । ਨਾਮ ਅਭਿਆਸ ਕਮਾਈ ਵਿਚ ਛਲਕੇ ਵੱਜੇ, ਬੜੀਆਂ ਰਹਿਮਤਾਂ, ਲੱਗੀਆਂ ਰੂਹਾਂ ਅੱਗੇ ਵਧੀਆਂ। ਖੁਸ਼ੀਆਂ ਤੇ ਖੇੜੇ ਅਨੁਭਵ ਕੀਤੇ। ਇਹ ਸਭ ਉਸ ਦੀਆਂ ਮਿਹਰਾਂ ਹਨ, ਬਖਸ਼ਿਸ਼ਾਂ ਹਨ।

ਐਤਕੀ ਸਮਾਗਮ ਵਿਚ ਬਹੁਤ ਵਧੀਆ ਵਾਤਾਵਰਣ ਰਹਿਆ। ਅਖੀਰਲੇ ਦਿਨ ਬੜੀਆਂ ਬਖਸ਼ਿਸ਼ਾਂ ਹੋਈਆਂ। ਤੁਸੀਂ ਕੋਈ ਦਿਲ ਵਿਚ ਨਹੀਂ ਲਿਆਉਣੀ ਕਿ ''ਮੈਂ ਕਿਉਂ ਵਾਂਝਾ ਰਹਿ ਗਿਆ ?'' ਸਭ ਹੁਕਮ ਦੀ ਖੇਡ ਚਲ ਰਹੀ ਹੈ। ਵਾਂਝੇ ਤੁਸੀ ਨਹੀਂ ਰਹੇ। ਇਹ ਵਿਸ਼ਵਾਸ ਕਰਨਾ। ਪੰਦਰਾਂ ਦਿਨ ਬਨਾਰਸ ਵਿਚ, ਮਨ ਰੂਪੀ ਬੈਟਰੀ ਬੜੀ ਚਾਰਜ ਹੋਸੀ। ਨਿਰਾਸਤਾ ਨਹੀਂ ਕਰਨੀ।

**ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ ੨ ॥** *(ਪੰਨਾ ੧੨੯੧)*

ਦੁਨੀਆਂ ਅੱਗ ਹੈ। ਖੁਦਾ ਦਾ ਨਾਮ ਠੰਡਾ ਏ, ਤਾਂ ਤੇ ਠੰਡੇ ਨਾਲ ਸਦਾ ਲੱਗੇ ਰਹੀਏ। ਨਾਮ ਦਾ ਲੜ ਕਦੇ ਕਿਸੇ ਹਾਲਤ ਵਿਚ ਨ ਛੱਡੀਏ :-

**ਸਹਜ ਸੁਭਾਇ ਹੋਵੈ ਸੋ ਹੋਇ ॥**
**ਕਰਣੈਹਾਰੁ ਪਛਾਣੈ ਸੋਇ ॥** *(ਪੰਨਾ ੨੮੨)*

ਇਸ ਤੇ ਅਮਲ ਕਰਨ ਨਾਲ, ਤੌਖਲੇ, ਚਿੰਤਾ, ਕਾੜੇ, ਸਾੜੇ, ਦਿਲਗੀਰੀਆਂ, ਢਹਿੰਦੀਆਂ ਕਲਾਂ ਨਹੀਂ ਵਾਪਰਦੀਆਂ। ਮਹਾਰਾਜ ਜੀ ਬਲ ਬਖਸ਼ਨ, ਇਸ ਤੇ ਟੁਰਨ ਦਾ। ਰਾਹ ਏਹੀ ਹੈ : ਹੋਰ ਕੋਈ ਨਹੀਂ।

ਸਦਾ ਖੇੜੇ ਵਿਚ ਵਸੋ।

+ + +

ੴ ਸਤਿਗੁਰ ਪ੍ਰਸਾਦਿ।। ਸਪਰੂਨ : 25.5.77

ਬੀਜ ਮੰਤਰ ਦੀ ਵਿਆਖਿਆ (Definition) ਕੀ ਹੈ ?

**ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥**
**ਆਗੈ ਮਿਲੀ ਨਿਥਾਵੇ ਥਾਉ ॥** *(ਪੰਨਾ ੮੯੧)*

ਸੋ ਬੀਜ ਮੰਤਰ ਦਾ ਅਰਥ ਹੈ : ਬੀਜ-ਮੂਲ, ਮੰਤ੍ਰ-ਉਪਦੇਸ਼। ਮੂਲਿਕ ਉਪਦੇਸ਼ ਇਹ ਹੈ ਕਿ ਹਰੀ ਕੀਰਤਨ ਗਾਵੋ। ਅੱਗੇ ਦਰਗਾਹ ਵਿਚ ਨਿਥਾਵੇਂ ਨੂੰ ਥਾਂ ਮਿਲਦੀ ਏ।

ਸਦਾ ਨਾਮ ਵਿਚ ਜੁੜੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ : **29.6.77**

ਪਾਤੀ ਮਿਲੀ। ਉਹ ਸੱਜਨ ਭੁਲੇਖੇ ਵਿਚ ਹਨ ਜੋ ਆਖਦੇ ਹਨ ਕਿ ਜੀਵ ਆਪ ਆਪਣੀ ਮਿਹਨਤ ਨਾਲ ਨਾਮ ਦੀ ਪ੍ਰਾਪਤੀ ਕਰ ਸਕਦਾ ਏ। ਨਾਮ ਬਖਸ਼ਿਸ਼ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ। ਇਹ ਗੱਲ ਗੁਰਬਾਣੀ ਫੁਰਮਾਉਂਦੀ ਏ :-

**ਪ੍ਰਭ ਕਿਰਪਾ ਤੇ ਹੋਇ ਪ੍ਰਗਾਸੁ ॥**
**ਪ੍ਰਭੂ ਦਇਆ ਤੇ ਕਮਲ ਬਿਗਾਸੁ ॥**
**ਪ੍ਰਭ ਸੁਪ੍ਰਸੰਨ ਬਸੈ ਮਨਿ ਸੋਇ ॥**
**ਪ੍ਰਭ ਦਇਆ ਤੇ ਮਤਿ ਊਤਮ ਹੋਇ ॥**
**ਸਰਬ ਨਿਧਾਨ ਪ੍ਰਭ ਤੇਰੀ ਮਇਆ ॥**
**ਆਪਹੁ ਕਛੂ ਨ ਕਿਨਹੂ ਲਇਆ ॥** *(ਪੰਨਾ ੨੭੧)*

ਨਾਮ ਦੀ ਘਾਲਨਾ ਗੁਰਬਾਣੀ ਦੀ ਕਮਾਈ ਏ, ਪ੍ਰਾਪਤੀ ਨਾਮ ਦੀ ਘਾਲਨਾ ਕਰਦੇ ਹੋਏ ਵੀ ਬਖਸ਼ਿਸ਼ ਨਾਲ ਹੁੰਦੀ ਏ, ਆਪਣੀ ਘਾਲ ਨਾਲ ਨਹੀਂ। ਕਾਮ, ਕ੍ਰੋਧ ਅਵੱਸ਼ ਚਲੇ ਜਾਂਦੇ ਨੇ। ਪਰ ਇਸ ਉਪਦੇਸ਼ ਦੀ ਕਮਾਈ ਨਾਲ।

**ਆਠ ਪਹਰ ਗੁਨ ਗਾਵਤ ਪ੍ਰਭ ਕੇ ਕਾਮ ਕ੍ਰੋਧ ਇਸੁ ਤਨ ਤੇ ਜਾਤ ॥੧॥**
*(ਪੰਨਾ ੮੨੦-੨੧)*

ਸੋ ਆਠ ਪਹਰ ਪ੍ਰਭੂ ਦੇ ਗੁਣਵਾਦ ਗਾਂਦੇ ਰਹਿਣਾ ਚਾਹੀਦਾ ਏ। ਅਵਸ਼ ਹੀ, ਇਹ ਮਹਾਂ ਬਿਖਾਧੀ, ਨਾਸ਼ ਹੋ ਜਾਂਦੇ ਨੇ।

ਤੁਹਾਡੇ ਤੇ ਕਿਰਪਾ ਹੋ ਰਹੀ ਹੈ। ਅੰਦਰ ਝਾਤੀ ਮਾਰ ਕੇ ਵੇਖ ਲਵੋ ਕਿ ਕਿੰਨਾ ਸ਼ਕੰਜਾ ਇਨ੍ਹਾਂ ਦਾ ਘੱਟ ਹੋ ਗਿਆ ਹੈ। ਤਾਂ ਤੇ ਲੱਗੇ ਰਹੋ। ਹੋਰ ਬਖਸ਼ਿਸ਼ਾਂ ਹੋਣਗੀਆਂ। ਰਾਹ ਤੇ ਟੁਰ ਪਏ ਹੋ ਤਾਂ ਟੁਰੀ ਚਲੋ।

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥** *(ਪੰਨਾ ੬੫੧)*

ਗੁਰਬਾਣੀ ਦੀ ਕਮਾਈ ਨਾਲ, ਪਈਆਂ ਝਸਾਂ ਛੱਡ ਜਾਂਦੀਆਂ ਹਨ ਤੇ ਮਨ ਅਡੋਲਤਾਈ ਫੜ ਲੈਂਦਾ ਹੈ, ਪਰ ਇਹ ਸਭ ਬਖਸ਼ਨਹਾਰ ਦੀ ਬਖਸ਼ਿਸ਼ ਤੇ ਨਿਰਭਰ ਹੈ। ਜ਼ੋਰ ਨਾਹੀ।

**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ**
**ਜਿਉ ਭਾਵੈ ਤਿਵੈ ਬਖਸਿ ॥** *(ਪੰਨਾ ੭੩੯)*

ਇਹ ਤੁਕ ਵੀ ਉਸ ਸੱਜਣ ਜੀ ਦੇ ਵੀਚਾਰ ਨੂੰ ਖੰਡਨ ਕਰਦੀ ਏ। ਨਾਮ ਦਾਤ ਹੈ, ਬਖਸ਼ਿਸ਼ ਹੈ, ਮਿਹਰ ਹੈ। ਜ਼ੋਰ ਨਹੀਂ ਚਲਦਾ। ਤਾਂ ਤੇ ਸਦਾ ਬਖਸ਼ਿਸ਼ ਲਈ ਤਰਲੇ, ਮਿੰਨਤਾਂ, ਜੋਦੜੀਆਂ, ਹਾੜੇ, ਨਿਹੋਰੇ, ਅਰਦਾਸਾਂ, ਅਰਜੋਈਆਂ, ਬੇਨਤੀਆਂ ਕਰਦੇ ਰਹਿਣਾ ਚਾਹੀਦਾ ਹੈ। ਹੋਰ ਕੋਈ ਰਾਹ ਨਹੀਂ।

ਸਦਾ ਮਿਹਰਾਂ ਲਈ ਅਰਦਾਸਿ ਕਰਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸਪਰੂਨ : 16.7.77*

ਤੁਹਾਡੇ ਪਾਸ ਰੱਬੀ ਬਾਣੀ ਹੈ। ਇਸ ਦਾ ਅਭਿਆਸ ਨਹੀਂ ਛੱਡਣਾ। ਰੋਜ਼ ਅਰਥਾਂ ਵਿਚ ਟਿਕ ਕੇ ਵੀਚਾਰ ਕਰਨੀ ਏ। ਤੇ ਅਮਲ ਕਰਨਾ ਏ। ਕਦੇ ਵੀ ਆਪਣੀ ਸੁਰਤਿ ਕਿਸੇ ਹੇਠਾਂ ਦਬੇਲ ਨਹੀਂ ਕਰਨੀ, ਸਣੇ ਮੇਰੇ। ਆਪਣੀ ਸੁਰਤਿ ਗੁਰਬਾਣੀ ਦੇ ਅਧੀਨ ਰੱਖਣੀ ਏ। ਸੁਖ ਮਿਲਸੀ । ਕਿਸੇ ਸ਼ਿਕਾਰੀ ਬਿਰਤੀ ਦੇ ਸ਼ਿਕਾਰ ਨਹੀਂ ਹੋਵੋਗੇ। ਇਸ ਗੱਲ ਨੂੰ ਠੱਠਾ ਸਮਝ ਕੇ ਸੁੱਟ ਨਹੀਂ ਦੇਣਾ ਜੀ। ਅਮਲ ਕਰਨਾ ਹੈ ਜੀ। ਫਲ ਬਹੁਤ ਹੀ ਮਿਲਸੀ, ਕਿਸੇ ਪਖੰਡੀ ਦੇ ਅੱਡੇ ਨਹੀਂ ਚੜ੍ਹੋਗੇ। ਗੁਰਬਾਣੀ ਦੇ ਹੁਕਮਾਂ ਤੇ ਟੁਰਨਾ ਹੀ ਨਾਮ ਦੀ ਕਮਾਈ ਏ। ਐਵੇਂ ਪਾਠ ਕਰੀ ਜਾਣਾ, ਮਾਲਾ ਫੇਰੀ ਜਾਣਾ, ਵਿਚਾਰ ਕਰੀ ਜਾਣੀ ਤੇ ਉਸ ਤੇ ਅਮਲ ਨਾ ਕਰਨਾ, ਕੀ ਲਾਭ ਦੇ ਸਕਦਾ ਏ? ਏਹ ਸਭ ਕਰਨਾ

ਮਨਮੱਤਿ ਏ। ਗੁਰਬਾਣੀ ਜੀਵਨ ਵਿਚ ਘਟਾਉਣ ਲਈ ਧੁਰੋਂ ਆਈ ਏ। ਕੇਵਲ ਪਾਠ ਤੇ ਵੀਚਾਰ ਤੇ ਬਹਿਸ ਮਾਤਰ ਨਹੀਂ।

**ਸੁਨਿ ਉਪਦੇਸੁ ਹਿਰਦੈ ਬਸਾਵਹੁ ॥**
**ਮਨ ਇਛੇ ਨਾਨਕ ਫਲ ਪਾਵਹੁ ॥** *(ਪੰਨਾ ੨੯੩)*

**ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥**
*(ਪੰਨਾ ੯੮੨*

**ਜਿਨਿ ਪੀਤੀ ਤਿਸੁ ਮੋਖ ਦੁਆਰ ॥** *(ਪੰਨਾ ੧੨੭੫)*

ਸਦਾ ਨਾਮ ਜਪਦੇ ਰਹੋ।

+ + +

ੴ ਸਤਿਗੁਰ ਪ੍ਰਸਾਦਿ।। *ਸਪਰੂਨ : 25.7.77*

ਪ੍ਰੇਮ ਪਾਤੀ ਪੁੱਜੀ। ਦਾਸ ਦੀ ਸਿਹਤ ਬਿਲਕੁਲ ਠੀਕ ਹੈ। ਆਪ ਦਾ ਅਨੁਭਵ ਸ਼ਬਦ ਦੇ ਆਧਾਰ ਤੇ ਬਿਲਕੁਲ ਸਹੀ ਸੀ। ਥੋੜ੍ਹਾ ਬਹੁਤਾ ਕਦੇ ਦੁੱਖ ਆਏ ਵੀ ਤਾਂ ਛੇਤੀ ਦੂਰ ਹੋ ਜਾਂਦਾ ਏ।

ਬੀਜ ਮੰਤਰ ਦੀ ਵਿਆਖਿਆ (Definition) ਕੀ ਹੈ ? ਉੱਤਰ ਇਹ ਪ੍ਰਮਾਣ ਬਖਸ਼ਦਾ ਹੈ ਕਿ :-

**ਬੀਜ ਮੰਤ੍ਰੁ ਹਰਿ ਕੀਰਤਨੁ ਗਾਉ ॥**
**ਆਗੈ ਮਿਲੀ ਨਿਥਾਵੇ ਥਾਉ ॥** *(ਪੰਨਾ ੮੯੧)*

ਸੋ ਬੀਜ ਮੰਤ੍ਰ ਦਾ ਅਰਥ ਹੈ, ਬੀਜ = ਮੂਲ । ਮੰਤ੍ਰ = ਉਪਦੇਸ਼ । ਮੂਲਿਕ ਉਪਦੇਸ਼ ਇਹ ਹੈ ਕਿ ਹਰੀ ਕੀਰਤਨ ਗਾਵੋ। ਅੱਗੇ ਦਰਗਾਹ ਵਿਚ ਨਿਥਾਵੇ ਨੂੰ ਥਾਂ ਮਿਲਦੀ ਹੈ।

ਸਦਾ ਨਾਮ ਵਿਚ ਜੁੜੇ ਰਹੋ।

+ + +

ੴ ਸਤਿਗੁਰ ਪ੍ਰਸਾਦਿ।। *ਸਪਰੂਨ : 22.12.77*

**ਜੀਵਨ ਦੇਵਾ ਪਾਰਬ੍ਰਹਮ ਸੇਵਾ**
**ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ ॥** *(ਪੰਨਾ ੬੭੮)*

ਭਾਵ ਅਰਥ - ਮਨੁੱਖ ਦੇਹ ਧਾਰਨ ਦਾ ਪ੍ਰਯੋਜਨ-ਕੇਵਲ ਪਾਰਬ੍ਰਹਮ ਵਿਚ ਲੀਨ ਹੋਣਾ ਏ। ਇਹ ਉਪਦੇਸ਼ ਗੁਰੂ ਅਰਜਨ ਸਾਹਿਬ ਜੀ ਫੁਰਮਾਉਂਦੇ ਨੇ।

**ਮਨ ਨਿਰਮਲ ਕਰਮ ਕਰਿ ਤਾਰਨ ਤਰਨ ਹਰਿ**
**ਅਵਰਿ ਜੰਜਾਲ ਤੇਰੈ ਕਾਹੂ ਨ ਕਾਮ ਜੀਉ ॥** *(ਪੰਨਾ ੬੭੮)*

ਪੁਨਾ :-

**ਜੀਵਨ ਦੇਵਾ ਪਾਰਬ੍ਰਹਮ ਸੇਵਾ ਇਹੁ ਉਪਦੇਸੁ ਮੋ ਕਉ ਗੁਰਿ ਦੀਨਾ ਜੀਉ ॥**
*(ਪੰਨਾ ੬੭੮)*

ਹੇ ਮਨ, ਨਿਰਮਲ ਕਰਮ ਕਰਿਆ ਕਰ, ਹਰੀ ਆਪ ਤਾਰਨਹਾਰ ਹੈ। ਨਾਮ ਤੋਂ ਬਿਨਾ ਹੋਰ ਸਭ ਜੰਜਾਲ ਹਨ, ਤੇਰੇ ਕਿਸੇ ਕੰਮ ਨਹੀਂ ਆਉਣੇ। ਫਿਰ ਸਾਨੂੰ ਕੀ ਸੋਭਦਾ ਏ। ਇਹ ਕਿ, ਗੁਰੂ ਪਾਤਸ਼ਾਹ ਦਾ ਹੁਕਮ ਮੰਨਦੇ ਹੋਏ, ਮੁਖ ਕਰਮ ਨਾਮ ਮਨ, ਬਚਨ, ਕਰਮ ਕਰਕੇ ਜਪਣਾ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸਪਰੂਨ : 8.5.78*

ਸਾਰੀ ਖੇਡ ਅੰਨ ਜਲ ਦੇ ਹੱਥ ਹੈ। ਜਿਥੇ ਦਾ ਅੰਨ ਜਲ ਛਕਣਾ ਹੈ, ਉੱਥੇ ਅਵੱਸ਼ ਹੀ ਢੋ-ਢੁਕ ਜਾਂਦਾ ਏ। ਇਸ ਵਿਚ ਸੰਦੇਹ ਨਹੀਂ।

**ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥**

*(ਪੰਨਾ ੬੫੩)*

ਸੋ ਪੁਰਸ਼ਾਰਥ ਅਵੱਸ਼ ਕਰੋ। ਕੋਈ ਹਰਜ਼ ਨਹੀਂ।

**ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ**
**ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ ॥**

*(ਪੰਨਾ ੮੭)*

ਇਹ ਮੁਹਾਵਰਾ ਹੈ। ਭਾਵ ਹੈ - ਉਸ ਗੁਰਮੁਖਿ ਦੀ ਸੰਗਤਿ ਨਾਲ, ਬੰਦਾ ਨਾਮ ਜਪਣ ਲੱਗ ਪੈਂਦਾ ਏ, ਤੇ ਮਾਇਆ ਨੂੰ ਤਰ ਜਾਂਦਾ ਏ। ਅਗਲੀ ਤੁਕ ਹੈ :-

**ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ ॥**
**ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ**
**ਸੇ ਅਸਥਿਰੁ ਜਗਿ ਰਹਿਆ ॥**

*(ਪੰਨਾ ੮੭)*

ਪਰ ਇਹ ਸ਼ਰਤ ਨਾਲ ਲੱਗੀ ਹੋਈ ਹੈ ਕਿ ਨਾਮ ਨੂੰ ਇਕ ਮਨ ਤੇ ਇਕ ਚਿਤ ਧਿਆਨ ਨਾਲ ਹੀ ਪਾਪੀ ਤਰੇਗਾ। ਨਹੀਂ ਤਾਂ :-

**ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥**
**ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥**

*(ਪੰਨਾ ੫੯੪)*

ਜੇ ਸਤਿਗੁਰ ਦੀ ਪਰਤੱਖ ਦੇਹ ਦੇ ਦਰਸ਼ਨ ਨਾਲ ਕੋਈ ਲਾਭ ਨਹੀਂ ਜਦ ਤਾਈਂ ਉਸ ਦੇ ਉਪਦੇਸ਼ ਨੂੰ ਨਾ ਕਮਾਈਏ, ਤਾਂ ਬਖਸ਼ੇ ਹੋਏ ਦੇ ਦਰਸ਼ਨ ਨਾਲ ਕੀ ਬਣਨਾ ਏ। ਜਦ ਤਾਈ ਬਖਸ਼ੇ ਦੇ ਨਾਲ ਬੈਠ ਕਰ, ਜਸ ਗਾਇਨ ਨਾ ਕੀਤੇ ਜਾਣ। ਜੇ ਹੋਰ ਵਿਸਥਾਰ ਦੀ ਲੋੜ ਹੋਵੇ ਤਾਂ ਲਿਖ ਕਰ ਪੁਛ ਲੈਣੀ।

**ਉਤਮ ਸਲੋਕ ਸਾਧ ਕੇ ਬਚਨ ॥**
**ਅਮੁਲੀਕ ਲਾਲ ਏਹਿ ਰਤਨ ॥**
**ਸੁਨਤ ਕਮਾਵਤ ਹੋਤ ਉਧਾਰ ॥**
**ਆਪਿ ਤਰੈ ਲੋਕਹ ਨਿਸਤਾਰ ॥** *(ਪੰਨਾ ੨੯੫)*

ਕੇਵਲ ਸਰੀਰਕ ਦਰਸ਼ਨ ਨਾਲ ਕੁਝ ਨਹੀਂ ਬਣਦਾ। ਤਾਂ ਤੇ ਅਸੀਂ ਗੁਰਬਾਣੀ ਅਨੁਸਾਰ ਬਖਸ਼ੇ ਹੋਇਆਂ ਦੀ ਸੰਗਤਿ ਵਿੱਚ ਬੈਠ ਕਰ ਹਰੀ ਜਸ ਗਾਈਏ ਤੇ ਹਰੀ ਜਸ ਦੀ ਵਿਚਾਰ ਕਰੀਏ।

**ਸਾਧਸੰਗਿ ਹਰਿ ਕੀਰਤਨੁ ਗਾਈਐ ॥**
**ਕਹੁ ਨਾਨਕ ਵਡਭਾਗੀ ਪਾਈਐ ॥** *(ਪੰਨਾ ੧੭੯)*

ਸਦਾ ਹਰੀ ਜਸ ਗਾਉਂਦੇ ਰਹੋ। ਇਹ ਹੀ ਅਰਦਾਸਿ ਹੈ ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸਪਰੂਨ : 1.8.78*

ਪ੍ਰੇਮ ਪਾਤੀ ਪੁੱਜੀ। ਨਵੇਂ ਸਿਰੇ ਸਾਰੇ ਟ੍ਰੈਕਟਾਂ ਦੀ ਸੁਧਾਈ ਤੇ ਲਿਖਾਈ ਨਿਰੰਕਾਰ ਸਿਰਜਨਹਾਰ, ਪਾਲਨਹਾਰ ਤੇ ਬਖਸ਼ਨਹਾਰ ਦੀ ਮਿਹਰ ਦਵਾਰਾ ਨਿਰਵਿਘਨ ਪੂਰੀ ਹੋ ਗਈ ਹੈ। Nerve strain ਜ਼ਰੂਰ ਪੈ ਗਿਆ ਹੈ, ਇਸ ਲਈ ਡੇਹਰਾਦੂਨ ਆਦਿ ਦੇ ਪ੍ਰੋਗਰਾਮ Postpone ਕਰਨੇ ਪਏ ਹਨ। ਆਸ ਹੈ, ਸਮਾਗਮ ਜੋ 24 ਸਤੰਬਰ ਤੋਂ 8 ਅਕਤੂਬਰ ਤੱਕ ਹੈ–ਤੋਂ ਪਹਿਲਾਂ ਪਹਿਲਾਂ Health ਬਿਲਕੁਲ Normal ਹੋ ਵੈਸੀ ਤੇ ਪੰਜ ਛੇ ਘੰਟੇ ਰੋਜ਼ਾਨਾ ਸਮਾਗਮ ਦੀ ਸੇਵਾ ਨਿਭ ਜਾਸੀ। ਹੁਣ ਅਗਸਤ ਵਿਚ ਸਿਹਤ ਠੀਕ ਕਰਨ ਦੇ ਕਾਰਣ, ਆਪ ਜੀ ਵੱਲ ਆਉਣਾ ਨਹੀਂ ਹੋ ਸਕੇਗਾ। ਹਾਲਾਂ ਤਾਂ ਤਾਰੀਖਾਂ ਵੀ ਮੁਕੱਰਰ ਨਹੀਂ ਹੋਈਆ ਹਨ।

ਨਾਮ ਹੀ ਪਰਮਾਤਮਾ ਹੈ–ਜੋ ਮਹਾਨ ਸ਼ਕਤੀ ਹੈ, ਸਿਰਜਨਹਾਰ ਹੈ, ਪਾਲਨਹਾਰ ਹੈ, ਬਖਸ਼ਨਹਾਰ ਹੈ, ਘਟ ਘਟ ਵਿਆਪਕ ਹੈ, ਸਰਬ ਸਮਰੱਥ ਹੈ, ਅਮਰ ਹੈ, ਨਿਰਵੈਰ ਹੈ, ਨਿਰਭਉ ਹੈ, ਅਜੂਨੀ ਹੈ, ਅਪਨੇ ਆਪ ਤੋਂ, ਨਿਰਬਿਕਾਰ ਹੈ, ਨਿਰਆਸਰੇ ਹੈ, ਅਕਾਰ ਤੋਂ ਰਹਿਤ ਹੈ। ਪ੍ਰਮਾਣ ਏਹ ਹੈ :–

**ਨਾਮ ਕੇ ਧਾਰੇ ਸਗਲੇ ਜੰਤ ॥**

**ਨਾਮ ਕੇ ਧਾਰੇ ਖੰਡ ਬ੍ਰਹਮੰਡ ॥**

**ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥**

**ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥**

**ਨਾਮ ਕੇ ਧਾਰੇ ਆਗਾਸ ਪਾਤਾਲ ॥**

**ਨਾਮ ਕੇ ਧਾਰੇ ਸਗਲ ਆਕਾਰ ॥**

**ਨਾਮ ਕੇ ਧਾਰੇ ਪੁਰੀਆ ਸਭ ਭਵਨ ॥**

**ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥**

*(ਪੰਨਾ ੨੮੪)*

**ਜੇਤਾ ਕੀਤਾ ਤੇਤਾ ਨਾਉ ॥**
**ਵਿਣੁ ਨਾਵੈ ਨਾਹੀ ਕੋ ਥਾਉ ॥** *(ਪੰਨਾ ੪)*

ਏਹ ਭੁਲੇਖਾ ਹੈ ਕਿ ਨਾਮ-ਪਰਮਾਤਮਾ ਨਹੀਂ।

ਦੁਬਾਰਾ ਬੇਨਤੀ ਹੈ ਕਿ ਸਮਾਗਮ ਤੇ ਆਪ ਮਏ .......... ਜ਼ਰੂਰ ਦਰਸ਼ਨ ਦੇਵੋ ਤੇ ਆਤਮਕ ਲਾਭ ਉਠਾਓ।

ਸਦਾ ਚੜ੍ਹਦੀਆਂ ਕਲਾਂ ਵਿਚ ਖੇਡੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸਪਰੂਨ : 20.7.79*

ਆਪ ਦੇ ਮਨ ਦੀ ਅਵਸਥਾ ਕੈਸੀ ਹੈ ?
ਮਨ ਦਾ ਧਾਵਨਾ, ਸ਼ਬਦ ਦੀ ਕਮਾਈ ਨਾਲ ਰੁਕਦਾ ਏ।

**ਏਹੁ ਮਨੁ ਮਾਇਆ ਮੋਹਿਆ ਅਉਧੂ ਨਿਕਸੈ ਸਬਦਿ ਵੀਚਾਰੀ ॥**

*( ਪੰਨਾ ੯੦੮)*

**ਗੁਰਿ ਕਹਿਆ ਸਾ ਕਾਰ ਕਮਾਵਹੁ॥ ਸਬਦੁ ਚੀਨਿ੍ ਸਹਜ ਘਰਿ ਆਵਹੁ॥**

*( ਪੰਨਾ ੮੩੨)*

**ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥**

*( ਪੰਨਾ ੪੬੯)*

ਸੋ ਗੁਰਬਾਣੀ ਦੀ ਸਮੁੱਚੀ ਕਮਾਈ ਹੀ ਫਲ ਦੇਂਦੀ ਹੈ। ਮਹਾਰਾਜ ਜੀ ਅੱਗੇ ਅਰਦਾਸਿ ਕਰੀਏ ਕਿ ਆਪਣੇ ਹੁਕਮਾਂ ਤੇ ਚਲਣ ਦਾ ਬਲ ਬਖਸ਼ਣ। ਹੋਰ ਕੋਈ ਪੇਸ਼

ਨਹੀਂ। ਸਦਾ ਹੀ ਉਸ ਸਿਰਜਨਹਾਰ, ਪਾਲਨਹਾਰ, ਬਖਸ਼ਨਹਾਰ ਦੀ ਸ਼ਰਨ ਵਿਚ ਟਿਕੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਲੁਧਿਆਣਾ : 5.4.79*

ਪ੍ਰੇਮ ਪਾਤੀ ਪੁੱਜੀ, ਖੁਸ਼ੀ ਹੋਈ।

ਇਸ ਵਿਚ ਸੰਦੇਹ ਨਹੀ ਕਿ ਮਨ ਰੂਪੀ Discharged ਬੈਟਰੀ ਸਤਿਸੰਗ ਵਿਚ ਚਾਰਜ ਹੋ ਜਾਂਦੀ ਏ। ਸਤਿਸੰਗ ਵਿਚ ਨਾਮ ਬਾਣੀ ਦ੍ਰਿੜਾਈ ਜਾਂਦੀ ਏ। ਸਤਿਸੰਗ ਇਕੋ ਰਾਹ ਹੈ। ਇਸ ਵਿਚ ਹੀ ਦ੍ਰਿੜਤਾ ਬੱਝਦੀ ਏ। ਜੇ ਮਨ ਨੂੰ ਢਹਿੰਦੀਆਂ ਕਲਾਂ ਵਿਚੋਂ ਕੱਢਣਾ ਹੈ ਤਾਂ ਹੋਰ ਕਿਤੇ ਨਹੀਂ ਨਿਕਲਦਾ, ਕੇਵਲ ਸਤਿਸੰਗ ਹੀ ਰਾਹ ਹੈ।

**ਸਤਸੰਗਤਿ ਕੈਸੀ ਜਾਣੀਐ ॥**
**ਜਿਥੈ ਏਕੋ ਨਾਮੁ ਵਖਾਣੀਐ ॥** *(ਪੰਨਾ ੭੨)*

ਐਸੀ ਸੰਗਤਿ ਭਾਗਾਂ ਨਾਲ ਹੀ ਲੱਭਦੀ ਹੈ। ਨਹੀਂ ਤਾਂ ਪਾਖੰਡ ਦੇ ਦਰਸ਼ਨ ਹੁੰਦੇ ਹਨ। ਉਲਟੀ ਮੈਲ ਚੜ੍ਹ ਜਾਂਦੀ ਏ। ਅਭਿਆਸ ਨਹੀਂ ਛੱਡਣਾ। ਮਹਾਰਾਜ ਜੀ ਦੀ ਹੀ ਕੇਵਲ ਟੇਕ ਰੱਖਣੀ ਏ। ਆਪਣੀ ਸੁਰਤਿ ਕੇਵਲ ਗੁਰਬਾਣੀ ਦੇ ਅਧੀਨ ਹੀ ਰੱਖਣੀ ਏ। ਕੋਈ ਕਿੰਨਾ ਹੀ ਵੱਡਾ ਹੋਵੇ, ਸਣੇ ਮੇਰੇ, ਉਸ ਦੇ ਹੇਠਾਂ ਸੁਰਤਿ ਦਬੇਲ ਨਹੀਂ ਕਰਨੀ। ਇਸ ਤਰ੍ਹਾਂ ਸੁਖ ਮਿਲਸੀ। ਸਾਡਾ ਗੁਰੂ ਕੇਵਲ ਗੁਰਬਾਣੀ ਹੈ। ਇਸ ਅਨੁਸਾਰ ਜੀਵਨ ਬਿਤਾਉਣ ਨਾਲ ਆਤਮਕ ਤੇ ਹੋਰ ਸਾਰੇ ਸੁਖ ਮਿਲਦੇ ਹਨ।

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸੋਲਨ : 28.4.79*

ਭਾਈ ਸਹਿਬ ਦਇਆ ਸਿੰਘ ਜੀ ਦਿੱਲੀ ਵਾਲੇ ਚਲਾਣਾ 19 ਅਪ੍ਰੈਲ ਨੂੰ Heart Failure ਨਾਲ ਕਰ ਗਏ ਹਨ।

ਆਪਣੀ ਚੰਗੀ ਨਿਭਾ ਗਏ ਹਨ। ਸਿਦਕ ਤੇ ਭਰੋਸੇ ਵਾਲੇ ਗੁਰਮੁਖਿ ਸਨ। ਮੌਤ ਦਾ ਕੀ ਭਰੋਸਾ ਕਿ ਕਦ ਆ ਜਾਏ ? ਤਾਂ ਤੇ ਨਾਮ ਬਾਣੀ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣਾ ਹੀ ਚਾਹੀਦਾ ਏ। ਮਾਨੁੱਖਾ ਦੇਹੀ ਬਾਰ ਬਾਰ ਨਹੀਂ ਲੱਝਦੀ ਏ।

ਸਾਮਾਨ ਸੌ ਬਰਸ ਕਾ, ਇਕ ਪਲ ਕੀ ਖਬਰ ਨਹੀਂ।

**ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥**
**ਤਨੁ ਧਨੁ ਹੋਸੀ ਛਾਰੁ ਜਾਣੈ ਕੋਇ ਜਨੁ ॥** *(ਪੰਨਾ ੩੨੨)*

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥** *(ਪੰਨਾ ੧੨)*

ਬਾਕੀ ਧੰਧਾ ਪਿਟਨ ਵਾਲੀਆਂ ਗੱਲਾਂ ਹਨ।
ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸੋਲਨ : 5.5.79*

ਬੜੀ ਪ੍ਰਸੰਨਤਾ ਹੋਈ ਜੋ ਆਪ ਦੇ ਮਨ ਦੀ ਅਵਸਥਾ ਸ਼ੁਕਰਾਨੇ ਵਿਚ ਹੈ।

**ਦੁਖੁ ਦਾਰੂ ਸੁਖੁ ਰੋਗੁ ਭਇਆ** *(ਪੰਨਾ ੪੬੯)*

ਜਦ ਮਨ ਨੂੰ ਕੋਈ ਦੁੱਖ ਆ ਪੈਂਦਾ ਹੈ ਤਾਂ ਮਨ ਰੱਬ ਨੂੰ ਚੇਤੇ ਕਰਦਾ ਹੈ। ਸਿੱਟਾ ਇਹ ਮਿਲਦਾ ਏ ਕਿ ਮਨ ਸੁਖੀ ਹੋ ਜਾਂਦਾ ਏ। ਇਸ ਦੇ ਉਲਟ, ਸੁਖ ਵਿਚ ਮਨ ਰੱਬ ਨੂੰ ਭੁੱਲ ਜਾਂਦਾ ਏ ਤੇ ਦੁਖੀ ਹੁੰਦਾ ਏ। ਬਾਵਜੂਦ ਗਰੰਟੀ ਦੇਣ ਤੇ ਵੀ ਆਪ ਜੀ ਦਾ ਮਨ ਭਰਮ ਤੇ ਡਰ ਵਿਚ ਡਾਵਾਂ ਡੋਲ ਪੰਜ ਮਹੀਨੇ ਰਹਿਆ। ਆਪ ਨੇ ਇਸ ਸਮੇਂ ਨਾਮ ਬਾਣੀ ਦਾ ਅਭਿਆਸ ਕੀਤਾ, ਦਿਲੋਂ ਕੀਤਾ। ਲਾਭ ਹੋਇਆ। ਸ੍ਰੀ ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਜੋ ਕਸ਼ਟ ਵੇਲੇ ਸਿਮਰਨ ਕਰਦਾ ਏ, ਜੇ ਐਸਾ ਸਿਮਰਨ ਨਿਤ ਕਰੀਏ ਤਾਂ ਜਮਾਂ ਦੀ ਪੁਰੀ ਨਹੀਂ ਜਾਈਦਾ। ਮੁਕਤੀ ਮਿਲ ਜਾਂਦੀ ਏ। ਇਸ ਵਿਚ ਰੰਚਕ ਸੰਦੇਹ ਨਹੀਂ ਹੈ ਤਾਂ ਤੇ ਸਦਾ ਹੀ ਨਾਮ ਬਾਣੀ ਵਿਚ ਦਿਲੋ ਲੱਗੇ ਰਹਿਣਾ ਚਾਹੀਦਾ ਏ।

ਸਦਾ ਜੁੜੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਸੋਲਨ : 7.5.79*

ਆਪ ਜੀ ਤੇ ਨਿਰੰਕਾਰ, ਸਿਰਜਨਹਾਰ, ਪਾਲਨਹਾਰ ਤੇ ਬਖਸ਼ਨਹਾਰ ਦੀ ਬੜੀ ਮੇਹਰ ਹੈ। ਨਾਮ ਬਾਣੀ ਦਾ ਅਭਿਆਸ ਜਿਵੇਂ ਹੁਣ ਕਰ ਰਹੇ ਹੋ, ਕਰਦੇ ਰਹੋ। ਹੋਰ ਵਧੇਰੇ ਬਖਸ਼ਿਸ਼ਾਂ ਹੋਣਗੀਆਂ। ਇਹ ਗੱਲ ਐਵੇ ਨਹੀਂ ਲਿਖੀ ਹੈ। ਹੁਕਮ ਹੈ ਕਿ :-

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ**
**ਇਹੁ ਬਿਰਦੁ ਸੁਆਮੀ ਸੰਦਾ ॥** *(ਪੰਨਾ ੫੪੪)*

ਅਰਥ ਇਹ ਹੈ ਕਿ ਜੋ ਉਸ ਪ੍ਰਭੂ ਦੀ ਸ਼ਰਨ ਆਉਂਦਾ ਏ, ਪ੍ਰਭੂ ਉਸ ਨੂੰ ਗਲੇ ਲਾਉਂਦੇ ਹਨ। ਇਹ ਉਸ ਦਾ ਸੁਭਾਉ ਹੈ। ਰਾਹ, ਪ੍ਰਭੂ ਜੀ ਨੇ ਬਖਸ਼ ਦਿੱਤਾ ਹੈ। ਬੜੀ ਅਪਾਰ ਕਿਰਪਾ ਕੀਤੀ ਏ। ਹੁਣ ਰਾਹ ਤੇ ਟੁਰਨਾ ਸਾਡਾ ਫਰਜ਼ ਏ। ਤਾਂ ਤੇ ਟੁਰਦੇ ਚਲੀਏ, ਹੋਰ ਵਧੇਰੇ ਬਖਸ਼ਿਸ਼ਾਂ ਹੋਸਨ। ਦਾਸ ਦੀ ਇਹ ਬਿਨੈ ਹੈ ਕਿ ਆਪਣੀ ਬ੍ਰਿਤੀ, ਕੇਵਲ ਨਿਰੰਕਾਰ ਜੀ ਦੇ ਹੇਠਾਂ ਹੀ ਰੱਖਣੀ ਏ। ਨਿਰੰਕਾਰ ਜੀ ਦੀ ਬਾਣੀ ਹੇਠਾਂ ਅਪਨੀ ਸੁਰਤਿ ਦਬੇਲ ਕਰਨੀ ਏ। ਹੋਰ ਕਿਸੇ ਦੇ ਹੇਠਾਂ ਨਹੀਂ ਲਿਆਉਣੀ, ਬਮਏ ਮੇਰੇ। ਫਿਰ ਸੁਖ ਹੀ ਸੁਖ ਹੈ। ਗੁਰਬਾਣੀ ਦਾ ਪਾਠ ਵਿਚਾਰ ਕਰਕੇ, ਉਸ ਅਨੁਸਾਰ ਜੀਵਨ ਢਾਲਨਾ ਏ। ਗੁਰੂ ਸ਼ਬਦ ਦੀ ਕਮਾਈ ਕਰਨੀ ਏ। ਸਾਸ, ਸਾਸ ਉਸ ਦੀ ਯਾਦ ਵਿਚ ਤੇ ਹਜ਼ੂਰੀ ਵਿਚ ਰਹਿਣਾ ਏ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਕਨੇਡਾ : 17.7.79*

ਟੇਕ ਇਕ ਅਕਾਲ ਪੁਰਖ ਦੀ, ਪਰਚਾ ਨਾਮ ਦਾ, ਪ੍ਰੀਤੀ ਵਾਹਿਗੁਰੂ ਦੀ ਤੇ ਕਮਾਈ ਗੁਰੂ ਸ਼ਬਦ ਦੀ। ਗੁਰੂ ਸ਼ਬਦ ਨੂੰ ਗੁਰੂ ਮੰਨਣਾ। ਸੰਗਤਿ ਬਖਿਸ਼ਆਂ ਹੋਇਆ ਦੀ। ਬ੍ਰਿਤੀ ਕੇਵਲ ਗੁਰਬਾਣੀ ਹੇਠ ਰੱਖਣੀ ਏ, ਕਿਸੇ ਵਿਅਕਤੀ ਦੇ ਹੇਠਾਂ ਨਹੀਂ।

ਇੰਜ ਕਰਨ ਨਾਲ ਸਦਾ ਖੇੜਾ ਮਿਲਦਾ ਏ, ਦੁੱਖ ਨਹੀਂ ਹੁੰਦਾ।

ਸਦਾ ਖੇੜੇ ਵਿਚ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਕਨੇਡਾ : 22.7.79*

ਇਹ ਗੱਲ ਚੇਤੇ ਰੱਖਣੀ ਏ ਕਿ ਨਾਮ ਬਿਨਾਂ ਸਭ ਦੁਨੀਆਦਾਰੀ ਧੰਦੇਬਾਜ਼ੀ ਏ। ਕੋਈ ਕਿਸੇ ਦਾ ਨਹੀਂ, ਸਭ ਸਾਕ ਸੈਨ ਮਤਲਬੀ ਹੁੰਦੇ ਹਨ। ਤਾਂ ਤੇ ਇਨ੍ਹਾਂ ਦੀ

ਟੇਕ ਨਹੀਂ ਰੱਖਣੀ। ਇਨ੍ਹਾਂ ਨਾਲ ਮੋਹ ਨਹੀਂ ਪਾਉਣਾ। ਕੇਵਲ ਉਤੋਂ ਉੱਤੋਂ ਵਿਉਹਾਰ ਕਰਨਾ ਏ। ਇੰਜ ਕਰਨ ਨਾਲ ਸੁਖ ਮਿਲਸੀ। ਇਸ ਤੁਕ ਨੂੰ ਅਮਲ ਵਿਚ ਲਿਆਉਣਾ ਹੈ ਕਿ **ਕੋ ਕਾਹੂ ਕੋ ਨਾਹੀ ॥** *(ਪੰਨਾ 634)* **ਜਗਤ ਮੈ ਝੂਠੀ ਦੇਖੀ ਪ੍ਰੀਤਿ ॥** (ਪੰਨਾ 536) ਆਪਣੀਆਂ ਬ੍ਰਿਤੀਆਂ ਨੂੰ ਕੇਵਲ ਗੁਰਬਾਣੀ ਦੇ ਅਧੀਨ ਰੱਖਣਾ ਏ। ਕਿਸੇ ਵਿਅਕਤੀ ਹੇਠਾਂ ਨਹੀਂ-ਇਸ ਵਿਚ ਮੈਂ ਵੀ ਸ਼ਾਮਲ ਹਾਂ। ਗੁਰਬਾਣੀ ਦਾ ਅਭਿਆਸ ਨਹੀਂ ਛੱਡਣਾ। ਬਾਣੀ ਅਨੁਸਾਰ ਜੀਵਨ ਢਾਲਨਾ ਏ।

ਸਦਾ ਸਾਰੇ ਸੁਖੀ ਵਸੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਲੁਧਿਆਣਾ : 13.12.79*

ਆਪ ਦੀ ਪਾਤੀ 5/12 ਦੀ ਲਿਖੀ ਹੋਈ ਏਥੇ 11/12 ਨੂੰ ਮਿਲੀ। ਮੇਰਾ ਪ੍ਰੋਗਰਾਮ ਏਥੇ 15/12 ਤਾਈਂ ਹੈ। 16/12 ਨੂੰ ਅੱਖ ਦੇ ਅਪਰੇਸ਼ਨ ਲਈ ਪਟਿਆਲੇ ਜਾ ਰਹੇ ਹਾਂ। ਮੋਤੀਆ ਬਿੰਦ ਦਾ ਅਪਰੇਸ਼ਨ ਦੂਜੀ ਅੱਖ ਦਾ ਹੋਣਾ ਏ। ਉਥੇ ਘਟੋ ਘਟ ਪੰਦਰਾਂ ਦਿਨ ਰੱਖਣਗੇ, ਜੈਸਾ ਕਿ ਪਹਿਲੀ ਅੱਖ ਵੇਲੇ ਰੱਖਿਆ ਸੀ। ਜਨਵਰੀ ਦੇ ਪਹਿਲੇ ਹਫਤੇ ਸੋਲਨ ਜਾਵਾਂਗੇ। ਦੋ ਮਹੀਨੇ ਫਿਰ ਕੀਰਤਨ ਨਹੀਂ ਕਰਨ ਦਿੰਦੇ ਤਾਂ ਕਿ ਅੱਖ ਤੇ ਅਸਰ ਨਾ ਪਏ। ਸੋ ਜਨਵਰੀ ਤੇ ਫਰਵਰੀ ਪੂਰਾ ਆਰਾਮ ਕਰਾਂਗੇ। ਇਸ ਮਗਰੋਂ ਅਗਲੇ ਪ੍ਰੋਗਰਾਮ ਲਿਖਾਂਗੇ।

**ਸੁਣਿ ਮੂਰਖ ਮੰਨ ਅਜਾਣਾ ॥**
**ਹੋਗੁ ਤਿਸੈ ਕਾ ਭਾਣਾ ॥** *(ਪੰਨਾ ੧੫੫)*

ਜੇ ਕੋਈ ਇਸ ਸਚਾਈ ਨੂੰ ਜੀਵਨ ਵਿਚ ਘਟਾ ਲਏ ਤਾਂ ਬੇੜਾ ਪਾਰ ਹੈ। ਕਿਸ ਵਿਚੋਂ ? ਮਾਇਆ ਦੇ ਸਮੁੰਦਰ ਵਿਚੋਂ, ਇਹ ਕਿਉਂ ? ਇਸ ਲਈ ਕਿ :-

**ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥** *(ਪੰਨਾ ੪੬੯)*

ਤਾਂ ਤੇ ਸਦਾ ਹੀ ਚੇਤੇ ਰਖੀਏ ਕਿ :-

**ਜੋ ਤਿਸੁ ਭਾਵੈ ਸੋਈ ਕਰਸੀ ਫਿਰਿ ਹੁਕਮੁ ਨ ਕਰਣਾ ਜਾਈ ॥**
*( ਪੰਨਾ ੯)*

ਇਹ ਹੈ ਨਾਮ ਦੀ ਕਮਾਈ। ਤੁਸੀਂ ਵੱਡੇ ਭਾਗਾਂ ਵਾਲੇ ਹੋ। ਮਹਾਰਾਜ ਜੀ ਨੇ ਬਖਸ਼ਿਸ਼ ਕਰੀ ਹੋਈ ਏ। ਹੁਣ ਲੱਗੇ ਰਹੋ। ਜਿਉਂ ਜਿਉਂ ਅਧਿਕ ਨਾਮ ਬਾਣੀ ਦੀ ਕਮਾਈ ਕਰਦੇ ਰਹੋਗੇ ਤਿਉਂ ਤਿਉਂ ਮਨ ਦਾ ਟਿਕਾਓ ਵਧਦਾ ਜਾਸੀ। ਇਸ ਵਿਚ ਸ਼ਕ ਨਹੀਂ।

ਸਾਡੇ ਦੋਹਾਂ ਵਲੋਂ ਆਪ ਜੀ ਨੂੰ, ਬੀਬੀ ਜੀ ਨੂੰ, ਦੋਵੇਂ ਬੱਚੀਆਂ ਨੂੰ ਗੁਰ ਫਤਹਿ ਤੇ ਪਿਆਰ।

ਸਦਾ ਚੜ੍ਹਦੀਆਂ ਕਲਾਂ ਵਿਚ ਖੇਡੋ।

✦ ✦ ✦

ੴ ਸਤਿਗੁਰ ਪ੍ਰਸਾਦਿ।। ਸਪਰੂਨ *: 14.1.80*

**ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ ॥**
**ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ॥** *( ਪੰਨਾ ੧੪੦)*

ਤਾਂ ਤੇ ਦਿਲ ਸਾਫ ਨਾਲ ਮੁਖੋਂ ਨਾਮ ਲੈਣਾ ਚਾਹੀਦਾ ਹੈ, ਹੋਰ ਸਭ ਝੂਠੇ ਅਮਲ ਹਨ ਤੇ ਦੁਨੀਆਂ ਦੇ ਦਿਖਾਵੇ ਹਨ। ਅਮਲਾਂ ਨਾਲ ਨਾਮ ਜਪਿਆਂ ਫਲੀ-ਭੂਤ ਹੁੰਦਾ ਏ, ਉਂਜ ਨਹੀਂ। ਤਾਂ ਗੁਰਬਾਣੀ ਅਨੁਸਾਰ ਜੀਵਨ ਢਾਲੀਏ ਤੇ ਨਾਮ ਜਪੀਏ। ਫਲ ਮਿਲਦਾ ਏ।

ਸਦਾ ਨਾਮ ਜਪਦੇ ਰਹੋ।

✦ ✦ ✦

ੴ ਸਤਿਗੁਰ ਪ੍ਰਸਾਦਿ।। *ਕਨੇਡਾ : 7.2.80*

ਨਾਮ ਬਾਣੀ ਦਾ ਲੜ ਨਾ ਛੱਡਣਾ। ਇਹ ਹੀ ਸਾਡੀ ਪੂੰਜੀ ਰਾਸ ਹੈ। ਇਹ ਗਈ ਤਾਂ ਸਭ ਕਿਛ ਗਇਆ। ਨਿਤਨੇਮ, ਕੀਰਤਨ ਰੋਜ਼ ਕਰਨਾ ਏ।

ਸੁਖ ਮਿਲਸੀ।

\+ + +

ਇਹ ਪੁਸਤਕ ਗੁਰਮੱਤਿ ਦੇ ਪ੍ਰਚਾਰ ਵਾਸਤੇ ਸੰਗਤਾਂ ਨੂੰ ਮੁਫਤ ਭੇਟਾ ਕਰਨ ਲਈ ਛਪਾਈ ਗਈ ਹੈ। ਕੋਈ ਵੀ ਵਿਅਕਤੀ, ਸੰਸਥਾ, ਸੁਸਾਇਟੀ, ਟਰਸਟ, ਸਭਾ, ਗੁਰਦੁਆਰਾ ਆਦਿ ਇਹ ਪੁਸਤਕ ਛਪਵਾ ਕੇ ਸੰਗਤਾਂ ਨੂੰ ਮੁਫਤ ਭੇਟਾ ਕਰਨਾ ਚਾਹੁਣ ਤਾਂ ਦਾਸ ਨੂੰ ਕੋਈ ਇਤਰਾਜ਼ ਨਹੀਂ ਹੈ। ਸਗੋਂ ਐਸਾ ਕਰਨ ਵਾਲਿਆਂ ਦਾ ਦਾਸ ਧੰਨਵਾਦੀ ਹੋਵੇਗਾ। ਕਿਸੇ ਨੂੰ ਵੀ ਇਹ ਪੁਸਤਕ ਮੁਲ ਵੇਚਣ ਦੀ ਆਗਿਆ ਨਹੀਂ ਹੈ ਜੀ।

ਅਗਰ ਆਪ ਜੀ ਇਹ ਪੁਸਤਕ ਖੁਦ ਛਪਵਾ ਕੇ ਸੰਗਤਿ ਵਿਚ ਨਾ ਵੰਡ ਸਕੋ, ਪਰ ਇਸ ਕੰਮ ਵਿੱਚ ਸਹਿਯੋਗ ਦੇਣਾ ਚਾਹੋ, ਤਾਂ ਆਪ ਨੇ ਸ੍ਵੈ ਇਛਾ ਅਨੁਸਾਰ ਮਾਇਆ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨੀ ਜੀ। ਤੁਸੀਂ ਮਾਇਆ ਸਿਧੀ ਮੇਰੇ ਅਕਾਂਊਟ ਨੰਬਰ **DCSB–000010364**, ਕੇਨਰਾ ਬੈਕ, ਸੈਕਟਰ ਨੰਬਰ–35, ਚੰਡੀਗੜ (ਭਾਰਤ) ਵਿਚ Electronically ਵੀ ਭੇਜ ਸਕਦੇ ਹੋ ਜੀ।


ਸਤਿਗੁਰ ਸੇਵਕ

**ਬਲਜੀਤ ਸਿੰਘ**

ਆਈ. ਪੀ. ਐਸ. (ਰਿਟਾ.)

ੴ ਸਤਿਸੰਗ

1119, ਫੇਜ਼–1, ਅਰਬਨ ਅਸਟੇਟ, ਜਲੰਧਰ–144022

E-mail : ikoankarsatsang@rediffmail.com

Website : www.ikoankarsatsang.com

Ph. : 98152-79600